ਅਧਿਆਇ 4

# ਯਿਸੂ ਦੇ ਦ੍ਰਿਸ਼ਟਾਂਤ

ਮਰਕੁਸ ਵਿਚ 4 ਅਤੇ 13 ਦੇ ਸਿਰਫ਼ ਦੋ ਅਧਿਆਇਆਂ ਵਿਚ ਯਿਸੂ ਦੀਆਂ ਸਿੱਖਿਆਵਾਂ ਵਿਚ ਧਿਆਨ ਦਿੱਤਾ ਗਿਆ ਹੈ। ਅਧਿਆਇ 13 ਇਕਾਂਤ ਵਿਚ ਚੇਲਿਆਂ ਨੂੰ ਸਿਖਾਉਣ ਤੇ ਧਿਆਨ ਦਿੰਦਾ ਹੈ ਜਦਕਿ ਅਧਿਆਇ 4 ਉਸ ਦੇ ਆਮ ਲੋਕਾਂ ਵਿਚ ਸਿੱਖਿਆ ਦੇਣ ਦੇ ਨਮੂਨੇ ਦਿੰਦਾ ਹੈ।[1] ਇਸ ਅਧਿਆਇ ਵਿਚ ਬੀਜਣ ਵਾਲੇ, ਟੋਪੇ ਹੇਠ ਦੀਵੇ, ਉੱਗਣ ਵਾਲੇ ਬੀ ਅਤੇ ਰਾਈ ਦੇ ਦਾਣੇ ਦੇ ਉਸ ਦੇ ਦ੍ਰਿਸ਼ਟਾਂਤ ਹਨ।

ਨਵੇਂ ਨੇਮ ਵਿਚ ਦ੍ਰਿਸ਼ਟਾਂਤਾਂ ਦੀ ਵਰਤੋਂ ਸਿਰਫ਼ ਯਿਸੂ ਨੇ ਕੀਤੀ।[2] ਮਹਾਨ ਉੱਤਮ ਗੁਰੂ ਦੇ ਰੂਪ ਵਿਚ, ਉਸ ਨੇ ਦ੍ਰਿਸ਼ਟਾਂਤਾਂ ਦੀ ਵਰਤੋਂ ਇਸ ਤਰੀਕੇ ਨਾਲ ਕੀਤੀ ਜਿਵੇਂ ਕਿਸੇ ਹੋਰ ਨੇ ਨਹੀਂ ਕੀਤੀ ਹੈ। ਜ਼ਬੂਰ 78:2 ਵਿਚ ਇਸ ਤਰੀਕੇ ਦੀ ਨਬੂਵਤ ''ਪੁਰਾਣਿਆਂ ਸਮਿਆਂ ਦੀਆਂ ਬੁਝਾਰਤਾਂ'' ਦੇ ਰੂਪ ਵਿਚ ਕੀਤੀ ਗਈ ਸੀ ਅਤੇ ਮੱਤੀ 13:34, 35 ਵਿਚ ਯਿਸੂ ਨੇ ਕਿਹਾ ਕਿ ਇਹ ਨਬੂਵਤ ਪੂਰੀ ਹੋ ਰਹੀ ਸੀ। ਉਹਨੇ ਜਾਣ-ਬੁੱਝ ਕੇ ਇਨ੍ਹਾਂ ਬੇਪਰਵਾਹ ਅਤੇ ਉਦਾਸੀਨ ਸੁਣਨ ਵਾਲਿਆਂ ਤੋਂ ਆਪਣੇ ਸੰਦੇਸ਼ਾਂ ਨੂੰ ਲੁਕਾਇਆ। ਉਸ ਦੇ ਦ੍ਰਿਸ਼ਟਾਂਤ ਸਿਰਫ਼ ਆਮ ਕੰਮਾਂ ਦੀਆਂ ਕਹਾਣੀਆਂ ਨਹੀਂ ਹੁੰਦੇ ਸਨ। ਉਹਦੇ ਚੇਲਿਆਂ ਨੇ ਜਦੋਂ ਪੁੱਛਿਆ ਕਿ ਉਨ੍ਹਾਂ ਦਾ ਕੀ ਮਤਲਬ ਹੈ ਤਾਂ ਉਹਨੇ ਉਨ੍ਹਾਂ ਨੂੰ ਉਨ੍ਹਾਂ ਦੇ ਮਤਲਬ ਸਮਝਾਏ (ਮੱਤੀ 13:36-52)। ਸੁਣਨ ਵਾਲਾ ਉਨ੍ਹਾਂ ਦੇ ਅਰਥਾਂ ਨੂੰ ਸਮਝਣ ਲਈ ਥੋੜ੍ਹੀ ਦੇਰ ਤਕ ਉਨ੍ਹਾਂ ਉੱਤੇ ਵਿਚਾਰ ਕਰਨ ਤੇ ਉਨ੍ਹਾਂ ਦੇ ਡੂੰਘੇ ਵਿਚਾਰਾਂ ਨੂੰ ਸਮਝ ਸਕਦਾ ਹੈ।

## ਬੀਜਣ ਵਾਲੇ ਦਾ ਦ੍ਰਿਸ਼ਟਾਂਤ (4:1-9)[3]

**1ਉਹ ਫੇਰ ਝੀਲ ਦੇ ਕੰਢੇ ਉਪਦੇਸ਼ ਦੇਣ ਲੱਗਾ ਅਰ ਇੱਕ ਐਡੀ ਭੀੜ ਉਹਦੇ ਕੋਲ ਇਕੱਠੀ
ਹੋਈ ਜੋ ਉਹ ਝੀਲ ਵਿੱਚ ਇੱਕ ਬੇੜੀ ਉੱਤੇ ਚੜ੍ਹ ਬੈਠਾ ਅਰ ਸਾਰੀ ਭੀੜ ਝੀਲ ਦੇ ਕੰਢੇ ਧਰਤੀ ਉੱਤੇ
ਰਹੀ 2ਤੇ ਉਸ ਨੇ ਉਨ੍ਹਾਂ ਨੂੰ ਦ੍ਰਿਸ਼ਟਾਂਤਾਂ ਵਿੱਚ ਬਹੁਤ ਸਾਰੀਆਂ ਗੱਲਾਂ ਦਾ ਉਪਦੇਸ਼ ਦਿੱਤਾ ਅਰ ਆਪਣੇ
ਉਪਦੇਸ਼ ਵਿਚ ਉਨ੍ਹਾਂ ਨੂੰ ਕਿਹਾ 3ਸੁਣੋ! ਵੇਖੋ, ਇੱਕ ਬੀਜਣ ਵਾਲਾ ਬੀਜਣ ਨੂੰ ਨਿੱਕਲਿਆ 4ਅਤੇ ਐਉਂ
ਹੋਇਆ ਕਿ ਉਹਦੇ ਬੀਜਦਿਆਂ ਕੁਝ ਪਹੇ ਵੱਲ ਕਿਰ ਪਿਆ ਅਤੇ ਪੰਛੀ ਆਣ ਕੇ ਉਹਨੂੰ ਚੁਗ ਗਏ
5ਅਰ ਕੁਝ ਪਥਰੀਲੀ ਜ਼ਮੀਨ ਵਿੱਚ ਕਿਰਿਆ ਜਿੱਥੇ ਉਹਨੂੰ ਬਹੁਤੀ ਮਿੱਟੀ ਨਾ ਮਿਲੀ ਅਤੇ ਡੂੰਘੀ ਮਿੱਟੀ
ਨਾ ਮਿਲਨ ਕਰਕੇ ਉਹ ਛੇਤੀ ਉੱਗ ਪਿਆ 6ਅਤੇ ਜਾਂ ਸੂਰਜ ਚੜ੍ਹਿਆ ਤਾਂ ਕੁਮਲਾ ਗਿਆ ਅਰ ਜੜ੍ਹ
ਨਾ ਫੜ੍ਹਨ ਦੇ ਕਾਰਣ ਸੁੱਕ ਗਿਆ 7ਅਤੇ ਕੁਝ ਕੰਡਿਆਲਿਆਂ ਵਿੱਚ ਕਿਰਿਆ ਅਤੇ ਕੰਡਿਆਲਿਆਂ ਨੇ
ਵਧ ਕੇ ਉਹਨੂੰ ਦਬਾ ਲਿਆ ਅਤੇ ਉਹ ਨਾ ਫਲਿਆ 8ਅਰ ਕੁਝ ਚੰਗੀ ਜ਼ਮੀਨ ਵਿੱਚ ਕਿਰਿਆ ਅਤੇ
ਉੱਗਦਿਆਂ ਵਧਦਿਆਂ ਫਲਿਆ, ਕੁਝ ਤੀਹ ਗੁਣਾ, ਕੁਝ ਸੱਠ ਗੁਣਾ, ਕੁਝ ਸੌ ਗੁਣਾ ਦਿੱਤਾ 9ਫੇਰ ਉਹ
ਨੇ ਕਿਹਾ, ਜਿਹ ਦੇ ਸੁਣਨ ਦੇ ਕੰਨ ਹੋਣ ਉਹ ਸੁਣੇ।**

**ਆਇਤ 1.** ਯਿਸੂ ਵੱਲੋਂ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੇ ਜਾਣ ਦਾ ਇਕ ਕਾਰਣ ਇਹ ਹੋ ਸਕਦਾ ਹੈ ਕਿ ਲੋਕਾਂ ਦੀ **ਐਡੀ ਭੀੜ** ਹੋ ਗਈ ਸੀ। ਯਿਸੂ ਨੂੰ ਸੁਣਨ ਲਈ ਦਰਵਾਜ਼ੇ ਵਿੱਚੋਂ ਦੀ ਆਉਣ ਦੀ

ਕੋਸ਼ਿਸ਼ ਕਰਨ ਵਾਲਿਆਂ ਨੂੰ ਜਿੱਥੇ ਪਹਿਲਾਂ ਸਿਰਫ਼ ''ਐਨੇ ਲੋਕ'' ਕਿਹਾ ਗਿਆ ਹੈ (2:2; ਵੇਖੋ 2:15), ਉੱਥੇ ਹੀ ਹੁਣ ਉਸ ਦੇ ਮਗਰ ਆਉਣ ਵਾਲੀ ਭੀੜ ਐਨੀ ਵਧ ਗਈ ਸੀ ਕਿ **ਉਹ ਝੀਲ ਵਿੱਚ ਇੱਕ ਬੇੜੀ ਉੱਤੇ ਚੜ੍ਹ ਬੈਠਾ ਅਰ ਸਾਰੀ ਭੀੜ ਝੀਲ ਦੇ ਕੰਢੇ ਧਰਤੀ ਉੱਤੇ ਰਹੀ।** ਵੱਡੀ ਭੀੜ ਦੇ ਸੁਣਨ ਅਤੇ ਸਮਝਣ ਵਿਚ, ਖ਼ਾਸ ਤੌਰ ਤੇ ਜਿਨ੍ਹਾਂ ਨੂੰ ਯਿਸੂ ਦੀਆਂ ਸਿੱਖਿਆਵਾਂ ਦਾ ਪਤਾ ਪਹਿਲੀ ਵਾਰ ਲਗ ਰਿਹਾ ਸੀ, ਕਹਾਣੀ ਆਸਾਨ ਹੋਣੀ ਸੀ। ਇਹ ਧਾਰਮਿਕ ਨਿਯਮਾਂ ਨੂੰ ਵਿਸਤਾਰ ਨਾਲ ਦੱਸਣ ਦੀ ਥਾਂ ਬਹੁਤੀ ਦੇਰ ਤਕ ਯਾਦ ਰਹਿਣੀ ਸੀ।

ਆਮ ਪ੍ਰਚਾਰਕ ਉਨ੍ਹਾਂ ਦੇ ਮਗਰ ਐਨੀ ਭੀੜ ਧਿਆਨ ਨਾਲ ਸੁਣਨ ਲਈ ਆਉਂਦਿਆਂ ਵੇਖ ਕੇ ਖੁਸ਼ ਹੋ ਜਾਣਗੇ, ਪਰ ਯਿਸੂ ਨਹੀਂ ਹੋਇਆ। ਉਹਦੇ ਦ੍ਰਿਸ਼ਟਾਂਤ ਉਹਦੇ ਸੁਣਨ ਵਾਲਿਆਂ ਦੀ ਸਮਝ ਨੂੰ ਪਰਖਣ ਲਈ ਨਹੀਂ ਸਨ। ਜਿਵੇਂ ਕਿ ਉਹ ਸਕੂਲ ਦੇ ਬੱਚਿਆਂ ਨੂੰ ਟੈਸਟ ਦੇ ਰਿਹਾ ਹੋਵੇ, ਬਲਕਿ ਉਹਦੇ ਸੁਣਨ ਵਾਲਿਆਂ ਦੀ ਰੂਹਾਨੀ ਸਾਂਝ ਨੂੰ ਵਿਖਾਉਣ ਲਈ ਸਨ। ਇਸ ਨਾਲ ਥੋੜ੍ਹੀ ਬਹੁਤ ਦਿਲਚਸਪੀ ਰੱਖਣ ਵਾਲੇ ਸਚਮੁਚ ਵਿਚ ਜਾਣਕਾਰੀ ਲੈਣ ਤੋਂ ਅੱਡ ਹੋਣੇ ਸਨ। ਪ੍ਰਭੂ ਦਾ ਚੇਲਾ ਬਣਨ ਲਈ ਥੋੜ੍ਹੀ ਬਹੁਤ ਦਿਲਚਸਪੀ ਤੋਂ ਵੱਧ ਹੋਣਾ ਜ਼ਰੂਰੀ ਹੈ (ਵੇਖੋ ਲੂਕਾ 13:24, 25)। ਯਿਸੂ ਦੀਆਂ ''ਗੁਪਤ'' ਕਹਾਣੀਆਂ ਨਾਲ ਸ਼ਾਇਦ ਉਨ੍ਹਾਂ ਲੋਕਾਂ ਤੋਂ ਜਿਹੜੇ ਕਿਸੇ ਸਿਆਸੀ ਜਾਂ ਫ਼ੌਜੀ ਆਗੂ ਦੀ ਤਲਾਸ਼ ਵਿਚ ਸਨ, ਰੂਹਾਨੀ ਮਾਮਲਿਆਂ ਵਿਚ ਸਚੁਮਚ ਵਿਚ ਦਿਲਚਸਪੀ ਰੱਖਣ ਵਾਲਿਆਂ ਨੂੰ ਅੱਡ ਕਰਨ ਵਿਚ ਮਦਦ ਮਿਲੀ।

**ਆਇਤ 2. ਉਸ ਨੇ ਉਨ੍ਹਾਂ ਨੂੰ ਦ੍ਰਿਸ਼ਟਾਂਤਾਂ ਵਿੱਚ ਬਹੁਤ ਸਾਰੀਆਂ ਗੱਲਾਂ ਦਾ ਉਪਦੇਸ਼ ਦਿੱਤਾ।** ਯਹੂਦੀਆਂ ਕੋਲ ''ਦ੍ਰਿਸ਼ਟਾਂਤ'' ਅਤੇ ''ਕਹਾਵਤ'' ਦੋਹਾਂ ਲਈ ਇੱਕੋ ਹੀ ਸ਼ਬਦ, ਪਰ ਯੂਨਾਨੀ ਸ਼ਬਦਾਂ ਦਾ ਅਰਥ ਹੋਰ ਸਪੱਸ਼ਟ ਸਨ। ''ਦ੍ਰਿਸ਼ਟਾਂਤ'' (παραβολή, *ਪੈਰਾਬੋਲ*) ਅਲੰਕਾਰ ਹੈ ਜੋ ਕਿ ''ਨਮੂਨੇ ਜਾਂ ਉਦਾਹਰਣ ਦਾ ਕੰਮ ਕਰਦਾ ਹੈ।''[4] ਬਹੁਤ ਸਾਰੇ ਲੋਕ ''ਦ੍ਰਿਸ਼ਟਾਂਤ'' ਦੀ ਪਰਿਭਾਸ਼ਾ ''ਸੁਰਗੀ ਅਰਥ ਵਾਲੀ ਧਰਤੀ ਉਤਲੀ ਕਹਾਣੀ'' ਦੇ ਰੂਪ ਵਿਚ ਕਰਦੇ ਹਨ। ਯੂਨਾਨੀ ਸ਼ਬਦ (παροιμία, *ਪੈਰੋਮਿਆ*) ਜਿਸਦਾ ਅਨੁਵਾਦ ''ਕਹਾਉਤ'' ਹੋਇਆ ਹੈ, ਕਿਸੇ ਵੀ ਤਰ੍ਹਾਂ ਦੇ ਰੂਪ ਦਾ ਸੰਕੇਤ ਹੋ ਸਕਦਾ ਹੈ।[5] ਇਹ ਸਿਰਫ਼ ਸਿਆਣੀ ਗੱਲ (''ਅਰਥ ਭਰਪੂਰ ਗੱਲ, ... *ਕਹਾਵਤ*''[6]) ਹੈ ਜਿਸਨੂੰ ਆਮ ਤੌਰ ਤੇ ਹੋਰ ਫ਼ਰਕ ਤਰਕਸੰਗਤ ਢੰਗ ਨਾਲ ਕਬੂਲ ਕੀਤਾ ਜਾਂਦਾ ਹੈ। (ਆਮ ਨਿਯਮ ਹਰ ਥਾਂ 100 ਫੀਸਦੀ ਲਾਗੂ ਨਹੀਂ ਹੁੰਦਾ, ਜਿਵੇਂ ਕਿ ਕਹਾਉਤਾਂ 22:6 ਨਾਲ ਸਮਝਾਇਆ ਗਿਆ ਹੈ)।[7]

ਯਿਸੂ ਦੀਆਂ ਗੱਲਾਂ ਸਿੱਧੀਆਂ ਸਨ ਪਰ ਗੰਭੀਰ ਸਨ। ਉਹ ਸੁਣਨ ਵਾਲਿਆਂ ਦੇ ਦਿਲਾਂ ਤਕ ਉਸ ਦੇ ਦਿਲ ਦੀ ਗੱਲ ਹੁੰਦੀਆਂ ਸਨ। ਉਹਦੇ ਦ੍ਰਿਸ਼ਟਾਂਤ ਛੋਟੇ ਬੱਚਿਆਂ ਦੀਆਂ ਕਹਾਣੀਆਂ ਵਰਗੇ ਨਹੀਂ ਸਨ, ਬਲਕਿ ਉਹ ਗੰਭੀਰ ਵਿਚਾਰ ਕਰਨ ਲਈ ਹੁੰਦੇ ਸਨ। ਉਹ ਬਨਾਵਟੀ ਉਪਮਾਵਾਂ ਜਾਂ ਲੰਮੇ ਚੌੜੇ ਵਾਕ ਅੰਸ਼ਾਂ ਦੀ ਵਰਤੋਂ ਨਹੀਂ ਕਰ ਰਿਹਾ ਸੀ। ਬਲਕਿ ਉਹਦਾ ਹਰ ਕੰਮ ਯਥਾਰਥ ਸੀ। ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਉਨ੍ਹਾਂ ਦਾ ਕਹਿਣਾ ਹੁੰਦਾ ਸੀ, ''ਇਹ ਦੇ ਤੁੱਲ ਕਦੇ ਕਿਸੇ ਮਨੁੱਖ ਨੇ ਵਚਨ ਨਹੀਂ ਕੀਤਾ!'' (ਯੂਹੰਨਾ 7:46)।

ਉਸ ਦੀਆਂ ਕੁਝ ਗੱਲਾਂ ਸਿਰਫ਼ ''ਮੂਲ'' ਦ੍ਰਿਸ਼ਟਾਂਤ ਭਾਵ ਉਨ੍ਹਾਂ ਵਿਚਾਰਾਂ ਦਾ ਜਿਨ੍ਹਾਂ ਨੂੰ ਹੋਰ ਵਿਸਤਾਰ ਨਾਲ ਦੱਸਿਆ ਜਾ ਸਕਦਾ ਸੀ, ਸਿਰਫ਼ ਆਰੰਭ ਕਰਦੇ ਹੋਏ ਸੰਕੇਤ ਵਾਕ ਹੀ ਹਨ। ਬਆਲਜ਼ਬੂਲ ਦੇ ਝਗੜੇ (3:22, 23), ਬਰਾਤੀਆਂ, ਪੁਰਾਣੇ ਕੱਪੜੇ ਤੇ ਕੋਰੀ ਟਾਕੀ ਅਤੇ ਪੁਰਾਣੀਆਂ ਮਸ਼ਕਾਂ ਵਿਚ ਨਵੀਂ ਮੈ ਦੀ ਚਰਚਾ ਨੂੰ ਇਸ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ (2:19–22)। ਅਧਿਆਇ 4 ਵਿਚ ਪਹਿਲੀ ਵਾਰ ਯਿਸੂ ਨੇ ਦ੍ਰਿਸ਼ਟਾਂਤਾਂ ਵਿਚ ਸ਼ੁਰੂਆਤ ਕੀਤੀ; ਬਾਅਦ ਵਿਚ ਚੇਲਿਆਂ ਦੇ ਉਸ ਦੇ ਅੰਦਰੂਨੀ ਦਾਇਰੇ ਨੂੰ ਉਨ੍ਹਾਂ ਦੀਆਂ ਵਿਆਖਿਆਵਾਂ ਦਿੱਤੀਆਂ ਗਈਆਂ।[8]

ਦ੍ਰਿਸ਼ਟਾਂਤ ਰੂਪਕ ਨਹੀਂ ਹਨ ਜਿਨ੍ਹਾਂ ਦੀ ਹਰ ਗੱਲ ਦੀ ਵਿਆਖਿਆ ਕਰਨ ਦੀ ਲੋੜ ਹੋਵੇ। ਬਲਕਿ

ਦ੍ਰਿਸ਼ਟਾਂਤ ਮੁੱਖ ਵਿਚਾਰ ਨੂੰ ਦੱਸਦਾ ਹੈ। ਜਦ ਕਿਸੇ ਦ੍ਰਿਸ਼ਟਾਂਤ ਦਾ ਵਿਸ਼ਲੇਸ਼ਣ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਉਹਦਾ ਅਰਥ ਸਭ ਕੁਝ ਹੋਵੇ, ਤਾਂ ਇਹ ਸਿਮਟ ਕੇ ਕੋਈ ਅਰਥ ਨਹੀਂ ਦਿੰਦਾ। ਬਹੁਤੇ ਪ੍ਰਚਾਰਕ ਅਤੇ ਗੁਰੂ ਕਿਸੇ ਦ੍ਰਿਸ਼ਟਾਂਤ ਵਿਚ ਉਸ ਨਾਲੋਂ ਵਧ ਕੇ ਜਿਹਦੇ ਲਈ ਉਹ ਦਿੱਤਾ ਗਿਆ ਹੈ, ਕੁਝ ਹੋਰ ਲੱਭਣ ਦੀ ਕੋਸ਼ਿਸ਼ ਕਰਦਿਆਂ ਇਸ ਨੂੰ ਉਲਝਾ ਦਿੰਦੇ ਹਨ।[9] ਸਿਕੰਦ੍ਰਿਆ ਦੇ ਫੀਲੋ ਨੇ ਜਿਹੜਾ ਮਸੀਹ ਦੇ ਜਨਮ ਦੇ ਨੇੜੇ ਤੇੜੇ ਵੱਡਾ ਹੋਇਆ, ਪੁਰਾਣੇ ਨੇਮ ਨਾਲ ਇਵੇਂ ਹੀ ਕੀਤਾ ਸੀ ਕਿ ਉਸ ਨੇ ਇਸ ਨੂੰ ਯੂਨਾਨੀ ਵਿਚਾਰ ਨਾਲ ਮਿਲਾਉਣ ਦੀ ਕੋਸ਼ਿਸ਼ ਕੀਤੀ, ਪਰ ਉਲਟਾ ਉਹਨੇ ਉਸ ਵਚਨ ਨੂੰ ਬੇਕਾਰ ਬਣਾ ਦਿੱਤਾ। ਵਚਨ ਨਾਲ ਛੇੜ ਛਾੜ ਕਰਨ ਨਾਲ ਇਵੇਂ ਹੀ ਹੁੰਦਾ ਹੈ। ਮਸੀਹ ਨੇ ਪੁਰਾਣੇ ਨੇਮ ਨਾਲ ਆਪਣੇ ਵਿਹਾਰ ਵਿਚ ਕਦੇ ਦੋਸ਼ੀ ਨਹੀਂ ਹੋਣਾ ਸੀ। ਅਜਿਹੀ ਬੇਬੁਨਿਆਦ ਵਿਆਖਿਆ ਗਲਤ ਅਤੇ ਤਰਕਹੀਣ ਕਾਰਜ ਵਿਧੀ ਹੈ। ਭੇਤ ਲੱਭਣ ਦੀ ਥਾਂ ਜਦਕਿ ਉਸ ਵਿਚ ਕੋਈ ਭੇਤ ਹੋਵੇ ਨਾ, ਬਾਈਬਲ ਦੀ ਠੋਸ ਵਿਆਖਿਆ ਵਿਚ ਆਮ ਸਮਝ ਦੀ ਲੋੜ ਹੁੰਦੀ ਹੈ।

ਦ੍ਰਿਸ਼ਟਾਂਤਾਂ ਵਿਚ ਭਾਵੇਂ ਤਕਨੀਕੀ ਵਿਚਾਰਾਂ ਦਾ ਸੰਕੇਤ ਹੋ ਸਕਦਾ ਹੈ, ਪਰ ਯਿਸੂ ਦੀਆਂ ਵਿਆਖਿਆਵਾਂ ਤੋਂ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਦਾ ਮੁੱਖ ਮਕਸਦ ਸਾਫ਼-ਸਾਫ਼ ਗੱਲਾਂ ਕਰਨਾ ਹੁੰਦਾ ਹੈ। ਦ੍ਰਿਸ਼ਟਾਂਤਾਂ ਦਾ ਵੱਡਾ ਫ਼ਾਇਦਾ ਇਹ ਹੈ ਕਿ ਇਹ ਆਦਮੀ ਨੂੰ ਆਪਣੇ ਬਾਰੇ ਸੋਚਣ ਲਈ ਮਜਬੂਰ ਕਰ ਦਿੰਦੇ ਹਨ ਅਤੇ ਇਕ ਇਕ ਗੱਲ ਸਮਝ ਵਿਚ ਆ ਜਾਣ ਤੇ ਦਿਮਾਗ ਤੇ ਛਾ ਜਾਂਦੇ ਹਨ। ਕਹਾਣੀ ਕਿਸੇ ਨਿਯਮ ਨਾਲੋਂ ਵੱਧ ਯਾਦ ਰਹਿੰਦੀ ਹੈ। ਜ਼ਿਆਦਾਤਰ ਸੁਣਨ ਵਾਲੇ ਦ੍ਰਿਸ਼ਟਾਂਤ ਨੂੰ ਸੁਣਨ ਤੋਂ ਬਾਅਦ ਦੁਹਰਾ ਸਕਦੇ ਹਨ। ਯਿਸੂ ਆਪਣੇ ਚੇਲਿਆਂ ਨੂੰ ਬੱਚਿਆਂ ਵਾਂਗੂ ਉਂਗਲੀ ਫੜ੍ਹ ਕੇ ਚਲਾ ਰਿਹਾ ਸੀ, ਪਰ ਉਨ੍ਹਾਂ ਲਈ ਰੂਹਾਨੀ ਤੌਰ ਤੇ ਵੱਡੇ ਹੋਣਾ ਅਤੇ ਆਪਣੇ ਆਪ ਸੋਚਣਾ ਸਿੱਖਣਾ ਸ਼ੁਰੂ ਕਰਨਾ ਜ਼ਰੂਰੀ ਸੀ। ਸਾਨੂੰ ਵੀ।

**ਆਇਤਾਂ 3-9.** ਪ੍ਰਮੁੱਖ ਦ੍ਰਿਸ਼ਟਾਂਤ ਜਿਹੜਾ ਮਸੀਹ ਨੇ ਦਿੱਤਾ ਉਹ ਬੀਜਣ ਵਾਲੇ ਦਾ ਦ੍ਰਿਸ਼ਟਾਂਤ ਹੀ ਹੈ। ਯਿਸੂ ਨੇ ਸ਼ੁਰੂ ਇਹ ਆਖਦਿਆਂ ਕੀਤਾ, ''**ਸੁਣੋ ਵੇਖੋ**'' (4:3) ਅਤੇ ਅੰਤ ਇਹ ਆਖਦਿਆਂ ਕਿ ''**ਜਿਹ ਦੇ ਸੁਣਨ ਦੇ ਕੰਨ ਹੋਣ ਉਹ ਸੁਣੇ**'' (4:9)। ਸੰਭਵ ਤੌਰ ਤੇ ਮਸੀਹ ਵੱਲੋਂ ਕਿਸੇ ਤਾੜਨਾ ਦੀ ਵਰਤੋਂ ਇਸ ਨਾਲੋਂ ਵੱਧ ਨਹੀਂ ਹੋਵੇਗੀ।[10] ਪ੍ਰਕਾਸ਼ ਦੀ ਪੋਥੀ ਵਿਚ ਉਸ ਨੇ ਇਸ ਨੂੰ ਇਸ ਤਰ੍ਹਾਂ ਆਖਿਆ: ''ਜਿਹ ਦੇ ਕੰਨ ਹਨ ਸੋ ਸੁਣੇ ਭਈ ਆਤਮਾ ਕਲੀਸੀਆਵਾਂ ਨੂੰ ਕੀ ਆਖਦਾ ਹੈ'' (2:7, 11, 17, 29; 3:6, 13, 22)। ਭਲਾ ਅਜਿਹਾ ਹੋ ਸਕਦਾ ਹੈ ਕਿ ਧਿਆਨ ਨਾਲ ਨਾ ਸੁਣਨਾ ਸਿੱਧੇ ਤੌਰ ਤੇ ਮਾਫ਼ ਨਾ ਕੀਤੇ ਜਾ ਸਕਣ ਵਾਲੇ ਪਾਪ ਦਾ ਕਾਰਣ ਬਣ ਸਕਦਾ ਹੋਵੇ? ਕਈਆਂ ਨੂੰ ਅਜਿਹਾ ਹੀ ਲੱਗਾ ਹੈ। ਦੋਵੇਂ ਹੀ ਗੱਲਾਂ ਸੁਣਨ ਵਾਲਿਆਂ ਉੱਤੇ ਸਿੱਖਣ ਅਤੇ ਧਿਆਨ ਦੇਣ ਦੀ ਜ਼ਿੰਮੇਵਾਰੀ ਹੋਣੀਆਂ ਸਨ।

''ਜ਼ਮੀਨਾਂ ਦਾ ਦ੍ਰਿਸ਼ਟਾਂਤ'' ਇਸ ਹਵਾਲੇ ਦੇ ਸਭ ਤੋਂ ਵਧੀਆ ਸਿਰਲੇਖ ਦੇ ਰੂਪ ਵਿਚ ਵਿਖਾਇਆ ਗਿਆ ਹੈ, ਕਿਉਂ ਜੋ ਜ਼ਮੀਨ ਦੀ ਖੂਬੀ ਹੀ ਹੈ ਜਿਹੜੀ ਸੁਣਨ ਵਾਲਿਆਂ ਦੇ ਮਨਾਂ ਨੂੰ ਵਿਖਾਉਂਦੀ ਹੈ ਅਤੇ ਕਹਾਣੀ ਵਿਚ ਮੁੱਖ ਗੱਲ ਇਹੀ ਹੈ। ਬੀਜਣ ਵਾਲਾ ਓਸੇ ਦੌਰਾਨ ਆਪਣੇ ਖੇਤ ਵੱਲ ਨੂੰ ਜਾ ਰਿਹਾ ਹੋਵੇਗਾ, ਜਦੋਂ ਯਿਸੂ ਨੇ ਇਹ ਦ੍ਰਿਸ਼ਟਾਂਤ ਦਿੱਤਾ। ਯਿਸੂ ਨੇ ਕੋਈ ਗੁਪਤ ਗੱਲ ਨਹੀਂ ਆਖੀ ਜਾਂ ਕੋਈ ਹੈਰਾਨ ਕਰ ਦੇਣ ਵਾਲਾ ਵਿਚਾਰ ਨਹੀਂ ਦੱਸਿਆ, ਬਲਕਿ ਉਹਨੇ ਆਲੇ ਦੁਆਲੇ ਮਿਲਣ ਵਾਲੀਆਂ ਆਮ ਗੱਲਾਂ ਹੀ ਆਖੀਆਂ। ਆਪਣੀਆਂ ਉਦਾਹਰਣਾਂ ਵਿਚ ਉਹਨੇ ਅਜਿਹੇ ਨਿਯਮਾਂ ਜਾਂ ਚੀਜ਼ਾਂ ਦੀ ਵਰਤੋਂ ਕੀਤੀ ਜਿਨ੍ਹਾਂ ਨੂੰ ਕੋਈ ਬੱਚਾ ਵੀ ਸਮਝ ਸਕਦਾ ਸੀ। ਉਹਨੂੰ ਪਤਾ ਸੀ ਕਿ ਵੱਡੀਆਂ ਵੱਡੀਆਂ ਸਚਿਆਈਆਂ ਆਮ ਤੌਰ ਤੇ ਸਾਫ਼ ਨਜ਼ਰ ਆਉਂਦੀਆਂ ਹਨ ਅਤੇ ਸਾਡੇ ਆਲੇ ਦੁਆਲੇ ਹੀ ਮਿਲ ਜਾਂਦੀਆਂ ਹਨ। ਸੰਖੇਪ ਵਿਚ, ਯਿਸੂ ਕਹਿ ਸਕਦਾ ਹੋਵੇਗਾ, ''ਜੇ ਤੁਸੀਂ ਸਾਫ਼-ਸਾਫ਼ ਸਮਝਾਈ ਗਈ ਖ਼ੁਦਾ ਦੀ ਸਚਿਆਈ ਨੂੰ ਵੇਖਣਾ ਚਾਹੁੰਦੇ ਹੋ ਤਾਂ ਆਪਣੇ ਆਲੇ ਦੁਆਲੇ ਵੇਖੋ।'' ਇਸ ਦ੍ਰਿਸ਼ਟਾਂਤ ਵਿਚ

ਉਸ ਨੇ ਵੱਖੋ–ਵੱਖ ਕਿਸਮਾਂ ਦੀ ਜ਼ਮੀਨ ਦੀ ਗੱਲ ਕੀਤੀ। **ਬੀਜਣ ਵਾਲਾ ਬੀਜਣ ਨੂੰ ਨਿੱਕਲਿਆ** (4:3) ਤਾਂ ਹਰ ਜ਼ਮੀਨ ਦਾ ਜਵਾਬ ਵੱਖੋ–ਵੱਖਰਾ ਸੀ।

*ਪਹੇ ਵਾਲੀ ਜ਼ਮੀਨ* (4:4)। ''**ਕੁਝ ਪਹੇ ਵੱਲ ਕਿਰ ਪਿਆ।**'' ਖੇਤਾਂ ਨੂੰ ਵਾੜ ਲਾ ਕੇ ਅੱਡ ਨਹੀਂ ਕੀਤਾ ਜਾਂਦਾ ਸੀ, ਇਸ ਕਰਕੇ ਜਿੱਧਰੋਂ ਦੀ ਲੋਕ ਲੰਘਦੇ ਰਹਿੰਦੇ ਸਨ ਉੱਥੇ ਪਹੇ ਬਣ ਜਾਂਦੇ ਸਨ। ਸ਼ਾਇਦ ਜ਼ਮੀਨ ਚੰਗੀ ਸੀ, ਪਰ ਪਹਿਆ ਬਣ ਜਾਣ ਕਰਕੇ ਕਿਤੇ ਕਿਤੇ ਸਖ਼ਤ ਹੋ ਗਈ ਸੀ। ਅਜਿਹੇ ਥਾਂਵਾਂ ਤੇ ਜੜ੍ਹ ਨਾ ਫੜ੍ਹ ਸਕਣ ਕਰਕੇ, ਉੱਥੇ ਡਿੱਗਾ ਬੀ ਜਾਂ ਤਾਂ ਦੱਬਿਆ ਗਿਆ ਜਾਂ **ਪੰਛੀ ਆਣ ਕੇ ਉਹਨੂੰ ਚੁਗ ਗਏ।**

*ਪਥਰੀਲੀ ਜ਼ਮੀਨ* (4:5, 6)। ''**ਕੁਝ ਪਥਰੀਲੀ ਜ਼ਮੀਨ ਵਿੱਚ ਕਿਰਿਆ।**'' ਇਸਰਾਏਲ ਵਿਚ ਜ਼ਿਆਦਾਤਰ ਜ਼ਮੀਨ ਪੱਥਰ ਦੀ ਪਤਲੀ ਪਰਤ ਉੱਤੇ ਫੈਲੀ ਹੈ, ਜਿੱਥੋਂ ਜੜ੍ਹ ਨਹੀਂ ਫੜ੍ਹ ਸਕਦੀ। ਇਸ ਜ਼ਮੀਨ ਵਿਚ ਬੂਟੇ **ਛੇਤੀ ਉੱਗ** ਆਏ; ਪਰ ਜਦ **ਸੂਰਜ ਚੜ੍ਹਿਆ** ਤਾਂ **ਕੁਮਲਾ** ਕੇ **ਸੁੱਕ** ਗਏ।

*ਕੰਡਿਆਲੀ ਜ਼ਮੀਨ* (4:7)। ''**ਕੁਝ ਕੰਡਿਆਲਿਆਂ ਵਿੱਚ ਕਿਰਿਆ।**'' ਇਸਰਾਏਲ ਵਿਚ ਝਾੜੀਆਂ ਬਹੁਤ ਹਨ। ਯਰੂਸ਼ਲਮ ਵਿਚ ਪਹਿਲੀ ਵਾਰ ਜਾਣ ਤੇ ਮੈਂ ਅਤੇ ਮੇਰੀ ਪਤਨੀ ਡੌਰਿਸ ਨੇ ਸ਼ਹਿਰਪਨਾਹ ਦੇ ਹੇਠਾਂ ਇਕ ਝਾੜੀ ਉੱਗਦੀ ਹੋਈ ਵੇਖੀ ਜਿਸ ਵਿਚ ਕਈ ਇੰਚ ਲੰਮੇ ਕੰਡੇ ਸਨ। ਅਸੀਂ ਹੈਰਾਨ ਸਾਂ ਕਿ ਹੋ ਸਕਦਾ ਹੈ ਕਿ ਇਸੇ ਬੂਟੇ ਦੇ ਕੰਡਿਆਂ ਦਾ ਤਾਜ ਸਲੀਬ ਉੱਤੇ ਯਿਸੂ ਨੂੰ ਪੁਆਇਆ ਗਿਆ ਹੋਵੇ (ਵੇਖੋ 15:17)। ਇਨ੍ਹਾਂ ਵਿੱਚੋਂ ਕਈ ਬੂਟੇ ਤਾਂ ਐਨੇ ਵੱਡੇ ਹੋ ਜਾਂਦੇ ਹਨ ਕਿ ਘੋੜਾ ਉਨ੍ਹਾਂ ਦੇ ਵਿੱਚੋਂ ਦੀ ਨਹੀਂ ਲੰਘ ਸਕਦਾ। ਸੈਲਸਸ ਨੇ ਇਸਰਾਏਲ ਵਿਚ ਕੰਡਿਆਲੇ ਬੂਟਿਆਂ ਦੀਆਂ ਸੂਲ਼ਾਂ ਦੀਆਂ ਵੱਖੋ–ਵੱਖ ਕਿਸਮਾਂ ਦਾ ਵਰਣਨ ਕੀਤਾ ਹੈ।[11] **ਕੰਡਿਆਲਿਆਂ ਨੇ ਵਧ ਕੇ ਉਹਨੂੰ ਦਬਾ ਲਿਆ ਅਤੇ ਉਹ ਨਾ ਫਲਿਆ।**

*ਚੰਗੀ ਜ਼ਮੀਨ* (4:8)। ''**ਕੁਝ ਚੰਗੀ ਜ਼ਮੀਨ ਵਿਚ ਕਿਰਿਆ।**'' ਐੱਸ. ਡ੍ਰਿਲਨ ਦੇ ਮੈਦਾਨ ਵਰਗੀ ਕਿਤੇ ਕਿਤੇ ਬਹੁਤ ਵਧੀਆ ਜ਼ਮੀਨ ਹੈ। ਸਾਫ਼ ਤੌਰ ਤੇ ਯਿਸੂ ਆਪਣੇ ਸਮੇਂ ਦੀ ਚੰਗੀ ਜ਼ਮੀਨ ਦੀ ਫ਼ਸਲ ਦੀ ਗੱਲ ਕਰ ਰਿਹਾ ਹੈ। ਇਸ ਜ਼ਮੀਨ ਵਿਚ ਬੀ **ਉੱਗਦਿਆਂ ਵਧਦਿਆਂ ਫਲਿਆ, ਕੁਝ ਤੀਹ ਗੁਣਾ, ਕੁਝ ਸੱਠ ਗੁਣਾ, ਕੁਝ ਸੌ ਗੁਣਾ।**[12] ਇਕ ਦਾਣੇ ਤੋਂ ਇਕ ਸੌ ਦਾਣੇ ਨਿੱਕਲਣਾ ਕੋਈ ਅਚੰਭੇ ਵਾਲੀ ਗੱਲ ਨਹੀਂ ਹੁੰਦੀ। ਮਸੀਹ ਵਿਚ ਇਕ ਮਰਹੂਮ ਭੈਣ ਓਡੇਟ ਫ਼ਾਕਨਰ ਨੇ ਨਿਊ ਮੈਕਸਿਕੋ ਵਿਚ ਆਪਣੇ ਪਿਤਾ ਦੇ ਖੇਤ ਦੀ ਗੱਲ ਦੱਸੀ ਜਿਹਦੀ ਜ਼ਮੀਨ ਐਨੀ ਉਪਜਾਊ ਸੀ ਕਿ ਉਨ੍ਹਾਂ ਨੂੰ ਉਸ ਵਿਚ ਕਦੇ ਖਾਦ ਨਹੀਂ ਪਾਉਣੀ ਪਈ। ਹਰ ਸਾਲ ਉਨ੍ਹਾਂ ਨੂੰ ਸਿਰਫ਼ ਥੋੜ੍ਹਾ ਜਿਹਾ ਡੂੰਘਾ ਕਰਕੇ ਹਲ਼ ਚਲਾਉਣਾ ਪੈਂਦਾ ਸੀ। ਸਾਡੀਆਂ ਜ਼ਿੰਦਗੀਆਂ ਨਾਲ ਅਤੇ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨ ਨਾਲ ਅਜਿਹਾ ਹੀ ਹੁੰਦਾ ਹੈ, ਰੂਹਾਨੀ ਤੌਰ ਤੇ ਵਧਦੇ ਰਹਿਣ ਲਈ ਸਾਨੂੰ ਹਰ ਸਾਲ ਥੋੜ੍ਹਾ ਡੂੰਘਾ ਪੁੱਟਣਾ ਜ਼ਰੂਰੀ ਹੁੰਦਾ ਹੈ। ਉਤਪਤ 26:12 ਦੱਸਦਾ ਹੈ ਕਿ ਇਸਹਾਕ ਨੇ ਸੌ ਗੁਣਾ ਫ਼ਸਲ ਕੱਟੀ। ਯਹੋਵਾਹ ਨੇ ਉਹਨੂੰ ਐਨੀ ਕੁ ਬਰਕਤ ਦਿੱਤੀ ਕਿ ਉਹ ਅਮੀਰ ਹੋ ਗਿਆ।

''ਜਿਹਦੇ ਕੰਨ ਹੋਣ ...'' (4:9) ਜੋ ਕੁਝ ਯਿਸੂ ਕਹਿ ਰਿਹਾ ਸੀ ਉਸ ਉੱਤੇ ਧਿਆਨ ਲਾਉਣ ਅਤੇ ਉਸ ਦਾ ਅਰਥ ਸਮਝਣ ਲਈ ਸੁਣਨ ਵਾਲਿਆਂ ਦੀ ਜ਼ਿੰਮੇਵਾਰੀ ਦੇ ਸਬੰਧ ਵਿਚ, ਤਾੜਨਾ ਸੀ। ਅਸੀਂ ਹੈਰਾਨ ਹੋ ਸਕਦੇ ਹਾਂ, ''ਇਹ ਕਿਵੇਂ ਹੋ ਸਕਦਾ ਹੈ ਕਿ ਉਹਦੇ ਦੋਸਤਾਂ ਨੂੰ ਸਮਝ ਨਾ ਆਵੇ ਅਤੇ ਉਹਦੇ ਵੈਰੀ ਉਹਦੇ ਸੰਦੇਸ਼ ਦਾ ਮਤਲਬ ਗਲਤ ਕੱਢ ਲੈਣ?'' ਜਵਾਬ ਇਹ ਹੈ ਕਿ ਮਨ ਉੱਤੇ ਇੰਜੀਲ ਦਾ ਅਸਰ ਆਪਣੇ ਆਪ ਨਹੀਂ ਹੁੰਦਾ। ਦੱਸੀ ਗਈ ਸਿੱਖਿਆ ਲਾਤਬਦੀਲ ਹੈ, ਪਰ ਇਹਦਾ ਅਸਰ ਸੁਣਨ ਵਾਲੇ ਦੇ ਰਵੱਈਏ ਤੇ ਨਿਰਭਰ ਹੈ। ਅਸੀਂ ਇੰਜੀਲ ਦੇ ਪ੍ਰਚਾਰ ਦੇ ਅਸਰ ਦਾ ਇਲਜ਼ਾਮ ਬੀਜਣ ਵਾਲੇ (ਜਾਂ ਪ੍ਰਚਾਰਕ) ਤੇ ਹੀ ਨਾ ਲਾਈਏ। ਹਰ ਬੰਦੇ ਦੀ ਜ਼ਿੰਮੇਵਾਰੀ ਹੈ ਕਿ ਉਹ ਇਨ੍ਹਾਂ ਨਿਯਮਾਂ ਨੂੰ ਲਾਗੂ ਕਰੇ ਕਿਉਂ ਜੋ ਮਨ ਦੀ ਸੁਸਤੀ ਇਹਦੇ ਅਸਰਦਾਇਕ ਹੋਣ ਵਿਚ ਰੁਕਾਵਟ ਬਣ ਸਕਦੀ ਹੈ।

ਜੰਗਲੀ ਬੂਟੀ ਦੇ ਦ੍ਰਿਸ਼ਟਾਂਤ ਵਿਚ, ਬੀਜਣ ਵਾਲਾ ''ਮਨੁੱਖ ਦਾ ਪੁੱਤਰ'' ਯਿਸੂ ਹੈ (ਮੱਤੀ 13:37)। ਸੰਭਵ ਤੌਰ ਤੇ ਮਰਕੁਸ 4:3–9 ਵਾਲੇ ਇਸ ਦ੍ਰਿਸ਼ਟਾਂਤ ਵਿਚ ''ਬੀਜਣ ਵਾਲਾ'' ਯਿਸੂ ਨੂੰ ਹੀ ਵਿਖਾਇਆ ਗਿਆ ਹੈ।[13] ਵਿਸਤਾਰ ਦੇਣ ਤੇ, ਅਸੀਂ ਆਖ ਸਕਦੇ ਹਾਂ ਕਿ ਹਰ ਮਸੀਹੀ ਨੂੰ ਯਿਸੂ ਵਾਂਗ ਬੀਜਣ ਵਾਲਾ ਹੋਣਾ ਚਾਹੀਦਾ ਹੈ। ਸਾਡੇ ਵਿੱਚੋਂ ਹਰ ਕਿਸੇ ਨੂੰ ਪੁੱਛਣਾ ਚਾਹੀਦਾ ਹੈ, ''ਮੇਰਾ ਮਨ ਕਿਸ ਕਿਸਮ ਦੀ ਜ਼ਮੀਨ ਹੈ?'' ਮਨ/ਜ਼ਮੀਨ ਦੀਆਂ ਵੱਖੋ-ਵੱਖ ਕਿਸਮਾਂ ਉਨ੍ਹਾਂ ਸਬਕਾਂ ਨੂੰ ਵਿਖਾਉਂਦੀਆਂ ਹਨ ਜਿਹੜੀਆਂ ਬੀਜਣ ਵਾਲੇ/ਗੁਰੂ ਅਤੇ ਸੁਣਨ ਵਾਲੇ ਦੋਹਾਂ ਉੱਤੇ ਲਾਗੂ ਹੁੰਦੀਆਂ ਹਨ। ਲੂਕਾ 8:18 ਵਿਚ ਯਿਸੂ ਦੇ ਸ਼ਬਦਾਂ ''ਇਸ ਕਰਕੇ ਚੌਕਸ ਰਹੋ ਜੋ ਕਿਸ ਤਰ੍ਹਾਂ ਸੁਣਦੇ ਹੋ'' ਵਿਚ ਫੇਰ, ਸੁਣਨ ਵਾਲਿਆਂ ਨੂੰ ਚਿਤਾਵਨੀ ਸੀ ਕਿ ਕਿਸੇ ਸਬਕ ਵਿਚ ਉਹਦੀ ਦਿਲਚਸਪੀ ਦਾ ਨਾ ਹੋਣਾ ਸੰਦੇਸ਼ ਦੇਣ ਵਾਲੇ ਨੂੰ ਦੋਸ਼ੀ ਨਹੀਂ ਠਹਿਰਾ ਸਕਦਾ। ਅਸੀਂ ਬੀਜਣ ਦੇ ਆਪਣੇ ਤਰੀਕਿਆਂ ਵਿਚ ਸੁਧਾਰ ਕਰ ਸਕਦੇ ਹਾਂ (ਵੇਖੋ ਕੁਲੁੱਸੀਆਂ 4:6; 1 ਪਤਰਸ 3:15)। ਸਾਡਾ ਕੰਮ ਖ਼ੁਦਾ ਦੇ ਜਲਾਲੀ ਵਚਨ ਦੇ ਰੂਪ ਵਿਚ ਇਸ ਨੂੰ ਦਿੰਦੇ ਹੋਏ ਇੰਜੀਲ ਨੂੰ ਸਿਖਾਉਣਾ ਅਤੇ ਸੁਣਾਉਣਾ ਅਤੇ ਜਿੱਥੋਂ ਤਕ ਹੋ ਸਕੇ ਸੰਦੇਸ਼ ਨੂੰ ਵਿਹਾਰਕ ਬਣਾਉਣਾ ਹੈ।

## ਬਾਹਰ ਵਾਲੇ, ਹੁਕਮ ਮੰਨਣ ਨੂੰ ਤਿਆਰ ਨਹੀਂ (4:10-12)[14]

**10ਜਾਂ ਉਹ ਇਕਾਂਤ ਵਿੱਚ ਸੀ ਤਾਂ ਜਿਹੜੇ ਉਹਦੇ ਕੋਲ ਸਨ ਉਨ੍ਹਾਂ ਨੇ ਬਾਰਾਂ ਚੇਲਿਆਂ ਨਾਲ ਮਿਲ ਕੇ ਦ੍ਰਿਸ਼ਟਾਂਤਾਂ ਦਾ ਅਰਥ ਉਹਨੂੰ ਪੁੱਛਿਆ 11ਉਸ ਨੇ ਉਨ੍ਹਾਂ ਨੂੰ ਕਿਹਾ, ਪਰਮੇਸ਼ੁਰ ਦੇ ਰਾਜ ਦਾ ਭੇਤ ਤੁਹਾਨੂੰ ਦਿੱਤਾ ਗਿਆ ਹੈ ਪਰ ਜਿਹੜੇ ਬਾਹਰ ਹਨ ਉਨ੍ਹਾਂ ਲਈ ਸਾਰੀਆਂ ਗੱਲਾਂ ਦ੍ਰਿਸ਼ਟਾਂਤਾਂ ਵਿੱਚ ਹੁੰਦੀਆਂ ਹਨ ਕਿ 12ਓਹ ਵੇਖਦੇ ਹੋਏ ਤਾਂ ਵੇਖਣ ਪਰ ਬੁੱਝਣ ਨਹੀਂ, ਅਤੇ ਸੁਣਦੇ ਹੋਏ ਸੁਣਨ ਪਰ ਸਮਝਣ ਨਹੀਂ, ਮਤੇ ਓਹ ਮੁੜ ਆਉਣ, ਅਤੇ ਉਨ੍ਹਾਂ ਨੂੰ ਮਾਫ਼ੀ ਮਿਲੇ।**

**ਆਇਤ 10. ਜਾਂ ਉਹ ਇਕਾਂਤ ਵਿੱਚ ਸੀ ਤਾਂ ਜਿਹੜੇ ਉਹਦੇ ਕੋਲ ਸਨ ਉਨ੍ਹਾਂ ਨੇ ਬਾਰਾਂ ਚੇਲਿਆਂ ਨਾਲ ਮਿਲ ਕੇ ਦ੍ਰਿਸ਼ਟਾਂਤਾਂ ਦਾ ਅਰਥ ਉਹਨੂੰ ਪੁੱਛਿਆ।** ਸੰਜੀਦਾ ਚੇਲੇ ਅਤੇ ਇਤਫ਼ਾਕੀਆ ਚੇਲੇ ਵਿਚ ਤਿੱਖਾ ਫ਼ਰਕ ਦਿੱਤਾ ਗਿਆ ਹੈ। ਯਿਸੂ ਦੇ ਨਾਲ-ਨਾਲ ਰਹਿਣ ਵਾਲਿਆਂ ਵਿਚ ਰਸੂਲ ਅਤੇ ''ਉਹਦੇ ਨਾਲ-ਨਾਲ ਰਹਿਣ ਵਾਲੇ'' (NKJV) ਲੋਕ ਸਨ। ਯਿਸੂ ''ਇਕਾਂਤ ਵਿਚ'' (''ਘਰ ਵਿਚ'' ਮੱਤੀ 13:36) ਸੀ ਕਿਉਂ ਜੋ ਉਹਦੇ ਰਸੂਲਾਂ ਤੋਂ ਛੁੱਟ ਭੀੜ ਉਹਦੇ ਆਲੇ ਦੁਆਲੇ ਨਹੀਂ ਸੀ, ਪਰ ਉਹਦੇ ਕੁਝ ਨਜ਼ਦੀਕੀ ਚੇਲੇ ਅਜੇ ਵੀ ਉਹਦੇ ਨਾਲ ਸਨ। ਇਸ ਟੋਲੀ ਵਿਚ ਮੱਥਿਯਾਸ, ਯੂਸੁਫ਼ ਬਰਸੱਬਾ (ਜਿਹਦਾ ਉਪਨਾਮ ਯੂਸੁਫ਼ ਸੀ) ਅਤੇ ਹੋਰ ਅਜਿਹੇ ਲੋਕ ਹੋ ਸਕਦੇ ਹਨ ਜਿਹੜੇ ਯੂਹੰਨਾ ਦੇ ਬਪਤਿਸਮੇ ਤੋਂ ਲੈ ਕੇ ਪ੍ਰਭੂ ਅਤੇ ਰਸੂਲਾਂ ਦੇ ਨਾਲ-ਨਾਲ ਰਹੇ। ਇਨ੍ਹਾਂ ਵਿੱਚੋਂ ਇਕ ਨੂੰ ਬਾਅਦ ਵਿਚ ਯਹੂਦਾਹ ਦੀ ਥਾਂ ਮਿਲੀ (ਕਰਤੱਬ 1:21, 22)। ਇਨ੍ਹਾਂ ਵਰਗੇ ਕਈ ਹੋਰ ਹੋ ਸਕਦੇ ਹਨ, ਜਿਹੜੇ ਮਸੀਹ ਦੀ ਮੌਤ ਤੋਂ ਪਹਿਲਾਂ ਕਿਸੇ ਅਹੁਦੇ ਤੇ ਨਾ ਹੋਣ ਦੇ ਬਾਵਜੂਦ ਰਸੂਲਾਂ ਦੇ ਨਾਲ-ਨਾਲ ਰਹੇ ਸਨ।

**ਆਇਤਾਂ 11, 12.** ਇਕ ਟੋਲੀ ਨੂੰ **ਪਰਮੇਸ਼ੁਰ ਦੇ ਰਾਜ ਦਾ ਭੇਤ** ਦਿੱਤਾ ਜਾਣਾ ਸੀ, ਜਦਕਿ ਘੱਟ ਖੋਜੀ ਮਨ ਵਾਲੇ ਦੂਜਿਆਂ ਨੇ ਹੋਰ ਗਿਆਨ ਦੀ ਖੋਜ ਨਹੀਂ ਕਰਨੀ ਸੀ ਜਿਸ ਕਰਕੇ ਉਨ੍ਹਾਂ ਨੂੰ ਸਮਝ ਨਹੀਂ ਮਿਲਣੀ ਸੀ। ਅੱਜ ਬਹੁਤ ਸਾਰੇ ਸਰਸਰੀ ਸੁਣਨ ਵਾਲਿਆਂ ਨੂੰ ਕਦੇ ਇਹ ਪਤਾ ਨਹੀਂ ਚੱਲ ਸਕੇਗਾ ਕਿ ਸੰਜੀਦਾ ਚੇਲੇ ਨੂੰ ਕੀ ਸਮਝ ਮਿਲੀ ਹੈ।

ਨਵੇਂ ਨੇਮ ਵਿਚ ''ਭੇਤ'' (μυστήριον, *ਮੁਸਟੇਰੀਓਨ*) ਕਿਸੇ ਅਜਿਹੀ ਚੀਜ਼ ਲਈ ਵਰਤਿਆ ਗਿਆ ਹੈ ਜਿਹੜੀ ਪਹਿਲਾਂ ਪਰਗਟ ਨਹੀਂ ਕੀਤੀ ਗਈ। ਇਹਦਾ ਮਤਲਬ ਇਹ ਨਹੀਂ ਹੈ ਇਹ ਕੋਈ

ਅਜਿਹੀ ਚੀਜ਼ ਨਹੀਂ ਸੀ ਜਿਸ ਨੂੰ ਕੋਈ ਆਮ ਲੋਕ ਸਮਝ ਨਹੀਂ ਸਮਝਦੇ ਸਨ। ਉਦਾਹਰਣ ਲਈ ਅਫ਼ਸੀਆਂ 3:3–6 ਵਿਚ ਪੌਲੁਸ ਨੇ ਉਸ ''ਭੇਤ'' ਬਾਰੇ ਦੱਸਿਆ ਜਿਹੜਾ ਉਸ ਉੱਤੇ ਪਰਗਟ ਹੋ ਚੁੱਕਿਆ ਸੀ। ''ਇਹ ਕਿ ਮਸੀਹ ਵਿਚ ਖੁਸ਼ਖ਼ਬਰੀ ਦੇ ਦੁਆਰਾ ਪਰਾਈਆਂ ਕੌਮਾਂ ਦੇ ਲੋਕ ਸੰਗੀ ਅਧਕਾਰੀ ਅਤੇ ਇੱਕੋ ਦੇਹੀ ਦੇ ਅਤੇ ਵਾਇਦੇ ਦੇ ਸਾਂਝੀ'' ਹੋਣ ਨੂੰ ਉਸ ਦੀ ਪੱਤਰੀ ਦੇ ਪਾਠਕ ਸਮਝ ਸਕਦੇ ਸਨ। ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਇਸ ਸਮਝ ਤਕ ਪਹੁੰਚ ਲਈ ਪਾਠਕ ਨੂੰ ਕਿਸੇ ਅਲੌਕਿਕ ਪ੍ਰੇਰਣਾ ਜਾਂ ਰੌਸ਼ਨੀ ਦੀ ਲੋੜ ਸੀ। ਇਸ ਕਰਕੇ ਨਵੇਂ ਨੇਮ ਵਿਚ ''ਭੇਤ'' ਦਾ ਮਤਲਬ ਸਿਰਫ਼ ''ਇਲਾਹੀ ਤੌਰ ਤੇ ਪਰਗਟ ਕੀਤਾ ਗਿਆ ਸਾਬਕਾ ਭੇਤ।''[15]

ਉਨ੍ਹਾਂ ਵੱਖੋ–ਵੱਖ ਸਚਿਆਈਆਂ ਨੂੰ ਸਮਝਾਉਣ ਲਈ ਜਿਹੜੀਆਂ ਮੁਕਾਸ਼ਫ਼ੇ ਦੇ ਬਗੈਰ ਪਤਾ ਨਹੀਂ ਲੱਗਣੀਆਂ ਸਨ, ਪੌਲੁਸ ਨੇ ''ਭੇਤ'' ਸ਼ਬਦ ਇੱਕੀ ਵਾਰ ਵਰਤਿਆ। ਉਨ੍ਹਾਂ ਤੱਥਾਂ ਨੂੰ ਛੱਡ ਕੇ ਇਨ੍ਹਾਂ ਨੂੰ ਖ਼ੁਦਾ ਨੇ ਆਪਣੀ ਕਿਰਪਾ ਨਾਲ ਸਾਡੇ ਉੱਤੇ ਪਰਗਟ ਕੀਤਾ ਹੈ ਕਈ ਤੱਥ ਸਾਡੇ ਲਈ ਅਣਜਾਣ ਹੀ ਰਹਿ ਜਾਣੇ ਸਨ। ਉਦਾਹਰਣ ਲਈ ਉਸ ਨੇ ਅੰਤ ਸਮੇਂ ਦੇ ਕੁਝ ਤੱਥ ਸਾਨੂੰ ਦਿੱਤੇ:

> ਵੇਖੋ, ਮੈਂ ਤੁਹਾਨੂੰ ਇਕ ਭੇਤ ਦੱਸਦਾ ਹਾਂ ਜੋ ਅਸੀਂ ਸੱਭੋ ਨਹੀਂ ਸੌਂਵਾਂਗੇ। ਪਰ ਸੱਭੋ ਛਿੰਨ ਭਰ ਵਿਚ ਅੱਖ ਦੀ ਝਮਕ ਵਿਚ ਛੇਕੜਲੀ ਤੁਰ੍ਹੀ ਫੂਕਦਿਆਂ ਸਾਰ ਹੋਰ ਦੇ ਹੋਰ ਹੋ ਜਾਵਾਂਗੇ। ਤੁਰ੍ਹੀ ਫੂਕੀ ਜਾਵੇਗੀ ਅਤੇ ਮੁਰਦੇ ਅਵਿਨਾਸ਼ੀ ਹੋ ਕੇ ਜੀ ਉੱਠਣਗੇ ਅਤੇ ਅਸੀਂ ਹੋਰ ਦੇ ਹੋਰ ਹੋ ਜਾਵਾਂਗੇ (1 ਕੁਰਿੰਥੀਆਂ 15:51, 52)।

ਸਾਨੂੰ ਅਜੇ ਵੀ ਇਹ ਪਤਾ ਨਹੀਂ ਹੈ ਕਿ ਇਹਦੇ ਬਾਅਦ ਅਸੀਂ ਕਿਹੋ ਜਿਹੇ ਨਜ਼ਰ ਆਵਾਂਗੇ, ਪਰ ਐਨਾ ਜਾਣਦੇ ਹਾਂ ਕਿ ਜੇ ਅਸੀਂ ਯਿਸੂ ਦੇ ਆਉਣ ਤਕ ਜ਼ਿੰਦਾ ਰਹਿੰਦੇ ਹਾਂ ਤਾਂ ਉਹਦੇ ਆਉਣ ਤੇ ਅਸੀਂ ਝੱਟ ਬਦਲ ਜਾਵਾਂਗੇ। ਇਕ ਹੋਰ ਮੁਕਾਸ਼ਫ਼ੇ ਦੀ ਗੱਲ ਕੀਤੀ ਜਾ ਸਕਦੀ ਹੈ ਕਿ ਮਸੀਹ ਦੀ ਦੂਜੀ ਆਮਦ ਤੇ ਮਰੇ ਹੋਏ ਸੰਤ ਜੀ ਉੱਠਣਗੇ:

> ਅਸੀਂ ਪ੍ਰਭੂ ਦੇ ਵਚਨ ਦੇ ਅਨੁਸਾਰ ਤੁਹਾਨੂੰ ਇਹ ਆਖਦੇ ਹਾਂ ਭਈ ਅਸੀਂ ਜਿਹੜੇ ਜੀਉਂਦੇ ਅਤੇ ਪ੍ਰਭੂ ਦੇ ਆਉਣ ਤੀਕ ਬਾਕੀ ਰਹਿੰਦੇ ਹਾਂ ਸੋ ਓਨ੍ਹਾਂ ਤੋਂ ਜਿਹੜੇ ਸੌਂ ਗਏ ਹਨ ਕਦੀ ਅਗੇਤ੍ਰੇ ਨਾ ਹੋਵਾਂਗੇ। ਇਸ ਲਈ ਜੋ ਪ੍ਰਭੂ ਆਪ ਲਲਕਾਰੇ ਨਾਲ, ਮਹਾਂ ਦੂਤ ਦੀ ਅਵਾਜ਼ ਨਾਲ ਅਤੇ ਪਰਮੇਸ਼ੁਰ ਦੀ ਤੁਰ੍ਹੀ ਨਾਲ ਸੁਰਗ ਤੋਂ ਉਤਰੇਗਾ ਅਤੇ ਜਿਹੜੇ ਮਸੀਹ ਵਿਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ। ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਨ੍ਹਾਂ ਦੇ ਨਾਲ ਹੀ ਹਵਾ ਵਿਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਹੈ ਉੱਤੇ ਅਚਾਣਕ ਉਠਾਏ ਜਾਵਾਂਗੇ ਅਤੇ ਇਸੇ ਤਰ੍ਹਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ (1 ਥੱਸਲੁਨੀਕੀਆਂ 4:15–17)।

ਅਸੀਂ ਇਹ ਤਾਂ ਨਹੀਂ ਜਾਣਦੇ ਕਿ ਸਾਡਾ ਪ੍ਰਭੂ ਕਦੋਂ ਆਵੇਗਾ, ਪਰ ਐਨਾ ਜ਼ਰੂਰ ਜਾਣਦੇ ਹਾਂ ਕਿ ਜਦ ਉਹ ਆਵੇਗਾ ਤਾਂ ਧਰਮੀ ਲੋਕ ਉਸ ਨੂੰ ਮਿਲਣ ਲਈ ''ਉਠਾ ਲਏ ਜਾਣਗੇ।'' 1 ਥੱਸਲੁਨੀਕੀਆਂ 4:15 ਵਿਚ ਪੌਲੁਸ ਨੇ ਕਿਹਾ, ਕਿ ਪ੍ਰਭੂ ਨੇ ਉਸ ਨੂੰ ''ਬਚਨ'' ਦਿੱਤਾ ਸੀ, ਭਾਵ ਇਹ ਉਹ ਸਚਿਆਈ ਹੈ ਜਿਹਦਾ ਉਹਨੂੰ ਇਹ ਦੱਸੇ ਜਾਣ ਤੋਂ ਪਹਿਲਾਂ ਪਤਾ ਨਹੀਂ ਸੀ ਕਿ ਮਸੀਹ ਦੇ ਵਾਪਸ ਆਉਣ ਤੋਂ ਪਹਿਲਾਂ ਸਾਰੇ ਸੰਤ ਨਹੀਂ ਮਰਨਗੇ। ਥੱਸਲੁਨੀਕੇ ਦੇ ਕੁਝ ਮਸੀਹੀਆਂ ਨੇ 1 ਥੱਸਲੁਨੀਕੇ ਦੀ ਗੱਲ ਦਾ ਮਤਲਬ ਇਹ ਕੱਢ ਲਿਆ ਕਿ ਯਿਸੂ ਛੇਤੀ ਆ ਰਿਹਾ ਹੈ, ਜਿਸ ਕਰਕੇ ਪੌਲੁਸ ਨੇ 2 ਥੱਸਲੁਨੀਕੀਆਂ ਇਹ ਸਮਝਾਉਣ ਲਈ ਲਿਖਿਆ ਕਿ ਪ੍ਰਭੂ ਨੇ ਉਦੋਂ ਤਕ ਨਹੀਂ ਆਉਣਾ ਸੀ ਜਦੋਂ ਤਕ ਵਿਨਾਸ਼ ਦਾ ਪੁੱਤਰ ਨਹੀਂ ਆਉਂਦਾ (2 ਥੱਸਲੁਨੀਕੀਆਂ 2:1–7)।

ਆਪਣੇ ਦ੍ਰਿਸ਼ਟਾਂਤਾਂ ਵਿਚ ਯਿਸੂ ਦਾ ਮਕਸਦ ਤਿਹਰਾ ਸੀ। (1) ਉਹ ਖ਼ੁਦਾ ਦੀ ਇੱਛਾ ਨਾਲ ਲੋਕਾਂ

ਵਿਚ ਹੁਕਮ ਮੰਨਣ ਵਿਚ ਸੁਧਾਰ ਕਰਨ ਲਈ (2) ਹਰ ਗੱਲ ਨੂੰ ਜਿਹੜੀ ਸਿੱਖੀ ਜਾ ਸਕਦੀ ਹੈ, ਸਿੱਖਣ ਲਈ ਤਾਂਘ ਪੈਦਾ ਕਰਨਾ ਚਾਹੁੰਦਾ ਸੀ। ਉਹ ਆਪਣੇ ਸੁਣਨ ਵਾਲਿਆਂ ਦੇ ਮਨਾਂ ਵਿਚ ਸਚਿਆਈ ਦੀ ਹੋਰ ਖੋਜ ਕਰਕੇ ਉਸ ਨੂੰ ਆਪਣੀਆਂ ਜ਼ਿੰਦਗੀਆਂ ਵਿਚ ਜੋੜ ਲੈਣ ਦੀ ਉਤੇਜਨਾ ਭਰਨਾ ਚਾਹੁੰਦਾ ਸੀ। ਇਕ ਹੋਰ ਮਕਸਦ ਜਿਸਦਾ ਐਲਾਨ ਉਹ ਇੱਥੇ ਕਰ ਰਿਹਾ ਸੀ (3) ਉਨ੍ਹਾਂ ਨੂੰ ਜਿਹੜੇ ਹੁਕਮ ਮੰਨਣ ਲਈ ਤਿਆਰ ਨਹੀਂ ਸਨ, ਉਹਦੀ ਸਮਝ ਤੋਂ ਦੂਰ ਰੱਖਣਾ ਸੀ। ਆਪਣੇ ਚੇਲਿਆਂ ਦੇ ਸਵਾਲ ਦੇ ਜਵਾਬ ਵਿਚ ਉਹਨੇ ਇਸੇ ਨਕਾਰਾਤਮਕ ਮਕਸਦ ਨੂੰ ਦੱਸਿਆ: **''ਪਰ ਜਿਹੜੇ ਬਾਹਰ ਹਨ ਉਨ੍ਹਾਂ ਲਈ ਸਾਰੀਆਂ ਗੱਲਾਂ ਦ੍ਰਿਸ਼ਟਾਂਤਾਂ ਵਿੱਚ ਹੁੰਦੀਆ ਹਨ ਕਿ ਓਹ ਵੇਖਦੇ ਹੋਏ ਤਾਂ ਵੇਖਣ ਪਰ ਬੁੱਝਣ ਨਹੀਂ, ਅਤੇ ਸੁਣਦੇ ਹੋਏ ਸੁਣਨ ਪਰ ਸਮਝਣ ਨਹੀਂ, ਮਤੇ ਓਹ ਮੁੜ ਆਉਣ, ਅਤੇ ਉਨ੍ਹਾਂ ਨੂੰ ਮਾਫ਼ੀ ਮਿਲੇ।''** ਮਰਕੁਸ ਦੀ ਵਿਆਖਿਆ ਸੰਕੇਤ ਵਿਚ ਹੈ ਪਰ ਮੱਤੀ 13:14 ਇਸ ਨੂੰ ਵਿਸਤਾਰ ਨਾਲ ਦੱਸਦਾ ਹੈ:

> ਉਨ੍ਹਾਂ ਉੱਤੇ ਯਸਾਯਾਹ ਦਾ ਇਹ ਅਗੰਮ ਵਾਕ ਪੂਰਾ ਹੋਇਆ ਕਿ:
> ਤੁਸੀਂ ਕੰਨਾਂ ਨਾਲ ਸੁਣੋਗੇ ਪਰ ਮੂਲੋਂ ਨਾ ਸਮਝੋਗੇ,
> ਅਤੇ ਵੇਖਦੇ ਹੋਏ ਵੇਖੋਗੇ ਪਰ ਮੂਲੋਂ ਬੁੱਝੋਗੇ ਨਾ,
> ਕਿਉਂ ਜੋ ਇਹ ਪਰਜਾ ਦਾ ਮਨ ਮੋਟਾ ਹੋ ਗਿਆ ਹੈ,
> ਅਤੇ ਉਹ ਕੰਨਾਂ ਨਾਲ ਉੱਚਾ ਸੁਣਦੇ ਹਨ,
> ਇਨ੍ਹਾਂ ਨੇ ਆਪਣੀਆਂ ਅੱਖਾਂ ਮੀਟ ਲਈਆਂ ਹਨ,
> ਮਤੇ ਉਹ ਅੱਖਾਂ ਨਾਲ ਵੇਖਣ ਅਤੇ ਕੰਨਾਂ ਨਾਲ ਸੁਣਨ,
> ਅਤੇ ਮਨ ਨਾਲ ਸਮਝਣ ਅਤੇ ਮੁੜ ਆਉਣ,
> ਅਤੇ ਮੈਂ ਇਨ੍ਹਾਂ ਨੂੰ ਚੰਗਾ ਕਰਾਂ (ਵੇਖੋ ਯਸਾਯਾਹ 6:9, 10)।

ਰੂਹਾਨੀ ਤੌਰ ਤੇ ਅੰਨ੍ਹੇ ਅਤੇ ਪੱਥਰ ਦਿਲ ਲੋਕਾਂ ਨੇ ਆਉਣ ਵਾਲੇ ਰਾਜ, ਜਿਸ ਨੂੰ ਯਿਸੂ ਨੇ ਕਾਇਮ ਕਰਨਾ ਸੀ, ਦੀ ਕਿਸੇ ਸਮਝ ਤੋਂ ਬਗੈਰ ਹਨ੍ਹੇਰੇ ਵਿਚ ਹੀ ਰਹਿਣਾ ਸੀ। ਉਨ੍ਹਾਂ ਨੂੰ ਭਵਿੱਖ ਨਾਲ ਜੁੜੀ ਕਿਸੇ ਹੋਰ ਗੱਲ ਦਾ ਬਹੁਤਾ ਪਤਾ ਨਹੀਂ ਹੋਣਾ ਸੀ।

ਹਿਜ਼ਕੀਏਲ ਨੂੰ ਅਜਿਹੇ ਲੋਕਾਂ ਕੋਲ ਪ੍ਰਚਾਰ ਕਰਨ ਲਈ ਘੱਲਿਆ ਗਿਆ ਸੀ ਜਿਹੜੇ ਪਹਿਲਾਂ ਹੀ ਸਖ਼ਤ ਦਿਲ ਸਨ (ਯਿਸੂ ਦੇ ਸਮੇਂ ਦੇ ਬਹੁਤ ਸਾਰੇ ਲੋਕਾਂ ਵਾਂਗ) ਅਤੇ ਉਹਦੇ ਪ੍ਰਚਾਰ ਨਾਲ ਉਨ੍ਹਾਂ ਨੇ ਹੋਰ ਵੀ ਸਖ਼ਤ ਹੋ ਜਾਣਾ ਸੀ। ਖ਼ੁਦਾ ਨੇ ਉਸ ਨੂੰ ਇਹਦੇ ਲਈ ਇਹ ਆਖ ਕੇ ਤਿਆਰ ਕੀਤਾ, ''ਪਰ ਇਸਰਾਏਲ ਦਾ ਘਰਾਣਾ ਤੇਰੀ ਨਹੀਂ ਸੁਣੇਗਾ ਕਿਉਂ ਜੋ ਓਹ ਮੇਰੀ ਸੁਣਨਾ ਨਹੀਂ ਚਾਹੁੰਦੇ। ਇਸਰਾਏਲ ਦਾ ਸਾਰਾ ਘਰਾਣਾ ਕਠੋਰ ਮਸਤਕ ਤੇ ਪੱਥਰ ਦਿਲ ਹੈ'' (ਹਿਜ਼ਕੀਏਲ 3:7)। ਉਨ੍ਹਾਂ ਲਈ ਖ਼ੁਦਾ ਦੀ ਇੱਛਾ ਇਹ ਨਹੀਂ ਸੀ; ਉਹ ਉਸ ਪਿਤਾ ਵਰਗਾ ਸੀ ਜਿਸਨੇ ਆਪਣੇ ਪੁੱਤਰ ਨੂੰ ਇਸ ਨੂੰ ਛੱਡ ਕੇ ਬਾਕੀ ਹਰ ਕੋਸ਼ਿਸ਼ ਕਰਦੇ ਸਨ। ਪਰ ਅਖ਼ੀਰ ਵਿਚ ਆਖ ਦਿੱਤਾ, ''ਚੱਲ ਠੀਕ ਹੈ, ਦਫ਼ਾ ਹੋ ਜਾ ਅਤੇ ਖ਼ਤਮ ਨਾ ਹੋਣ ਵਾਲੀ ਬਰਬਾਦੀ ਵਿਚ ਛਾਲ ਮਾਰ ਦੇਵੇ!''[16] ਯਿਸੂ ਨੂੰ ਪਤਾ ਸੀ ਕਿ ਉਹਦੇ ਸਾਹਮਣੇ ਅਜਿਹੇ ਹੀ ਹਾਲਾਤ ਹਨ ਅਤੇ ਉਹਨੇ ਇਸ ਮਾਮਲੇ ਵਿਚ ਯਸਾਯਾਹ ਦੀ ਲਿਖੀ ਗੱਲ ਨੂੰ ਲਾਗੂ ਕੀਤਾ। ਯਸਾਯਾਹ ਅਤੇ ਯਿਸੂ ਦੋਵੇਂ ਹੀ ਇਹੋ ਜਿਹੇ ਲੋਕਾਂ ਨਾਲ ਗੱਲ ਕਰ ਰਹੇ ਸਨ ਜਿਹੜੇ ਮੁਤਅੱਸਬ ਅਤੇ ਗਲਤ ਧਾਰਣਾਵਾਂ ਕਰਕੇ ਵਿਰੋਧ ਦੀ ਪੱਕੀ ਕੰਧ ਵਰਗੇ ਸਨ (ਵੇਖੋ ਯਸਾਯਾਹ 6:9, 10; ਮੱਤੀ 13:10–17)।

ਇਸ ਕਰਕੇ 4:12 ਵਿਚ ਯਿਸੂ ਇਹ ਕਹਿ ਰਿਹਾ ਸੀ ਕਿ ਕੁਝ ਲੋਕਾਂ ਨੂੰ ਸਚਿਆਈ ਨੂੰ ਜਾਣਨ ਤੋਂ ਰੋਕਣ ਲਈ ਉਹ ਉਨ੍ਹਾਂ ਨਾਲ ਘੱਟੋ–ਘੱਟ ਕੁਝ ਕੁਝ ਦ੍ਰਿਸ਼ਟਾਂਤਾਂ ਵਿਚ ਗੱਲਾਂ ਕਰਦਾ ਸੀ, ਕਿਉਂ ਜੋ ਉਹ ਜਾਣਦਾ ਸੀ ਕਿ ਉਹ ਹੁਕਮ ਨਹੀਂ ਮੰਨਣਗੇ ਜਿਸ ਨਾਲ ਉਹ ਬਚਾਏ ਜਾ ਸਕਣ। ਫੇਰ ਤੋਂ,

ਅਸੀਂ ਖੋਜੀ ਅਤੇ ਮਜਬੂਰੀ ਵਿਚ ਕੰਮ ਕਰਨ ਵਾਲੇ ਵਿਚ ਫ਼ਰਕ ਵੇਖਦੇ ਹਾਂ (ਵੇਖੋ ਲੂਕਾ 13:23, 24)। ਅਜਿਹੇ ਲੋਕ ਹੁੰਦੇ ਹੀ ਹਨ ਜਿਨ੍ਹਾਂ ਦਾ ਮਨ ਸਚਿਆਈ ਲਈ ਖੁੱਲ੍ਹਾ ਹੁੰਦਾ ਹੈ, ਅਤੇ ਉਸ ਨੇ ਆਪਣੇ ਦ੍ਰਿਸ਼ਟਾਂਤਾਂ ਦਾ ਅਰਥ ਖੋਲ੍ਹ ਕੇ ਸਮਝਾ ਦਿੱਤਾ। ਦੂਜਿਆਂ ਨੇ ਆਪਣੇ ਮਨਾਂ ਨੂੰ ਨਹੀਂ ਖੋਲ੍ਹਿਆ ਅਤੇ ਉਸ ਨੇ ਉਨ੍ਹਾਂ ਨੂੰ ਭਜਾਉਣ ਲਈ ਦ੍ਰਿਸ਼ਟਾਂਤਾਂ ਵਿਚ ਗੱਲਾਂ ਕੀਤੀਆਂ।

## ਦ੍ਰਿਸ਼ਟਾਂਤਾਂ ਦਾ ਅਰਥ (4:13-20)[17]

**13ਫੇਰ ਉਸ ਨੇ ਉਨ੍ਹਾਂ ਨੂੰ ਕਿਹਾ, ਕਿ ਤੁਸੀਂ ਇਹ ਦ੍ਰਿਸ਼ਟਾਂਤ ਨਹੀਂ ਸਮਝਦੇ? ਤਾਂ ਸਾਰੀਆਂ ਦ੍ਰਿਸ਼ਟਾਂਤਾਂ ਨੂੰ ਕਿੱਕੁਰ ਸਮਝੋਗੇ? 14ਬੀਜਣ ਵਾਲਾ ਬਚਨ ਬੀਜਦਾ ਹੈ 15ਅਤੇ ਪਹੇ ਦੇ ਕਨਾਰੇ ਵਾਲੇ ਜਿੱਥੇ ਬਚਨ ਬੀਜਿਆ ਜਾਂਦਾ ਹੈ ਸੋ ਏਹ ਲੋਕ ਹਨ ਭਈ ਜਦ ਉਨ੍ਹਾਂ ਨੇ ਸੁਣ ਲਿਆ ਤਦ ਸਤਾਨ ਓਵੇਂ ਆਣ ਕੇ ਉਸ ਬਚਨ ਨੂੰ ਲੈ ਜਾਂਦਾ ਹੈ ਜਿਹੜਾ ਉਨ੍ਹਾਂ ਵਿੱਚ ਬੀਜਿਆ ਗਿਆ ਸੀ 16ਅਤੇ ਇਸੇ ਤਰ੍ਹਾਂ ਜਿਹੜੇ ਪਥਰੇਲਿਆਂ ਥਾਵਾਂ ਵਿੱਚ ਬੀਜੇ ਜਾਂਦੇ ਸੋ ਓਹ ਹਨ ਜਿਹੜੇ ਬਚਨ ਨੂੰ ਸੁਣਦਿਆਂ ਸਾਰ ਖੁਸ਼ੀ ਨਾਲ ਉਹਨੂੰ ਮੰਨ ਲੈਂਦੇ ਹਨ 17ਅਤੇ ਆਪਣੇ ਵਿੱਚ ਜੜ੍ਹ ਨਹੀਂ ਰੱਖਦੇ ਹਨ ਪਰ ਥੋੜਾ ਚਿਰ ਰਹਿੰਦੇ ਹਨ ਅਤੇ ਜਾਂ ਬਚਨ ਦੇ ਕਾਰਣ ਦੁਖ ਵਿੱਚ ਪੈਂਦੇ ਯਾ ਸਤਾਏ ਜਾਂਦੇ ਹਨ ਤਾਂ ਝੱਟ ਠੋਕਰ ਖਾਂਦੇ ਹਨ 18ਅਤੇ ਹੋਰ ਓਹ ਹਨ ਜਿਹੜੇ ਕੰਡਿਆਲਿਆਂ ਵਿੱਚ ਬੀਜੇ ਜਾਂਦੇ। ਏਹ ਓਹ ਹਨ ਜਿਨ੍ਹਾਂ ਬਚਨ ਸੁਣਿਆ 19ਅਤੇ ਦੁਨੀਆ ਦੀ ਚਿੰਤਾ ਅਰ ਧਨ ਦਾ ਧੋਖਾ ਅਰ ਹੋਰਨਾਂ ਚੀਜ਼ਾਂ ਦਾ ਲੋਭ ਆਣ ਕੇ ਬਚਨ ਨੂੰ ਦਬਾ ਲੈਂਦੇ ਹਨ ਅਤੇ ਉਹ ਅਫੱਲ ਰਹਿੰਦਾ ਹੈ 20ਅਤੇ ਜਿਹੜੇ ਚੰਗੀ ਜ਼ਮੀਨ ਵਿੱਚ ਬੀਜੇ ਗਏ ਸਨ ਸੋ ਓਹ ਲੋਕ ਹਨ ਜਿਹੜੇ ਬਚਨ ਨੂੰ ਸੁਣ ਕੇ ਮੰਨ ਲੈਂਦੇ ਅਤੇ ਫਲ ਦਿੰਦੇ ਹਨ, ਕੁਝ ਤੀਹ ਗੁਣਾ, ਕੁਝ ਸੱਠ ਗੁਣਾ, ਕੁਝ ਸੌ ਗੁਣਾ।**

4:3–8 ਵਾਲੇ ਦ੍ਰਿਸ਼ਟਾਂਤ ਦਾ ਦੋਹਰਾ ਫ਼ਾਇਦਾ ਹੈ। (1) ਇਹ ਸਾਨੂੰ ਖ਼ੁਦਾ ਦੇ ਵਚਨ ਦੇ ਬੀਜੇ ਜਾਣ/ਪ੍ਰਚਾਰ ਕੀਤੇ ਜਾਣ ਦੇ ਕੰਮ ਨੂੰ ਵਿਖਾਉਂਦਾ ਹੈ, ਅਤੇ (2) ਇਹ ਇਸ ਗੱਲ ਨੂੰ ਮੰਨ ਲੈਂਦਾ ਹੈ ਕਿ ਬਹੁਤ ਸਾਰੇ ਲੋਕ ਨਹੀਂ ਸੁਣਨਗੇ, ਤਾਂ ਜੋ ਅਸੀਂ ਇਹਦੇ ਲਈ ਤਿਆਰ ਰਹੀਏ ਅਤੇ ਨਿਰਾਸ਼ ਨਾ ਹੋਈਏ। 4:13–20 ਵਾਲਾ ਇਹ ਹਿੱਸਾ ਬੀ ਬੀਜਣ ਅਤੇ ਵੱਖੋ–ਵੱਖ ਜ਼ਮੀਨਾਂ ਦੇ ਯਿਸੂ ਦੇ ਦ੍ਰਿਸ਼ਟਾਂਤ ਦਾ ਅਰਥ ਦੱਸਦਾ ਹੈ। ਮਰਕੁਸ ਦੇ ਵਿਰਤਾਂਤ ਵਿਚ ਜਿੱਥੇ ਬਹੁਵਚਨ ਵਰਤਿਆ ਗਿਆ ਹੈ ਉੱਥੇ ਹੀ ਮੱਤੀ ਦੇ ਵਿਰਤਾਂਤ ਵਿਚ ਇਹ ਇਕਵਚਨ ਵਿਚ ਹੈ। ਜ਼ਾਹਿਰ ਤੌਰ ਤੇ ਯਿਸੂ ਨੇ ਕਿਸੇ ਪੁੱਛਣ ਵਾਲੇ ਨਾਲ ਗੱਲ ਕਰਦਿਆਂ ਸ਼ੁਰੂਆਤ ਕੀਤੀ, ਅਤੇ ਫਿਰ ਉਸ ਨੇ ਸਭ ਸੁਣਨ ਵਾਲਿਆਂ ਲਈ ਆਪਣੀ ਚਰਚਾ ਨੂੰ ਅੱਗੇ ਵਧਾਇਆ। ਦੋਹਾਂ ਹੀ ਵਚਨਾਂ ਵਿਚ ਯਿਸੂ ਦੀਆਂ ਗੱਲਾਂ ਮੂਲ ਅਰਥ ਵਿਚ ਹਨ। ਇਸ ਨਾਲ ਉਨ੍ਹਾਂ ਦੇ ਖ਼ੁਦਾ ਦੀ ਪ੍ਰੇਰਣਾ ਨਾਲ ਹੋਣ ਦੀ ਗੱਲ ਕਿਸੇ ਵੀ ਤਰ੍ਹਾਂ ਨਾਲ ਘੱਟ ਨਹੀਂ ਹੁੰਦੀ, ਕਿਉਂ ਜੋ ਉਨ੍ਹਾਂ ਨੂੰ ਮੁਕਤੀਦਾਤੇ ਦੇ ਵਿਚਾਰਾਂ ਨੂੰ ਪਰਗਟ ਕਰਨ ਵਿਚ ਪਵਿੱਤਰ ਆਤਮਾ ਦੀ ਭਰੋਸੇਯੋਗ ਅਤੇ ਸਹੀ ਅਗਵਾਈ ਪ੍ਰਾਪਤ ਸੀ। ''ਪ੍ਰੇਰਣਾ'' ਸ਼ਬਦ ਦਾ ਅਰਥ ਇਹ ਹੋਵੇਗਾ ਕਿ ਹਰ ਸ਼ਬਦ ਨੂੰ ਰੱਬੀ ਅਗਵਾਈ ਪ੍ਰਾਪਤ ਹੈ, ਨਹੀਂ ਤਾਂ ਉਹ ਕਿਸੇ ਵੀ ਹਾਲ ਵਿਚ ਭਰੋਸੇਯੋਗ ਪ੍ਰੇਰਣਾ ਨਹੀਂ ਹੈ (ਮੱਤੀ 10:19, 20; 1 ਕੁਰਿੰਥੀਆਂ 2:13; 2 ਤਿਮੋਥਿਉਸ 3:16, 17)।

**ਆਇਤ 13.** ਬੀ ਬੀਜਣ ਵਾਲੇ ਦੇ ਇਸ ਦ੍ਰਿਸ਼ਟਾਂਤ ਨੂੰ ''ਸਾਰੇ ਦ੍ਰਿਸ਼ਟਾਂਤਾਂ ਦਾ ਮੁੱਢ'' ਮੰਨਿਆ ਗਿਆ ਹੈ। ਇਸ ਯਿਸੂ ਦੇ ਹੋਰ ਦ੍ਰਿਸ਼ਟਾਂਤਾਂ ਦੀ ਵਿਆਖਿਆ ਸਹੀ ਤਰੀਕੇ ਨਾਲ ਕਰਨ ਲਈ ਅਧਾਰ ਬਣਾਉਂਦਾ ਹੈ। 4:13 ਵਿਚ ਲੋਕਾਂ ਨੂੰ ਯਿਸੂ ਨੇ ਸਮਝ ਨਾ ਰੱਖਣ ਕਰਕੇ ਝਿੜਕਿਆ, **''ਕਿ ਤੁਸੀਂ ਇਹ ਦ੍ਰਿਸ਼ਟਾਂਤ ਨਹੀਂ ਸਮਝਦੇ? ਤਾਂ ਸਾਰੀਆਂ ਦ੍ਰਿਸ਼ਟਾਂਤਾ ਨੂੰ ਕਿੱਕੁਰ ਸਮਝੋਗੇ?''** ਇਕ ਅਰਥ ਵਿਚ ਉਹ ਇਹ ਆਖ ਰਿਹਾ ਸੀ, ''ਤੁਸੀਂ ਇਨ੍ਹਾਂ ਸਧਾਰਣ ਜਿਹੀਆਂ ਗੱਲਾਂ ਨੂੰ ਨਹੀਂ ਸਮਝਦੇ, ਤਾਂ ਇਹਦਾ

ਮਤਲਬ ਹੈ ਕਿ ਤੁਸੀਂ ਉਨ੍ਹਾਂ ਡੂੰਘੀਆਂ ਗੱਲਾਂ ਨੂੰ ਨਹੀਂ ਸਮਝ ਸਕੋਗੇ ਜਿਹੜੀਆਂ ਮੈਂ ਤੁਹਾਨੂੰ ਅੱਧੇ ਦੱਸਣ ਵਾਲਾ ਹਾਂ।'' ਸਾਨੂੰ ਦ੍ਰਿਸ਼ਟਾਂਤ ਅਸਾਨ ਲਗਦਾ ਹੈ। ਪਰ ਪਹਿਲੀ ਵਾਰ ਸੁਣਨ ਵਾਲਿਆਂ ਲਈ, ਜਿਹੜੇ ਯਿਸੂ ਦੇ ਸਿਖਾਉਣ ਦੇ ਇਸ ਢੰਗ ਤੋਂ ਅਣਜਾਣ ਸਨ, ਇਹ ਮੁਸ਼ਕਿਲ ਸੀ। ਚੇਲਿਆਂ ਨੂੰ ਸਮਝ ਘੱਟ ਆਉਂਦੀ ਸੀ, ਪਰ ਉਹ ਜਾਣਨ ਲਈ ਉਤਸੁਕ ਹਨ। ਯਿਸੂ ਨੇ ਆਪਣੇ ਸਬਕ ਨੂੰ ਉਨ੍ਹਾਂ ਲਈ ਸਮਝਾਉਣਾ ਸੀ।

**ਆਇਤ 14. ਬੀ ''ਬੀਜਣ ਵਾਲਾ ਬਚਨ ਬੀਜਦਾ ਹੈ।''** ਲੂਕਾ 8:11 ਬਿਆਨ ਕਰਦਾ ਹੈ ਕਿ ''ਬੀ'' ''ਪਰਮੇਸ਼ੁਰ ਦੇ ਵਚਨ'' ਵਰਗਾ ਹੈ। ਯਿਸੂ ਨੇ ਇਸ ਦ੍ਰਿਸ਼ਟਾਂਤ ਨੂੰ ਅੱਗੇ ਸਮਝਾਉਂਦੇ ਹੋਏ, ਵੱਖੋ-ਵੱਖ ਤਰ੍ਹਾਂ ਦੀ ਜ਼ਮੀਨ ਨੂੰ ਲੋਕਾਂ ਦੇ ਮਨਾਂ ਨਾਲ ਮਿਲਾਇਆ। ਉਸ ਨੇ ਚਾਰ ਤਰ੍ਹਾਂ ਦੇ ਮਨਾਂ ਦਾ ਵਰਣਨ ਕੀਤਾ।

**ਆਇਤ 15.** *ਸਖ਼ਤ ਮਨ।* **''ਪਹੇ ਦੇ ਕਨਾਰੇ ਵਾਲੇ ਜਿੱਥੇ ਬਚਨ ਬੀਜਿਆ ਜਾਂਦਾ ਹੈ ਸੋ ਏਹ ਲੋਕ ਹਨ।''** ਇਹ ''ਪਹੇ ਦਾ ਕਿਨਾਰਾ'' ਹੈ। ਇਹ ਚੰਗੀ ਜ਼ਮੀਨ ਹੋ ਸਕਦੀ ਹੈ, ਪਰ ਲੋਕਾਂ ਦੀ ਆਵਾਜਾਈ ਨਾਲ ਸਖ਼ਤ ਹੋ ਚੁਕੀ ਹੈ। ਇਹ ਰਾਹ ਉਸ ਸੁੰਨ ਮਨ ਨੂੰ ਵਿਖਾਉਂਦਾ ਹੈ ਜਿਹੜਾ ਸਮਝਣ ਦੇ ਅਯੋਗ ਹੋ ਗਿਆ ਹੈ; ਜਦੋਂ ''ਵਚਨ ਬੀਜਿਆ ਜਾਂਦਾ ਹੈ'' ਤਾਂ ਇਸ ਮਨ ਨੂੰ ਮੁਲਾਇਮ ਕਰਨ ਅਤੇ ਪ੍ਰਭਾਵੀ ਹੋਣ ਤੋਂ ਰੋਕ ਦਿੱਤਾ ਹੈ।

**ਜਦ ਉਨ੍ਹਾਂ ਨੇ ਸੁਣ ਲਿਆ ਤਦ ਸ਼ਤਾਨ ਓਵੇਂ** ਆ ਗਿਆ। ਬੀ ਜਾਂ ਵਚਨ ਨੂੰ ਸ਼ਤਾਨ ਦੀ ਗਤੀਵਿਧੀ ਨਾਲ ਚੁਗ ਲਿਆ ਜਾਂਦਾ ਹੈ। ਸ਼ਤਾਨ, ਜਿਹਦੇ ਲਈ ਇਸ ਆਇਤ ਵਿਚ ਕਿਹਾ ਗਿਆ ਹੈ ਕਿ ਉਹ ''ਉਵੇਂ ਆ'' ਕੇ ਸੁਣਨ ਵਾਲਿਆਂ ਦੇ ਇਸ ਵਰਗ ਨੂੰ ਹਰ ਤਰ੍ਹਾਂ ਦਾ ਲਾਲਚ ਦੇ ਕੇ ਖਿੱਚਣ ਦਾ ਕੰਮ ਕਰਦਾ ਹੈ। ਉਸ ਦੇ ਤਰੀਕਿਆਂ ਨੇ ਬਹੁਤਿਆਂ ਦੇ ਮਨ ਅੰਨ੍ਹੇ ਕਰ ਦਿੱਤੇ ਹਨ (2 ਕੁਰਿੰਥੀਆਂ 4:3), ਪਰ ਉਹ ਸਿਰਫ਼ ''ਬੇਪਰਤੀਤੇ ਮਨਾਂ'' ਨੂੰ ਹੀ ਅੰਨ੍ਹਿਆਂ ਕਰ ਸਕਦਾ ਹੈ ਤਾਂ ਜੋ ਇੰਜੀਲ ਦੇ ਪ੍ਰਤੀ ਉਨ੍ਹਾਂ ਵਿਚ ਕੋਈ ਖਿੱਚ ਨਾ ਹੋਵੇ।

ਸ਼ਤਾਨ ਸਚੁਮਚ ''ਇਸ ਜੁੱਗ ਦਾ ਈਸ਼ੁਰ'' ਹੈ (2 ਕੁਰਿੰਥੀਆਂ 4:4), ਜੋ ਕਿ ਉਹ ਨਹੀਂ ਰਹੇਗਾ ਜਦੋਂ ਉਹਨੂੰ ਅਤੇ ਉਹਦੇ ਦੂਤਾਂ ਨੂੰ ਅੱਗ ਵਿਚ ਸੁੱਟ ਦਿੱਤਾ ਜਾਵੇਗਾ (ਮੱਤੀ 25:41)। ਇੰਜੀਲ ਨੂੰ ਸੁਣ ਕੇ ਨਕਾਰਨ ਨਾਲ ਆਦਮੀ ਹੋਰ ਸਖ਼ਤ ਹੋ ਜਾਂਦਾ ਹੈ ਅਤੇ ਇਸ ਨੂੰ ਘੱਟ ਕਬੂਲ ਕਰਨ ਵਾਲਾ ਬਣ ਜਾਂਦਾ ਹੈ। ਜਿਨ੍ਹਾਂ ਲੋਕਾਂ ਦੇ ਮੁਤਅੱਸਬ ਉਨ੍ਹਾਂ ਨੂੰ ਇੰਜੀਲ ਨੂੰ ਨਹੀਂ ਵੇਖਣ ਦਿੰਦੇ ਉਹ ਇਸੇ ਵਰਗ ਵਿਚ ਆਉਂਦੇ ਹਨ। ਆਪਣ ਮਨ ਨੂੰ ਹਰ ਤਰ੍ਹਾਂ ਦੇ ਬੁਰੇ ਪ੍ਰਭਾਵ ਲਈ ਖੋਲ੍ਹ ਦੇਣ ਵਾਲਾ ਵਿਅਕਤੀ ਅਜਿਹੇ ਨਤੀਜੇ ਭੁਗਤੇਗਾ।

**ਆਇਤਾਂ 16, 17.** *ਪਥਰੀਲਾ ਮਨ।* ''**ਜਿਹੜੇ ਪਥਰੇਲਿਆਂ ਥਾਵਾਂ ਵਿੱਚ ਬੀਜੇ ਜਾਂਦੇ ਸੋ ਓਹ ਹਨ ਜਿਹੜੇ ਬਚਨ ਨੂੰ ਸੁਣਦਿਆਂ ਸਾਰ ਖੁਸ਼ੀ ਨਾਲ ਉਹਨੂੰ ਮੰਨ ਲੈਂਦੇ ਹਨ।**'' ਘੱਟ ਡੂੰਘੀ ਜ਼ਮੀਨ ਦਾ ਇਹ ਰੂਪਕ ਉਸ ਵਿਅਕਤੀ ਨੂੰ ਵਿਖਾਉਂਦਾ ਹੈ ਜਿਸ ਵਿਚ ਥੋੜ੍ਹੀ ਦੇਰ ਲਈ ਜੋਸ਼ ਹੁੰਦਾ ਹੈ, ਪਰ ਪਰੇਸ਼ਾਨੀ ਆਉਣ ਤੇ ਉਹਦਾ ਜੋਸ਼ ਠੰਡਾ ਪੈ ਜਾਂਦਾ ਹੈ ਅਤੇ ਉਹਦਾ ਅਨੰਦ ਗਾਇਬ ਹੋ ਜਾਂਦਾ ਹੈ। ਅਜਿਹਾ ਵਿਅਕਤੀ ਮੌਜੀ ਸੋਚ ਵਾਲਾ ਹੈ ਕਿਉਂ ਜੋ ਉਹਦੇ ਅੰਦਰ ਤਸੱਲੀ ਦੇ ਝੂਠੇ ਜਜ਼ਬਾਤ ਥੋੜ੍ਹੀ ਦੇਰ ਲਈ ਉੱਠ ਸਕਦੇ ਹਨ।[18] ਬਾਈਬਲ ਵਿਚ ''ਮਨ'' ਉਹਦੇ ਲਈ ਬਣਾਇਆ ਗਿਆ ਸ਼ਬਦ ਹੈ ਜਿਹ ਨੂੰ ਅਸੀਂ ''ਦਿਲ'' ਵੀ ਕਹਿ ਸਕਦੇ ਹਾਂ। ''ਦਿਲ (ਤਾਂ) ਸਭ ਚੀਜ਼ਾਂ ਨਾਲੋਂ ਧੋਖੇਬਾਜ਼ ਹੈ'' (ਯਿਰਮਿਯਾਹ 17:9), ਜਿਸਦਾ ਮਤਲਬ ਇਹ ਹੈ ਕਿ ਮਨੁੱਖੀ ਭਾਵਨਾਂਵਾਂ ਗੁਮਰਾਹ ਕਰਨ ਵਾਲੀਆਂ ਹੋ ਸਕਦੀਆਂ ਸਨ। ਉਦਾਹਰਣ ਲਈ, ਜੇ ਕਿਸੇ ਨੇ ਪਾਪਾਂ ਦੀ ਮਾਫ਼ੀ ਪਾਉਣ ਲਈ ਖ਼ੁਦਾ ਦੇ ਵਚਨ ਦਾ ਹੁਕਮ ਨਹੀਂ ਮੰਨਿਆ ਇਸ ''ਭਾਵਨਾ'' ਦਾ ਕੋਈ ਮਤਲਬ ਨਹੀਂ ਹੈ ਕਿ ਕੋਈ ਬਚਾਇਆ ਗਿਆ ਹੈ।

ਪਥਰੀਲੇ ਮਨਾਂ ਲਈ, ਯਿਸੂ ਨੇ ਆਖਿਆ ਕਿ ਉਹ **''ਆਪਣੇ ਵਿੱਚ ਜੜ੍ਹ ਨਹੀਂ ਰੱਖਦੇ ਹਨ ਪਰ**

**ਥੋੜਾ ਚਿਰ ਰਹਿੰਦੇ ਹਨ।''** ਮਿੱਟੀ ਦੀ ਕਮੀ ਵਾਲੇ ਅਜਿਹੇ ਵਿਅਕਤੀ ਨੂੰ ਵੇਖਣਾ ਦੁੱਖ ਵਾਲੀ ਗੱਲ ਹੈ। ਉੱਤੇਜਨਾ ਨਾਲ ਭਰੇ ਨਵੇਂ ਨਵੇਂ ਮਸੀਹੀ ਨੂੰ ਵੇਖਣ ਦੀ ਅਜਿਹੇ ਹਾਲਾਤ ਦੀ ਸਾਡੀ ਜਾਣਕਾਰੀ ਸਾਨੂੰ ਡਰਾ ਸਕਦੀ ਹੈ। ਜਿਨ੍ਹਾਂ ਲੋਕਾਂ ਦੀ ਗੱਲ ਯਿਸੂ ਨੇ ਕੀਤੀ, ਉਨ੍ਹਾਂ ਨੇ ਸੰਦੇਸ਼ ਨੂੰ ''ਝੱਟ'' ਅਤੇ ''ਅਨੰਦ ਨਾਲ'' ਗ੍ਰਹਿਣ ਕਰ ਲਿਆ, ਭਾਵ ਉਨ੍ਹਾਂ ਵਿਚ ਜੋਸ਼ ਬਹੁਤ ਸੀ। ਸਾਡੀ ਦੁਆ ਹੈ ਕਿ ਮਸੀਹ ਵਿਚ ਅਜਿਹੇ ਬਾਲਕ ਬਾਈਬਲ ਵਿਚ ਵਿਸ਼ਵਾਸ ਰੱਖਣ ਵਾਲੇ ਯੋਗ ਉਸਤਾਦਾਂ ਨਾਲ ਵਚਨ ਵਿਚ ਬਣੇ ਰਹਿਣ ਲਈ ਮਜਬੂਰ ਹੋ ਸਕਣ। ਉਹ ਉਨ੍ਹਾਂ ਲੋਕਾਂ ਵਰਗੇ ਚੰਚਲ ਹੋ ਸਕਦੇ ਹਨ ਜਿਹੜੇ ਯਿਸੂ ਦੇ ਫ਼ਤਹਿਮੰਦ ਦਾਖ਼ਲੇ ਵੇਲੇ ''ਹੋਸੰਨਾ'' ਪੁਕਾਰ ਰਹੇ ਸਨ (ਮੱਤੀ 21:4–10), ਜਿਹੜੇ ਉਦੋਂ ਛੇਤੀ ਹੀ ਭੱਜ ਗਏ ਸਨ। ਇਸੇ ਤਰ੍ਹਾਂ ਉਨ੍ਹਾਂ ਵਿੱਚੋਂ ਜਿਹੜੇ ''ਉਹਨੂੰ ਸਲੀਬ ਦਿਓ!'' ਦੀ ਪੁਕਾਰ ਕਰ ਰਹੇ ਸਨ, ਕਈਆਂ ਨੇ ਫ਼ਤਹਿਮੰਦ ਦਾਖਲੇ ਵੇਲੇ ਉਹਦੀ ਜੈ ਜੈਕਾਰ ਕੀਤੀ ਸੀ।[19]

ਚੰਚਲ ਲੋਕ ਸਾਰੇ ਚੇਲਿਆਂ ਵਿੱਚੋਂ ਸਭ ਤੋਂ ਬੁਰੇ ਹੁੰਦੇ ਹਨ; ਜੇ ਉਹ ਯਿਸੂ ਵਿਚ ਅਤੇ ਰੂਹਾਨੀ ਤੌਰ ਤੇ ਵਧਦੇ ਤਾਂ ਉਨ੍ਹਾਂ ਦਾ ਸਤਹੀ ਹੋਣਾ ਹੋਰ ਵੀ ਡੂੰਘਾ ਅਤੇ ਚੌੜਾ ਹੋ ਸਕਦਾ ਸੀ। ਯਿਸੂ ਨੇ ਸਾਨੂੰ ਦੱਸਿਆ ਕਿ ਜੇ ਅਸੀਂ ਉਸ ਦੇ ਵਚਨ ''ਵਿਚ ਬਣੇ'' ਰਹਿੰਦੇ ਹਾਂ ਤਾਂ ਅਸੀਂ ਸਚਮੁਚ ਵਿਚ ਉਸ ਦੇ ਚੇਲੇ ਹਾਂ (ਯੂਹੰਨਾ 8:31; ASV)। ਅਸਾਨੀ ਨਾਲ ਨਿਰਾਸ਼ ਹੋ ਜਾਣ ਵਾਲਿਆਂ ਲਈ ਵਫ਼ਾਦਾਰ ਹੋਣ ਦੀ ਡੂੰਘਿਆਈ ਤਕ ਪਹੁੰਚ ਪਾਉਣਾ ਮੁਸ਼ਕਿਲ ਹੁੰਦਾ ਹੈ। ਇਨ੍ਹਾਂ ਲੋਕਾਂ ਨੂੰ ਧੀਰਜ ਰੱਖਣ ਦੀ ਲੋੜ ਹੈ। ਕਈ ਵਾਰ ਅਜਿਹਾ ਵਿਹਾਰ ਦੁੱਖ ਸਹਿਣ ਨਾਲ ਬਣਦਾ ਹੈ। ਰੋਮੀਆਂ 5:3 ਕਹਿੰਦਾ ਹੈ, ''... ਬਿਪਤਾ ਵਿਚ ਵੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ।'' ਇਬਰਾਨੀਆਂ 12:5–10 ਵੀ ਇਸੇ ਸਚਿਆਈ ਨੂੰ ਦੱਸਦਾ ਹੈ ਕਿ:

> ਹੇ ਮੇਰੇ ਪੁੱਤਰ, ਤੂੰ ਪ੍ਰਭੂ ਦੀ ਤਾੜ ਨੂੰ ਤੁੱਛ ਨਾ ਜਾਣ,
> ਅਤੇ ਜਾਂ ਉਹ ਤੈਨੂੰ ਝਿੜਕੇ ਤਾਂ ਅੱਕ ਨਾ ਜਾਈਂ,
> ਕਿਉਂ ਜੋ ਜਿਹ ਦੇ ਨਾਲ ਪਿਆਰ ਕਰਦਾ ਹੈ,
> ਪ੍ਰਭੂ ਉਹਨੂੰ ਤਾੜਦਾ ਹੈ,
> ਅਤੇ ਹਰੇਕ ਪੁੱਤਰ ਨੂੰ ਜਿਹ ਨੂੰ ਉਹ ਕਬੂਲ ਕਰਦਾ ਹੈ,
> ਉਹ ਕੋਰੜੇ ਮਾਰਦਾ ਹੈ।''[20]
>
> ਤੁਸੀਂ ਸਹਾਰਾ ਜੋ ਕਰਦੇ ਹੋ ਇਹ ਤਾੜੇ ਜਾਣ ਦੇ ਨਮਿੱਤ ਹੈ। ਪਰਮੇਸ਼ੁਰ ਤੁਹਾਡੇ ਨਾਲ ਅਜਿਹਾ ਵਰਤਦਾ ਹੈ ਜਿਹਾ ਪੁੱਤਰ ਨਾਲ, ਕਿਉਂ ਜੋ ਉਹ ਕਿਹੜਾ ਪੁੱਤਰ ਹੈ ਜਿਹ ਨੂੰ ਪਿਉ ਨਹੀਂ ਤਾੜਦਾ? ਪਰ ਜੇ ਤੁਸੀਂ ਉਸ ਤਾੜਨਾ ਬਿਨਾ ਰਹੇ ਜਿਹ ਦੇ ਵਿਚ ਸੱਭੋ ਸਾਂਝੀ ਹੋਏ ਹਨ ਤਾਂ ਤੁਸੀਂ ਪੁੱਤਰ ਨਹੀਂ ਸਗੋਂ ਹਰਾਮ ਦੇ ਹੋ! ਫੇਰ ਸਾਡੇ ਸਰੀਰਕ ਪਿਉ ਸਨ ਜਿਹੜੇ ਤਾੜਨਾ ਕਰਦੇ ਸਨ ਅਤੇ ਅਸਾਂ ਉਨ੍ਹਾਂ ਦਾ ਆਦਰ ਕੀਤਾ। ਤਾਂ ਭਲਾ, ਅਸੀਂ ਬਹੁਤ ਵਧੀਕ ਆਤਮਿਆਂ ਦੇ ਪਿਤਾ ਦੇ ਅਧੀਨ ਨਾ ਹੋਈਏ ਅਤੇ ਜੀਵੀਏ? ਓਹ ਤਾਂ ਥੋੜ੍ਹੇ ਦਿਨਾਂ ਦੇ ਲਈ ਆਪਣੀ ਸਮਝ ਦੇ ਅਨੁਸਾਰ ਤਾੜਨਾ ਕਰਦੇ ਸਨ ਪਰ ਇਹ ਲਾਭ ਦੇ ਲਈ ਕਰਦਾ ਹੈ ਭਈ ਅਸੀਂ ਉਹਦੀ ਪਵਿੱਤਰਤਾਈ ਵਿਚ ਸਾਂਝੀ ਹੋਈਏ।

**ਅਤੇ ਜਾਂ ਬਚਨ ਦੇ ਕਾਰਣ ਦੁਖ ਵਿੱਚ ਪੈਂਦੇ ਯਾ ਸਤਾਏ ਜਾਂਦੇ ਹਨ ਤਾਂ** ਜੇ ਅਨੁਸ਼ਾਸ਼ਿਤ ਨਹੀਂ ਹੁੰਦੇ ਤਾਂ ਉਹ **ਝੱਟ ਠੋਕਰ ਖਾਂਦੇ ਹਨ।** ''ਠੋਕਰ ਖਾਂਦੇ'' ਯੂਨਾਨੀ ਸ਼ਬਦ σκανδαλίζω (*ਸਕੈਂਡਲਿਜ਼ੋ*) ਦਾ ਅਨੁਵਾਦ ਹੈ, ਜੋ ਕਿ ਖੱਡ ਜਾਂ ਕਿਸੇ ਦੇ ਰਾਹ ਵਿਚ ਰੱਖੀ ਠੋਕਰ[21] ਦੀ ਤਸਵੀਰ ਵਿਖਾਉਂਦਾ ਹੈ। ਜਿਹਦਾ ਮਨ ਪਥਰੀਲੀ ਜ਼ਮੀਨ ਵਰਗਾ ਹੋਵੇ, ਉਸ ਵਿਚ ਇਸ ਹਾਲਤ ਦਾ ਕੁਝ ਕਰਨ ਦੀ ਯੋਗਤਾ ਤਾਂ ਹੁੰਦੀ ਹੈ, ਪਰ ਉਹ ਕਰਦਾ ਨਹੀਂ ਹੈ। ਇਕ ਇਵੈਂਜਲਿਸਟ ਦਾ ਕਹਿਣਾ ਸੀ ਕਿ ਕਿਸੇ ਨੂੰ ਮਸੀਹ ਲਈ ਜਿੱਤਣ ਵਾਸਤੇ ਸਿਰਫ਼ 5 ਫ਼ੀਸਦੀ ਊਰਜਾ ਦੀ ਲੋੜ ਹੁੰਦੀ ਹੈ, ਪਰ ਉਹਨੂੰ ਮਸੀਹ ਵਿਚ ਬਣਾਈ ਰੱਖਣ

ਅਤੇ ਰੂਹਾਨੀ ਤੌਰ ਤੇ ਵਧਾਉਣ ਵਿਚ ਕਿਸੇ ਉਸਤਾਦ ਦੀ 95 ਫ਼ੀਸਦੀ ਊਰਜਾ ਚਾਹੀਦੀ ਹੁੰਦੀ ਹੈ।

ਸੰਯੋਗ ਨਾਲ, ''ਇਕ ਵਾਰ ਬਚਾਏ ਗਏ, ਤਾਂ ਹਮੇਸ਼ਾ ਲਈ ਬਚਾਏ ਗਏ'' ਦੇ ਵਿਚਾਰ ਨੂੰ ਮਸੀਹ ਦੇ ਇਨ੍ਹਾਂ ਸ਼ਬਦਾਂ ਨਾਲ ਫਟਕਾਰ ਪੈਂਦੀ ਹੈ। ਇਹ ਕਹਿਣਾ ਸਹੀ ਨਹੀਂ ਹੈ ਕਿ ਇਹ ਲੋਕ ਕਦੇ ਬਦਲੇ ਨਹੀਂ ਸਨ, ਜਿਵੇਂ ਕਿ ਬਹੁਤ ਸਾਰੇ ਲੋਕ ਕਰਦੇ ਹਨ; ਬਲਕਿ ਉਹ ਮਸੀਹ ਲਈ ਐਨੀ ਦੇਰ ਤਕ ਸਮਰਪਤ ਨਹੀਂ ਰਹੇ ਜਿਸ ਨਾਲ ਉਹ ਪਰਿਪੱਕ ਸੰਤ ਬਣ ਸਕਣ।

**ਆਇਤਾਂ 18, 19.** *ਭਰਿਆ ਹੋਇਆ ਮਨ।* **''ਅਤੇ ਹੋਰ ਓਹ ਹਨ ਜਿਹੜੇ ਕੰਡਿਆਲਿਆਂ ਵਿੱਚ ਬੀਜੇ ਜਾਂਦੇ।''** ਅਜਿਹੀ ਹਾਲਤ ਵਾਲੇ ਮਨ ਵਾਲੇ ਲੋਕ ਕੰਡਿਆਲਿਆਂ ਵਾਲੀ ਜ਼ਮੀਨ ਵਰਗੇ ਹਨ। ਭਾਵੇਂ ਉਨ੍ਹਾਂ ਨੇ **ਬਚਨ ਸੁਣਿਆ** ਪਰ ਉਹ **ਦੁਨੀਆਂ ਦੀ ਚਿੰਤਾ** ਨਾਲ ਪਹਿਲਾਂ ਹੀ ਘਿਰੇ ਹੋਏ ਸਨ। ਅਜਿਹੇ ਲੋਕ ਜਿਨ੍ਹਾਂ ਦੀ ਕਦੇ ਪੂਰੀ ਤਰ੍ਹਾਂ ਨਾਲ ਤੋਬਾ ਨਹੀਂ ਹੋਈ, ਉਹ ਦੁਨੀਆਂ ਦੀਆਂ ਫ਼ਿਕਰਾਂ ਉੱਤੇ ਕਾਬੂ ਨਹੀਂ ਪਾਉਂਦੇ। ਬਹੁਤਾ ਕਰਕੇ ਅਜਿਹਾ **ਹੋਰਨਾਂ ਚੀਜ਼ਾਂ ਦਾ** ਬੇਹੱਦ **ਲੋਭ** ਦੇ ਨਾਲ-ਨਾਲ ਲਾਲਸਾਵਾਂ ਅਤੇ **ਧਨ ਦਾ ਧੋਖਾ** ਦੇ ਕਾਰਣ ਹੁੰਦਾ ਹੈ। ਦੌਲਤ ਪਾਉਣ ਦੇ ਚਾਹਵਾਨ ਲੋਕ ਆਮ ਤੌਰ ਤੇ ਉਸ ਜਾਇਦਾਦ ਦੀਆਂ ਫ਼ਿਕਰਾਂ ਨਾਲ ਦੱਬੇ ਹੁੰਦੇ ਹਨ ਜਿਸ ਨਾਲ ਉਨ੍ਹਾਂ ਨੂੰ ਬੜੀ ਮੁਹੱਬਤ ਹੁੰਦੀ ਹੈ। ਇਹ ਫ਼ਿਕਰਾਂ ਖ਼ੁਦਾ ਅਤੇ ਉਸ ਦੇ ਵਚਨ ਦੀਆਂ ਗੱਲਾਂ ਉਨ੍ਹਾਂ ਦੇ ਮਨ ਵਿੱਚੋਂ ਕੱਢ ਦਿੰਦੀਆਂ ਹਨ।

ਘਿਰੇ ਹੋਏ ਕੰਡਿਆਲਿਆਂ ਵਾਲੇ ਮਨ ਵਾਲੇ ਲੋਕ ਉਸ ਮੂਰਖ ਵਾਂਗ ਦੌਲਤ ਪਾਉਣ ਲਈ ਬੇਕਾਰ ਕੋਸ਼ਿਸ਼ਾਂ ਕਰਦੇ ਹਨ, ਜਿਸ ਨੂੰ ਪਤਾ ਹੈ ਕਿ ਉਹਦੇ ਨਾਲ ਹਮੇਸ਼ਾ ਉਲਟਾ ਹੀ ਹੁੰਦਾ ਹੈ, ਪਰ ਘਰ ਦਾ ਸਮਾਨ ਲਿਆਉਣ ਲਈ ਰੱਖੇ ਪੈਸਿਆਂ ਨੂੰ ਜੂਏ ਵਿਚ ਉਜਾੜੀ ਜਾਂਦਾ ਹੈ। ਅਜਿਹੇ ਲੋਕ ਰੋਅਬ, ਤਾਕਤ, ਦੌਲਤ ਅਤੇ ਸੁੱਖ ਦੀ ਤਮੰਨਾ ਕਰਦੇ ਹਨ। ਦੂਜੇ ਸ਼ਬਦਾਂ ਵਿਚ, ਉਨ੍ਹਾਂ ਚੀਜ਼ਾਂ ਦੀ ਲਾਲਸਾ ਕਰਦੇ ਹਨ ਜਿਹੜੀਆਂ ਇਸ ਸੰਸਾਰ ਲਈ ਕੀਮਤੀ ਹਨ। ਅਜਿਹੀਆਂ ਸਭ ਚੀਜ਼ਾਂ ਬੇਕਾਰ ਹੋ ਜਾਣਗੀਆਂ। ਯੂਹੰਨਾ ਨੇ ਲਿਖਿਆ:

> ਕਿਉਂਕਿ ਸੱਭੋ ਕੁਝ ਜੋ ਸੰਸਾਰ ਵਿਚ ਹੈ ਅਰਥਾਤ ਸਰੀਰ ਦੀ ਕਾਮਨਾ ਅਤੇ ਨੇਤਰਾਂ ਦੀ ਕਾਮਨਾ ਅਤੇ ਜੀਵਨ ਦਾ ਅਭਮਾਨ ਸੋ ਪਿਤਾ ਤੋਂ ਨਹੀਂ ਸਗੋਂ ਸੰਸਾਰ ਤੋਂ ਹੈ। ਅਤੇ ਸੰਸਾਰ ਨਾਲੇ ਉਹਦੀ ਕਾਮਨਾ ਬੀਤਦੀ ਜਾਂਦੀ ਹੈ ਪਰ ਜਿਹੜਾ ਪਰਮੇਸ਼ੁਰ ਦੀ ਇੱਛਿਆ ਉੱਤੇ ਚੱਲਦਾ ਹੈ ਉਹ ਸਦਾ ਤੀਕ ਕਾਇਮ ਰਹਿੰਦਾ ਹੈ (1 ਯੂਹੰਨਾ 2:16, 17)।

ਸ਼ਤਾਨ ਨੂੰ ਇਨ੍ਹਾਂ ਲੋਕਾਂ ਦੇ ਅੰਦਰੋਂ ''ਵਚਨ'' ਨੂੰ ਕੱਢਣ ਦੀ ਕੋਈ ਲੋੜ ਨਹੀਂ ਹੈ। ਕਿਉਂ ਜੋ ਆਪਣੇ ਮਨਾਂ ਵਿਚ ਉਹ ਪਹਿਲਾਂ ਤੋਂ ਹੀ ਦੋਸ਼ੀ ਹਨ। ਬੇਸ਼ੱਕ ਸ਼ਤਾਨ ਅਜੇ ਵੀ ਅਜਿਹੀਆਂ ਸੰਸਾਰਕ ਇੱਛਾਵਾਂ ਦਾ ਦੇਣ ਵਾਲਾ ਹੈ। ਉਹ ਖ਼ੁਦਾ ਦੇ ਸੰਦੇਸ਼ ਨੂੰ ਓਸੇ ਦੇ ਮਨ ਵਿੱਚੋਂ ਕੱਢ ਸਕਦਾ ਹੈ ਜਿਹੜਾ ਇਸ ਨੂੰ ਕਢਵਾਉਣ ਲਈ ਤਿਆਰ ਹੋਵੇ। ਇਹਦਾ ਮਤਲਬ ਇਹ ਹੋਇਆ ਕਿ ਕੋਈ ਚੇਲਾ, ਭਾਵੇਂ ਉਹ ਬਦਲ ਗਿਆ ਹੋਵੇ, ਫਿਰ ਵੀ ਛੱਡ ਕੇ ਜਾ ਸਕਦਾ ਹੈ। ਮਸੀਹੀ ਲੋਕ ਬਹੁਤ ਵਾਰ ਸ਼ਤਾਨ ਦੀਆਂ ਚਲਾਕੀਆਂ ਦੇ ਖ਼ਤਰੇ ਦੇ ਸਾਹਮਣੇ ਦੁਆ ਨਹੀਂ ਕਰ ਪਾਉਂਦੇ; ਸਾਨੂੰ ਲਗ ਸਕਦਾ ਹੈ ਕਿ ਅਸੀਂ ਆਪਣੀਆਂ ਕੋਸ਼ਿਸ਼ਾਂ ਨਾਲ ਆਪੇ ਕਾਮਯਾਬ ਹੋ ਸਕਦੇ ਹਾਂ। ਪਰ ਯਿਸੂ ਨੂੰ ਵੀ ਰੱਬੀ ਮਦਦ ਦੀ ਲੋੜ ਪਈ। ਉਸ ਨੂੰ ਫ਼ਰਿਸ਼ਤਿਆਂ ਨੂੰ ਸੱਦਣਾ ਪਿਆ ਤਾਂ ਜੋ ਭੁੱਖ ਅਤੇ ਸ਼ਤਾਨ ਨਾਲ ਲੜਾਈ ਤੋਂ ਬਾਅਦ ਉਸ ਨੂੰ ਫੇਰ ਤੋਂ ਤਾਕਤ ਮਿਲ ਸਕੇ (ਮੱਤੀ 4:1-11)।

ਬਹੁਤ ਸਾਰੀਆਂ ਧਾਰਮਿਕ ਜਮਾਤਾਂ ਦਾਅਵਾ ਕਰਦੀਆਂ ਹਨ ਕਿ ਖ਼ੁਦਾ ਦਾ ਪਿਆਰ ਐਨਾ ਵੱਡਾ ਹੈ ਕਿ ਇਹ ਸ਼ਤਾਨ ਅਤੇ ਸਾਡੀਆਂ ਅੰਦਰੂਨੀ ਕਮਜ਼ੋਰੀਆਂ ਉੱਤੇ ਹਾਵੀ ਹੋ ਜਾਂਦਾ ਹੈ ਤਾਂ ਜੋ ਅਸੀਂ ਧੋਖੇ ਵਿਚ ਆ ਕੇ ਪਾਪ ਵਿਚ ਫੇਰ ਤੋਂ ਨਾ ਪੈ ਜਾਈਏ। ਅਫ਼ਸੋਸ ਦੀ ਗੱਲ ਹੈ ਕਿ ਲੋਕਾਂ ਨਾਲ ਇਹ ਰੋਜ਼ ਹੁੰਦਾ ਹੈ। ਨਵਾਂ ਨੇਮ ਖ਼ੁਦਾ ਦੀ ਬਜਾਇ ਮਨੁੱਖਾਂ ਲਈ (ਮੱਤੀ 6:1), ''ਝੂਠੇ ਨਬੀਆਂ'' (ਮੱਤੀ 7:15),

''ਮਨੁੱਖਾਂ'' (ਮੱਤੀ 10:17), ''ਬੁਰੇ ਪ੍ਰਭਾਵ'' (''ਖ਼ਮੀਰ''; ਮੱਤੀ 16:6, 11[22]), ''ਲਾਲਚ'' (ਲੂਕਾ 12:15), ਅਤੇ ''ਬੁਰੇ ਕੰਮ ਕਰਨ ਵਾਲਿਆਂ'' ਅਤੇ ਝੂਠੇ ਗੁਰੂਆਂ ਦੀ (ਫ਼ਿਲਿੱਪੀਆਂ 3:2) ਮੰਜ਼ੂਰੀ ਚਾਹੁਣ ਤੋਂ ''ਸਾਵਧਾਨ'' ਰਹਿਣ ਦੀ ਚਿਤਾਵਨੀ ਬਾਰ-ਬਾਰ ਦਿੰਦਾ ਹੈ। ਜੇ ਕੋਈ ਖ਼ਤਰਾ ਹੈ ਹੀ ਨਹੀਂ ਤਾਂ ਐਨੀਆਂ ਚਿਤਾਵਨੀਆਂ ਕਿਉਂ ਦਿੱਤੀਆਂ ਗਈਆਂ?

ਭਰੇ ਹੋਏ ਮਨ ਅੱਜ ਕਲੀਸੀਆ ਵਿਚ ਬਹੁਤ ਸਾਰੇ ਹੋ ਸਕਦੇ ਹਨ ਕਿਉਂ ਜੋ ਮਸੀਹੀ ਲੋਕ ਖ਼ਤਰੇ ਤੋਂ ਅਣਜਾਣ ਹਨ। ਬਹੁਤ ਸਾਰੇ ਲੋਕ ਖ਼ੁਦਾ ਦੇ ਵਚਨ ਤੇ ਮਨਨ ਕਰਨ ਲਈ ਸਮਾਂ ਨਹੀਂ ਦਿੰਦੇ ਜਿਸ ਨਾਲ ਉਨ੍ਹਾਂ ਦੀ ਤਰੱਕੀ ਹੋ ਸਕੇ। ਸਾਨੂੰ ਕਿਹਾ ਗਿਆ ਹੈ, ''ਨਵ ਜੰਮੇ ਬੱਚਿਆਂ ਵਾਂਗਰ, ਬਿਨਾਂ ਮਿਲਾਵਟ ਦੇ ਆਤਮਿਕ ਦੁੱਧ ਦੀ ਤਾਂਘ ਰੱਖਿਆ ਕਰੋ ਤਾਂ ਜੋ ਤੁਸੀਂ ਉਸ ਨਾਲ ਮੁਕਤੀ ਵੱਲ ਵਧਦੇ ਜਾਓ'' (1 ਪਤਰਸ 2:2; ASV)। ਪਰ ਕੰਡਿਆਲੀ ਜ਼ਮੀਨ ਵਰਗੇ ਮਨ ਵਾਲੇ ਲੋਕ, ਇੱਕੋ ਹੀ ਸਮੇਂ ਤੰਗ ਰਾਹ ਵਿਚ ਅਤੇ ਚੌੜੇ ਰਾਹ ਵਿਚ ਵੀ ਚੱਲਣ ਦੀ ਕੋਸ਼ਿਸ਼ ਕਰਦੇ ਹਨ, ਜੋ ਕਿ ਨਾਮੁਮਕਿਨ ਹੈ (ਵੇਖੋ ਮੱਤੀ 7:13, 14)।

ਯਿਸੂ ਵੱਲੋਂ ਆਪਣੇ ਦ੍ਰਿਸ਼ਟਾਂਤਾਂ ਦੇ ਜ਼ਰੀਏ ਦਿੱਤੇ ਸਬਦ ਨੂੰ ਉਨ੍ਹਾਂ ਲੋਕਾਂ ਵੱਲੋਂ ਜੋ ਅਜੇ ਵੀ ਸ਼ਤਾਨ ਅਤੇ ਉਸ ਦੀਆਂ ਚਲਾਕੀਆਂ ਤੋਂ ਡਰਦੇ ਹਨ, ਘਰ ਦੀਆਂ ਛੱਤਾਂ ਤੋਂ ਸਾਫ਼ ਅਤੇ ਸਪੱਸ਼ਟ ਭਾਸ਼ਾ ਨਾਲ ਜ਼ੋਰ ਜ਼ੋਰ ਨਾਲ ਸੁਣਾਇਆ ਜਾਣਾ ਚਾਹੀਦਾ ਹੈ। ਧਨ ਦੌਲਤ ਦੀ ਲਾਲਸਾ ਬਹੁਤ ਵੱਡੀ ਹੈ। ਦੌਲਤ ਕਮਾਉਣ ਦੀਆਂ ਯੋਜਨਾਵਾਂ ਬੇਸ਼ੁਮਾਰ ਹਨ ਪਰ ਆਮ ਤੌਰ ਤੇ ਉਨ੍ਹਾਂ ਨਾਲ ਬੜਾ ਨੁਕਸਾਨ ਹੁੰਦਾ ਹੈ। ਸਖ਼ਤ ਮਿਹਨਤ, ਕਿਰਤ ਵਾਲੀ ਜ਼ਿੰਦਗੀ, ਪੈਸਾ ਬਚਾਉਣਾ ਅਤੇ ਪ੍ਰਭੂ ਦੇ ਕੰਮ ਲਈ ਦੇਣਾ ਕਿਸੇ ਵੀ ਹੋਰ ਮਾਲੀ ਯੋਜਨਾ ਨਾਲੋਂ ਵੱਧ ਫ਼ਾਇਦਾ ਕਰੇਗਾ। ਸਾਨੂੰ ਸੁਰਗ ਵਿਚ ਆਪਣਾ ਧਨ ਇਕੱਠਾ ਕਰਨਾ ਜ਼ਰੂਰੀ ਹੈ, ਜਿੱਥੋਂ ਨਾ ਤਾਂ ਇਹ ਚੋਰੀ ਹੋ ਸਕਦਾ ਹੈ, ਨਾ ਕੀੜਾ ਲਗਦਾ ਹੈ ਅਤੇ ਨਾ ਜੰਗਾਲ (ਮੱਤੀ 6:19, 20)।

ਧਨ ਅਤੇ ਉਹਦੇ ਪਿਆਰ ਨਾਲੋਂ ਵਧ ਕੇ ਖ਼ਤਰਨਾਕ ਹੋਰ ਕੋਈ ਚੀਜ਼ ਨਹੀਂ ਹੋ ਸਕਦੀ, ਕਿਉਂ ਜੋ ''ਹੋਰਨਾਂ ਚੀਜ਼ਾਂ ਦੇ ਲੋਭ'' **ਆਣ ਕੇ ਬਚਨ ਨੂੰ ਦਬਾ ਲੈਂਦੇ ਹਨ ਅਤੇ ਉਹ ਅਫੱਲ ਰਹਿੰਦਾ ਹੈ।** ਸੰਸਾਰ ਵਿਚ ਜਿਹੜਾ ਸਭ ਤੋਂ ਵੱਡਾ ਦੁਖਾਂਤ ਵੇਖਣ ਨੂੰ ਮਿਲਦਾ ਹੈ ਉਹ ਕਲੀਸੀਆ ਦੇ ਮਨਾਂ ਵਿਚ ਸਿੱਖਿਆ ਦੀ ਮਿਲਾਵਟ ਦਾ ਚੁੱਪ ਕੀਤੇ ਆ ਕੇ ਖ਼ੁਦਾ ਦੀ ਸਚਿਆਈ ਨੂੰ ਕੱਢ ਦੇਣਾ ਹੈ। ਜੇ ਅਸੀਂ ਖ਼ੁਦਾ ਦੇ ਵਚਨ ਦਾ ਅਤੇ ਸਿਰਫ਼ ਵਚਨ ਦਾ ਪ੍ਰਚਾਰ ਕਰਦੇ ਹਾਂ ਤਾਂ ਸਾਡੇ ਭਰਾ ਵਚਨ ਨਾਲ ਪਿਆਰ ਕਰਨਗੇ ਅਤੇ ਇਸ ਨੂੰ ਆਪਣੇ ਮਨਾਂ ਵਿੱਚੋਂ ਨਹੀਂ ਨਿੱਕਲਣ ਦੇਣਗੇ।

**ਆਇਤ 20.** *ਉਪਜਾਊ ਮਨ।* **ਜਿਹੜੇ ਚੰਗੀ ਜ਼ਮੀਨ ਵਿੱਚ ਬੀਜੇ ਗਏ ਸਨ ਸੋ ਓਹ ਲੋਕ ਹਨ।** ਸੁਣਨ ਵਾਲਿਆਂ ਦੇ ਬਗੈਰ ਜਿਨ੍ਹਾਂ ਦੇ ਮਨ ਉਪਜਾਊ ਹੋਣ, ਦੁਨੀਆਂ ਭਰ ਦੇ ਸਭ ਵਫ਼ਾਦਾਰ ਗੁਰੂਆਂ ਨੂੰ ਕੁਝ ਹਾਸਲ ਨਹੀਂ ਹੋਵੇਗਾ। ਇਸ ਵੇਰਵੇ ਨਾਲ ਮੇਲ ਖਾਣ ਵਾਲਾ ਵਿਅਕਤੀ ਇੰਜੀਲ ਦੀ ਪੂਰੀ ਤਾਕਤ ਨੂੰ ਮੰਨ ਲੈਂਦਾ ਅਤੇ ਪੂਰੀ ਤਰ੍ਹਾਂ ਨਾਲ ਤੋਬਾ ਕਰਦਾ ਹੈ ਅਤੇ ਬੁਰੀਆਂ ਲਾਲਸਾਵਾਂ ਨੂੰ ਕੱਢਣ ਲਈ ਕੰਮ ਕਰਦਾ ਹੈ। ਉਹ ਸ਼ਤਾਨ ਨੂੰ ਉਸ ਨੂੰ ਸੁਣਾਏ ਗਏ ਵਚਨ ਨੂੰ ਚੋਰੀ ਨਹੀਂ ਕਰਨ ਦਿੰਦਾ, ਕਿਉਂ ਜੋ ਇਹ ਉਹਦੇ ਮਨ ਦੀ ਤਹਿ ਤਕ ਚਲਿਆ ਗਿਆ ਹੈ। ਉਹ ਪਾਪ ਵਿਚ ਬਣਿਆ ਨਹੀਂ ਰਹਿੰਦਾ ਹੈ ਅਤੇ ਜੋ ਉਹਦੇ ਅੰਦਰ ਬੀਜਿਆ ਗਿਆ ਹੈ ਉਸ ਨੂੰ ਕੱਢਣ ਨਹੀਂ ਦਿੰਦਾ। 1 ਯੂਹੰਨਾ 3:9 ਵਿਚ ਅਜਿਹੇ ਹੀ ਚੇਲੇ ਦੀ ਗੱਲ ਕੀਤੀ ਗਈ ਹੈ: ''ਹਰ ਕੋਈ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਪਾਪ ਨਹੀਂ ਕਰਦਾ ਕਿਉਂ ਜੋ ਉਹ ਦਾ ਬੀ ਓਸ ਵਿਚ ਰਹਿੰਦਾ ਹੈ ਅਤੇ ਉਹ ਪਾਪ ਨਹੀਂ ਕਰ ਸੱਕਦਾ ਇਸ ਲਈ ਜੋ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ ਹੈ।'' ਮਤਲਬ ਇਹ ਕਿ ਮਸੀਹੀ ਵਿਅਕਤੀ ''ਪਾਪ ਕਰਦਾ'' ਨਹੀਂ ਰਹਿੰਦਾ (NIV)।

**''ਜਿਹੜੇ ਬਚਨ ਨੂੰ ਸੁਣ ਕੇ ਮੰਨ ਲੈਂਦੇ ਅਤੇ ਫਲ ਦਿੰਦੇ ਹਨ, ਕੁਝ ਤੀਹ ਗੁਣਾ, ਕੁਝ ਸੱਠ ਗੁਣਾ,**

**ਕੁਝ ਸੌ ਗੁਣਾ।''** ਜਿਵੇਂ ਕਿ ਲੂਕਾ 8:11 ਵਿਚ ਸਾਫ਼-ਸਾਫ਼ ਕਿਹਾ ਗਿਆ ਹੈ, ''ਬੀ ਪਰਮੇਸ਼ੁਰ ਦਾ ਵਚਨ ਹੈ,'' ਉਪਜਾਊ ਮਨ ਵਾਲਾ ਵਿਅਕਤੀ ਖ਼ੁਦਾ ਦੇ ਵਚਨ ਨੂੰ ਸਮਝ ਕੇ ਉਸ ਨੂੰ ਫੜ੍ਹੀ ਰੱਖਦਾ ਹੈ। ਲੂਕਾ 8:15 ਇਸ ਨੂੰ ਇਸ ਤਰ੍ਹਾਂ ਆਖਦਾ ਹੈ, ''ਪਰ ਜੋ ਚੰਗੀ ਜ਼ਮੀਨ ਵਿਚ ਕਿਰਿਆ ਸੋ ਓਹ ਹਨ ਜਿਹੜੇ ਸੁਣ ਕੇ ਵਚਨ ਨੂੰ ਚੰਗੇ ਅਤੇ ਖਰੇ ਦਿਲ ਵਿਚ ਸਾਂਭੀ ਰੱਖਦੇ ਹਨ ਅਰ ਧੀਰਜ ਨਾਲ ਫਲ ਦਿੰਦੇ ਹਨ।''

ਕਿਸੇ ਅਜਿਹੇ ਵਿਅਕਤੀ ਨੂੰ ਮਿਲਣਾ ਕਿੰਨਾਂ ਉਤਸ਼ਾਹ ਵਧਾਉਣ ਵਾਲਾ ਹੈ ਜਿਹੜਾ ਮਸੀਹ ਲਈ ਜੰਗ ਵਿਚ ਕਦੇ ਡੋਲਦਾ ਨਾ ਹੋਵੇ ਬਲਕਿ ਭਲਿਆਈ ਲਈ ਦੂਜਿਆਂ ਨੂੰ ਪ੍ਰਭਾਵਿਤ ਕਰਨ ਲਈ ਵਧਦਾ ਜਾਂਦਾ ਹੋਵੇ, ਉਨ੍ਹਾਂ ਨੂੰ ਮੁਕਤੀਦਾਤੇ ਦੇ ਕੋਲ ਲੈ ਕੇ ਹੀ ਜਾਂਦਾ ਹੋਵੇ! ਇਹ ਵਿਅਕਤੀ ਦੂਜਿਆਂ ਨੂੰ ਵੱਡੀ ਗਿਣਤੀ ਵਿਚ ਮਸੀਹ ਦੇ ਕੋਲ ਲੈ ਕੇ ਆਉਂਦਾ ਹੈ। ਤਰਬੂਜ਼ ਦਾ ਇਕ ਬੀ ਬੀਜੇ ਜਾਣ ਅਤੇ ਉਸ ਤੋਂ ਇਕ ਸੌ ਤਰਬੂਜ਼ ਮਿਲਣ ਦੀ ਕਲਪਨਾ ਕਰੋ। ਸਾਨੂੰ ਦ੍ਰਿਸ਼ਟਾਂਤਾਂ ਨਾਲ ਖ਼ਬਰਦਾਰ ਰਹਿਣ ਦੀ ਲੋੜ ਹੈ। ਇੱਥੇ ਦੱਸੀ ਗਈ ਚਾਰ ਤਰ੍ਹਾਂ ਦੀ ਜ਼ਮੀਨ ਵਿੱਚੋਂ ਤਿੰਨ ਤਰ੍ਹਾਂ ਦੀ ਜ਼ਮੀਨ ਬੇਕਾਰ ਮਨਾਂ ਨੂੰ ਵਿਖਾਉਂਦੀ ਹੈ, ਪਰ ਸਾਨੂੰ ਇਸ ਨੂੰ ਅਸਲ ਹਾਲਾਤ ਦੇ ਰੂਪ ਵਿਚ ਨਹੀਂ ਵੇਖਣਾ ਚਾਹੀਦਾ। ਜੇ ਚਾਰਾਂ ਵਿੱਚੋਂ ਸਿਰਫ਼ ਇਕ ਮਨਬਦਲੀ ਕਰਨ ਵਾਲਾ ਵਫ਼ਾਦਾਰ ਰਹੇ ਤਾਂ ਸਚਮੁਚ ਵਿਚ ਇਹ ਇਕ ਮਾੜਾ ਫ਼ੀਸਦੀ ਹੋਵੇਗਾ।

## ਦੀਵੇ ਦਾ ਦ੍ਰਿਸ਼ਟਾਂਤ (4:21-25)[23]

**[21]ਉਸ ਨੇ ਉਨ੍ਹਾਂ ਨੂੰ ਆਖਿਆ, ਕੀ ਦੀਵਾ ਟੋਪੇ ਦੇ ਹੇਠ ਯਾ ਮੰਜੇ ਦੇ ਹੇਠ ਰੱਖਣ ਨੂੰ ਲਿਆਉਂਦੇ ਹਨ ਅਤੇ ਦੀਵਟ ਉੱਤੇ ਰੱਖਣ ਨੂੰ ਨਹੀਂ? [22]ਕੋਈ ਵਸਤੁ ਗੁਪਤ ਨਹੀਂ ਪਰ ਇਸ ਲਈ ਜੋ ਉਹ ਪਰਗਟ ਕੀਤੀ ਜਾਏ ਅਤੇ ਨਾ ਕੋਈ ਵਸਤੁ ਛਿਪਾਈ ਗਈ ਪਰ ਇਸ ਲਈ ਜੋ ਉਹ ਉਜਾਗਰ ਹੋਵੇ [23]ਜੇ ਕਿਸੇ ਦੇ ਸੁਨਣ ਦੇ ਕੰਨ ਹੋਣ ਤਾਂ ਸੁਣੇ [24]ਫੇਰ ਉਸ ਨੇ ਉਨ੍ਹਾਂ ਨੂੰ ਕਿਹਾ, ਚੌਕਸ ਰਹੋ ਜੋ ਕੀ ਸੁਣਦੇ ਹੋ ! ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਓਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ ਅਤੇ ਤੁਹਾਨੂੰ ਵਧੀਕ ਦਿੱਤਾ ਜਾਵੇਗਾ [25]ਕਿਉਂਕਿ ਜਿਹ ਦੇ ਕੋਲ ਕੁਝ ਹੈ ਉਹਨੂੰ ਦਿੱਤਾ ਜਾਵੇਗਾ ਅਤੇ ਜਿਹ ਦੇ ਕੋਲ ਨਹੀਂ ਉਸ ਤੋਂ ਜੋ ਕੁਝ ਹੈ ਸੋ ਭੀ ਲੈ ਲਿਆ ਜਾਵੇਗਾ।**

ਯਿਸੂ ਨੇ ਜਦੋਂ ਦ੍ਰਿਸ਼ਟਾਂਤਾਂ ਵਿਚ ਗੱਲਾਂ ਸ਼ੁਰੂ ਕੀਤੀਆਂ ਹੋਣਗੀਆਂ ਤਾਂ ਉਹਦੇ ਸੁਣਨ ਵਾਲੇ ਹੈਰਾਨ ਹੋਏ ਹੋਣਗੇ, ''ਭਲਾ ਉਹ ਆਪਣੇ ਉਪਦੇਸ਼ ਨੂੰ ਲੁਕਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ?'' ਦੀਵੇ ਵਾਲੇ ਦ੍ਰਿਸ਼ਟਾਂਤ ਤੋਂ ਇਹ ਪਤਾ ਲਗਦਾ ਹੈ ਕਿ ਅਜਿਹਾ ਨਹੀਂ ਹੈ, ਕਿਉਂਕਿ ਜਦ ਦ੍ਰਿਸ਼ਟਾਂਤਾਂ ਦੀ ਸਮਝ ਆ ਜਾਂਦੀ ਹੈ ਤਾਂ ਉਸ ਨਾਲ ਸੁਣਨ ਵਾਲਿਆਂ ਨੂੰ ਹੋਰ ਸਪੱਸ਼ਟ ਹੋ ਜਾਂਦਾ ਹੈ। ਦ੍ਰਿਸ਼ਟਾਂਤਾਂ ਵਿਚਲਾ ਸਚ ਸਿਰਫ਼ ਥੋੜ੍ਹੀ ਦੇਰ ਲਈ ਲੁਕਿਆ ਹੋਇਆ ਹੈ ਅਤੇ ਉਸ ਤੋਂ ਬਾਅਦ ਉਹ ਸਿਰਫ਼ ਵਿਚਾਰ ਨਾ ਕਰਨ ਵਾਲੇ ਲਈ ਲੁਕਿਆ ਰਹਿੰਦਾ ਹੈ।

**ਆਇਤਾਂ 21, 22. ਉਨ੍ਹਾਂ** ਸੰਭਵ ਤੌਰ ਤੇ ਦੂਜੇ ਚੇਲਿਆਂ ਦੇ ਨਾਲ ਜਿਹੜੇ ਉਹਦੇ ਨਾਲ-ਨਾਲ ਰਹਿੰਦੇ ਸਨ, 4:10 ਵਿਚ ਯਿਸੂ ਤੋਂ ਸਵਾਲ ਪੁੱਛਣ ਵਾਲਿਆਂ ਨੂੰ ਕਿਹਾ ਗਿਆ ਹੈ। ਯਿਸੂ ਨੇ ਉਨ੍ਹਾਂ ਨੂੰ ਆਖਿਆ, **''ਕੀ ਦੀਵਾ ਟੋਪੇ ਦੇ ਹੇਠ ਯਾ ਮੰਜੇ ਦੇ ਹੇਠ ਰੱਖਣ ਨੂੰ ਲਿਆਉਂਦੇ ਹਨ ਅਤੇ ਦੀਵਟ ਉੱਤੇ ਰੱਖਣ ਨੂੰ ਨਹੀਂ?''** ਉਹ ''ਚੰਗੇ ਮਨਾਂ'' ਭਾਵ ਉਨ੍ਹਾਂ ਲੋਕਾਂ ਦੀ ਅਹਿਮੀਅਤ ਦੱਸ ਰਿਹਾ ਸੀ ਜਿਹੜੇ ਦੀਵੇ ਵਾਂਗ ਚਮਕਦੇ ਹਨ ਅਤੇ ਸਾਧਾਰਣ ਢੰਗ ਨਾਲ ਸਚਿਆਈ ਨੂੰ ਸਾਹਮਣੇ ਲਿਆਉਂਦੇ ਹਨ। ਉਸ ਨੇ ਅਜਿਹੇ ''ਦੀਵੇ'' ਨੂੰ ਲੁਕਾਉਣਾ ਨਹੀਂ ਸੀ ਅਤੇ ਨਾ ਹੀ ਸਾਨੂੰ ਲੁਕਾਉਣਾ ਚਾਹੀਦਾ ਹੈ। ਇੰਜੀਲ ਦਾ ਕੰਮ ਰੌਸ਼ਨੀ ਫੈਲਾਉਣਾ ਅਤੇ ਹਰ ਕਿਸੇ ਨੂੰ ਸਚਿਆਈ ਤੋਂ ਜਾਣੂ ਕਰਾਉਣਾ ਹੈ। ਜੇ

ਸਚਿਆਈ ਨੂੰ ਗੁਮਨਾਮੀ ਵਿਚ (ਟੋਪੇ ਹੇਠ ਦੀਵੇ ਵਾਂਗ) ਰੱਖਿਆ ਜਾਂਦਾ ਹੈ ਤਾਂ ਇਹ ਉਹ ਕੰਮ ਨਹੀਂ ਕਰੇਗੀ ਜਿਹਦੇ ਲਈ ਇਹ ਹੈ। ਆਗਿਆਕਾਰ ਵਿਸ਼ਵਾਸ ਵਾਲੇ ਹਰ ਵਿਅਕਤੀ ਲਈ ਚਮਕਣਾ ਜ਼ਰੂਰੀ ਹੈ, ਨਹੀਂ ਤਾਂ ਉਹ ਆਪਣੇ ਸੁਰਗੀ ਪਿਤਾ ਦੀ ਵਡਿਆਈ ਨਹੀਂ ਕਰਦਾ (ਮੱਤੀ 5:16)। ਇਸੇ ਤਰ੍ਹਾਂ ਨਾਲ ਸਾਡੀ ਨਿਹਚਾ ਦਾ ਸਾਫ਼-ਸਾਫ਼ ਨਜ਼ਰ ਆਉਣਾ ਜ਼ਰੂਰੀ ਹੈ, ਨਹੀਂ ਤਾਂ ਮਸੀਹ ਲਈ ਇਹਦਾ ਕੋਈ ਅਸਰ ਨਹੀਂ ਹੈ। ਸਾਨੂੰ ਇੰਜੀਲ (ਚਾਨਣ) ਦੇ ਆਪਣੇ ਗਿਆਨ ਨੂੰ ਚਮਕਾਉਣਾ ਜ਼ਰੂਰੀ ਹੈ, ਨਹੀਂ ਤਾਂ, ਮਸੀਹੀ ਦੇ ਰੂਪ ਵਿਚ ਅਸੀਂ ਨਾਕਾਮ ਹਾਂ। ਅਤੇ ਯਕੀਨਨ ਦੂਜਿਆਂ ਨੂੰ ਮਸੀਹ ਵੱਲ ਖਿੱਚਣ ਦੀ ਕੋਸ਼ਿਸ਼ ਵਿਚ ਨਾਕਾਮ ਹੋਵਾਂਗੇ।

**ਕੋਈ ਵਸਤੁ ਗੁਪਤ ਨਹੀਂ ਪਰ ਇਸ ਲਈ ਜੋ ਉਹ ਪਰਗਟ ਕੀਤੀ ਜਾਏ ਅਤੇ ਨਾ ਕੋਈ ਵਸਤੁ ਛਿਪਾਈ ਗਈ ਪਰ ਇਸ ਲਈ ਜੋ ਉਹ ਉਜਾਗਰ ਹੋਵੇ।** ਯਿਸੂ ਦੀ ਇਹ ਸਿੱਖਿਆ ਫ਼ਰੀਸੀਆਂ ਅਤੇ ਗ੍ਰੰਥੀਆਂ ਨਾਲੋਂ ਬਿਲਕੁਲ ਉਲਟ ਹੋਵੇਗੀ, ਜਿਹੜੇ ਆਪਣੀ ਅਸਲ ਸਿੱਖਿਆ ਜਾਂ ਵਿਹਾਰ ਨੂੰ ''ਮਨੁੱਖੀ ਰੀਤਾਂ ਦੇ ਵੱਡੇ ਬੋਝ'' ਦੇ ਹੇਠ ਲੁਕਾ ਰਖਦੇ ਸਨ।[24] ਉਨ੍ਹਾਂ ਦੇ ਕੰਮ ਬਿਲਕੁਲ ਕਪਟ ਨਾਲ ਭਰੇ ਹੋਏ ਸਨ। ਮੱਤੀ 6:1-18 ਤੋਂ ਪਤਾ ਲਗਦਾ ਹੈ ਕਿ ਫ਼ਰੀਸੀਆਂ ਦੇ ਉਲਟ, ਯਿਸੂ ਦੇ ਚੇਲਿਆਂ ਲਈ ਕਿੰਨੇ ਧਰਮੀ ਹੋਣਾ ਜ਼ਰੂਰੀ ਹੈ। ਮੱਤੀ 23 ਵਿਚ ਆਮ ਲੋਕਾਂ ਅਤੇ ਚੇਲਿਆਂ ਦੇ ਸਾਹਮਣੇ ਯਿਸੂ ਦਾ ਤਿੱਖਾ ਸੰਦੇਸ਼ ਹੈ। ਸੰਭਵ ਤੌਰ ਤੇ ਇਸ ਨਾਲ ਫ਼ਰੀਸੀਆਂ ਦੇ ਪਾਪ ਨੂੰ ਪਹਿਲੀ ਵਾਰ ਆਮ ਲੋਕਾਂ ਵਿਚ ਵਿਖਾਇਆ ਗਿਆ।[25]

**ਆਇਤ 23.** ਯਿਸੂ ਨੇ ਖ਼ੁਦਾ ਦੇ ਵਚਨ ਦੀ ਗੱਲ ਕੀਤੀ, ਜਿਸ ਨੂੰ ਲੋਕ ਸਮਝ ਸਕਦੇ ਸਨ ਜੇ ਉਨ੍ਹਾਂ ਦੇ **ਸੁਣਨ ਦੇ ਕੰਨ ਹੋਣ।** ਸਮਝਣ ਦੀ ਜ਼ਿੰਮੇਵਾਰੀ ਹਮੇਸ਼ਾ ਸੁਣਨ ਵਾਲੇ ਤੇ ਪਾਈ ਗਈ ਹੈ। ਬਾਈਬਲ ਵਿਚ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਸੁਣਨ ਵਾਲੇ ਨੂੰ ਸਮਝਾਉਣ ਲਈ ''ਜਗਾਉਣ'' ਦਾ ਫ਼ਰਜ਼ ਆਤਮਾ ਦਾ ਹੋਵੇ।[26] ਆਮ ਤੌਰ ਤੇ ਲੋਕ ਆਖਦੇ ਹਨ, ''ਖ਼ੁਦਾ ਨੇ ਮੈਥੋਂ ਇਹ ਕਰਵਾਇਆ'' ਜਾਂ ''ਖ਼ੁਦਾ ਨੇ ਮੇਰੇ ਮਨ ਵਿਚ ਪਾਇਆ,'' ਪਰ ਕਿਸੇ ਵੀ ਤਰ੍ਹਾਂ ਨਾਲ ਇਹ ਸਾਬਤ ਨਹੀਂ ਕੀਤਾ ਜਾ ਸਕਦਾ ਕਿ ਖ਼ੁਦਾ ਨੇ ਉਨ੍ਹਾਂ ਨਾਲ ''ਗੱਲ ਕੀਤੀ'' ਪਰ ਅਸਲ ਵਿਚ ਕੋਈ ਸ਼ਬਦ ਨਹੀਂ ਬੋਲਿਆ ਗਿਆ।[27] ਇਹ ਜਾਣਨ ਦਾ ਕਿ ਖ਼ੁਦਾ ਸਾਥੋਂ ਕੀ ਚਾਹੁੰਦਾ ਹੈ, ਇੱਕੋ ਇਕ ਤਰੀਕਾ ਬਾਈਬਲ ਨੂੰ ਪੜ੍ਹਨਾ ਹੈ।

**ਆਇਤਾਂ 24, 25.** ਯਿਸੂ ਨੇ ਆਖਿਆ, **''ਚੌਕਸ ਰਹੋ ਜੋ ਕੀ ਸੁਣਦੇ ਹੋ !''** ਸਾਨੂੰ ਚੁਗਲੀਆਂ ਨਹੀਂ ਸੁਣਨੀਆਂ ਚਾਹੀਦੀਆਂ; ਸਾਨੂੰ ਉਸ ਸਚਿਆਈ ਨੂੰ ਸੁਣਨ ਦੀ ਤਾਂਘ ਕਰਨੀ ਚਾਹੀਦੀ ਹੈ ਜੋ ਕਿ ਸਾਬਤ ਹੋ ਚੁੱਕੀ ਹੈ। ਜਾਂ ਜਿਸ ਨੂੰ ਅਸਾਨੀ ਨਾਲ ਸਾਬਤ ਕੀਤਾ ਜਾ ਸਕਦਾ ਹੈ। ਸਾਡਾ ਫ਼ਰਜ਼ ਸਿਰਫ਼ ਸਚਿਆਈ ਨੂੰ ਧਿਆਨ ਨਾਲ ਸੁਣ ਕੇ ਮੰਨਣਾ ਹੈ। ਜਿੰਨਾ ਕੋਈ ਸਚਿਆਈ ਨੂੰ ਜਾਣਨ ਦਾ ਚਾਹਵਾਨ ਹੋਵੇਗਾ ਓਨਾਂ ਹੀ ਉਹਦੇ ਲਈ ਅਨਾਦੀਕਾਲ ਦੀ ਤਿਆਰੀ ਕਰਨਾ ਅਸਾਨ ਹੋਵੇਗਾ। ਇਹ ਨਿਯਮ ਜ਼ਿੰਦਗੀ ਅਤੇ ਆਖ਼ਰੀ ਨਿਆਂ ਲਈ ਲਾਗੂ ਹੁੰਦਾ ਹੈ। ਜਿਵੇਂ ਕਿ ਮੱਤੀ 25:1-13 ਵਿਚ ਦਸ ਕੁਆਰੀਆਂ ਦੇ ਰਾਹੀਂ ਸਮਝਾਇਆ ਗਿਆ ਹੈ।

**''ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਓਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ ਅਤੇ ਤੁਹਾਨੂੰ ਵਧੀਕ ਦਿੱਤਾ ਜਾਵੇਗਾ।''** ਜੇ ਅਸੀਂ ਯਿਸੂ ਦੀ ਹਰ ਗੱਲ ਨੂੰ ਪੂਰੀ ਤਰ੍ਹਾਂ ਨਾਲ ਸੁਣਦੇ ਹਾਂ, ਤਾਂ ਉਹ ਸਾਨੂੰ ਹੋਰ ਵੀ ਵੱਧ ਮੋੜੇਗਾ (ਲੂਕਾ 6:38)। ਜ਼ਿੰਦਗੀ ਦੇ ਹਰ ਰਿਸ਼ਤੇ ਵਿਚ ਇਹੀ ਗੱਲ ਲਾਗੂ ਹੁੰਦੀ ਹੈ। ਸਾਡੇ ਲਈ ਹੋਰ ਸਚਿਆਈ ਨੂੰ ਜਾਣਨ, ਸਚਿਆਈ ਦੇ ਰਾਹੀਂ ਅਜ਼ਾਦ ਹੋਣ ਅਤੇ ਸਚਮੁਚ ਵਿਚ ਉਹਦੇ ਚੇਲੇ ਬਣਨ ਲਈ, ਵਚਨ ਵਿਚ ਬਣੇ ਰਹਿਣਾ ਜ਼ਰੂਰੀ ਹੈ। ਸਚਿਆਈ ਨੂੰ ਜਿਹੜੀ ਸਾਨੂੰ ਅਜ਼ਾਦ ਕਰਦੀ ਹੈ ਜਾਣਨ ਦਾ ਸਿਰਫ਼ ਇਹੀ ਇਕ ਤਰੀਕਾ ਹੈ (ਯੂਹੰਨਾ 8:31, 32)। ਜੇ ਅਸੀਂ ਉਸ ਦੀ ਜੋ ਸਾਡੇ ਕੋਲ ਹੈ ਵਰਤੋਂ ਨਹੀਂ ਕਰਦੇ, ਤਾਂ ਅਸੀਂ ਉਸ ਨੂੰ ਗੁਆ ਦਿਆਂਗੇ, ਪਰ ਤੋੜੇ ਨੂੰ ਵਰਤਣ ਨਾਲ ਇਹ ਵਧਦਾ ਜਾਵੇਗਾ (ਮਰਕੁਸ 4:25)।

**‘‘ਕਿਉਂਕਿ ਜਿਹ ਦੇ ਕੋਲ ਕੁਝ ਹੈ ਉਹਨੂੰ ਦਿੱਤਾ ਜਾਵੇਗਾ ਅਤੇ ਜਿਹ ਦੇ ਕੋਲ ਨਹੀਂ ਉਸ ਤੋਂ ਜੋ ਕੁਝ ਹੈ ਸੋ ਭੀ ਲੈ ਲਿਆ ਜਾਵੇਗਾ।’’** ਭਲਾ ਅਜਿਹਾ ਹੋਇਆ ਹੈ ਕਿ ਤੁਸੀਂ ਕੋਈ ਭਾਸ਼ਾ ਸਿੱਖੀ ਅਤੇ ਫਿਰ ਉਸ ਨੂੰ ਵਰਤ ਨਹੀਂ ਸਕੇ? ਮੈਂ ਕਲੀਸੀਆ ਦੇ ਕੁਝ ਲੋਕਾਂ ਦੇ ਨਾਂਅ ਸਿੱਖੇ ਅਤੇ ਤਿੰਨ ਮਹੀਨੇ ਬਾਅਦ ਉਹ ਮੈਨੂੰ ਯਾਦ ਨਹੀਂ ਰਹੇ, ਕਿਉਂ ਜੋ ਕਈ ਹਫ਼ਤਿਆਂ ਤਕ ਮੈਂ ਉਨ੍ਹਾਂ ਵਿੱਚੋਂ ਕੋਈ ਨਾਂਅ ਦੁਹਰਾਇਆ ਨਹੀਂ। ਲੂਕਾ 8:18 ਦੱਸਦਾ ਹੈ ਕਿ ਜੋ ਕੋਈ ‘‘ਆਪਣੀ ਜਾਚ ਵਿਚ ਰੱਖਦਾ ਹੈ’’ ਉਹ ਉਸ ਤੋਂ ਲੈ ਲਿਆ ਜਾਵੇਗਾ। ਖ਼ੁਦਾ ਖੁੱਲ੍ਹਦਿਲੀ ਨਾਲ ਦੇਣ ਵਾਲੇ ਨੂੰ ਬਰਕਤ ਦਿੰਦਾ ਰਹਿੰਦਾ ਹੈ। 2 ਕੁਰਿੰਥੀਆਂ 9:6−9 ਵਿਚ ਪੌਲੁਸ ਨੇ ਲਿਖਿਆ:

> ਪਰ ਗੱਲ ਇਹ ਹੈ ਭਈ ਜਿਹੜਾ ਘੱਟ ਬੀਜਦਾ ਹੈ ਉਹ ਘੱਟ ਵੱਢੇਗਾ ਅਤੇ ਜਿਹੜਾ ਖੁੱਲ੍ਹੇ ਦਿਲ ਬੀਜਦਾ ਹੈ ਉਹ ਖੁੱਲ੍ਹੇ ਦਿਲ ਵੱਢੇਗਾ। ਹਰੇਕ ਜਿਵੇਂ ਉਹਨੇ ਦਿਲ ਵਿਚ ਧਾਰਿਆ ਹੈ ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ। ਅਤੇ ਪਰਮੇਸ਼ੁਰ ਤੁਹਾਡੇ ਉੱਤੇ ਸਾਰੀ ਕਿਰਪਾ ਬਹੁਤੀ ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ ਸਦਾ ਸਭ ਕੁਝ ਤੁਹਾਡੇ ਕੋਲ ਹੋਵੇ ਕਿ ਹਰ ਸ਼ੁਭ ਕਰਮ ਲਈ ਤੁਹਾਡੇ ਕੋਲ ਵਾਫ਼ਰ ਭੀ ਹੋਵੇ,
>
> ਜਿਵੇਂ ਲਿਖਿਆ ਹੋਇਆ ਹੈ ਉਹਨੇ ਖਿੰਡਾਇਆ, ਕੰਗਾਲਾਂ ਨੂੰ ਦਿੱਤਾ,<br>ਉਹ ਦਾ ਧਰਮ ਸਦਾ ਤੀਕ ਬਣਿਆ ਰਹਿੰਦਾ ਹੈ (ਜ਼ਬੂਰ 112:9 ਦੇਖੋ)।

ਖ਼ੁਦਾ ‘‘ਆਪਣੀ ਕਿਰਪਾ ਦੇ ਧਨ ਅਨੁਸਾਰ’’ ਬਰਕਤ ਦਿੰਦਾ ਹੈ (ਅਫ਼ਸੀਆਂ 1:7)। ਉਹ ‘‘ਕਿਰਪਾ ਉੱਤੇ ਕਿਰਪਾ’’ (‘‘ਕਿਰਪਾ ਲਈ ਕਿਰਪਾ’’; ਯੂਹੰਨਾ 1:16; NKJV) ਦਿੰਦਾ ਹੈ। ਉਹ ਨਿਰਾ ਮਾਫ਼ ਹੀ ਨਹੀਂ ਕਰਦਾ ਬਲਕਿ ਖੁੱਲ੍ਹਦਿਲੀ ਨਾਲ ਕਰਦਾ ਹੈ।

> ਦੁਸ਼ਟ ਆਪਣੇ ਰਾਹ ਨੂੰ ਤਿਆਗੇ,<br>ਅਤੇ ਬੁਰਿਆਰ ਆਪਣੇ ਖਿਆਲਾਂ ਨੂੰ,<br>ਉਹ ਯਹੋਵਾਹ ਵੱਲ ਮੁੜੇ ਅਤੇ ਉਹ ਉਸ ਤੇ ਰਹਮ ਕਰੇਗਾ,<br>ਅਤੇ ਸਾਡੇ ਪਰਮੇਸ਼ੁਰ ਵੱਲ ਜੋ ਅੱਤ ਦਿਆਲੂ ਹੈ (ਯਸਾਯਾਹ 55:7)।

2 ਪਤਰਸ 1:10, 11 ਵਿਚ ਅਸੀਂ ਪੜ੍ਹਦੇ ਹਾਂ:

> ਇਸ ਕਾਰਣ ਹੇ ਭਰਾਵੋ, ਆਪਣੇ ਸੱਦੇ ਜਾਣ ਅਤੇ ਚੁਣੇ ਜਾਣ ਨੂੰ ਪੱਕਿਆਂ ਕਰਨ ਦਾ ਹੋਰ ਭੀ ਜਤਨ ਕਰੋ ਕਿਉਂਕਿ ਜੇ ਤੁਸੀਂ ਇਹ ਕੰਮ ਕਰੋ ਤਾਂ ਕਦੇ ਠੇਡਾ ਨਾ ਖਾਓਗੇ। ਕਿਉਂ ਜੋ ਇਸੇ ਪਰਕਾਰ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੇ ਸਦੀਪਕ ਰਾਜ ਵਿਚ ਵੱਡੀ ਖੁੱਲ੍ਹ ਨਾਲ ਪਰਵੇਸ਼ ਕਰਨਾ ਮਿਲੇਗਾ।

‘‘ਉਹ ਪਾਪੀ ਨੂੰ ਕਿਸੇ ਹਾਕਮ ਦੇ ਮਾਫ਼ ਕਰਨ ਵਾਂਗ ਸਿਰਫ਼ ਮਾਫ਼ ਹੀ ਨਹੀਂ ਕਰਦਾ, ਬਲਕਿ ਉਹ ਉਸ ਨੂੰ ਗੋਦ ਲੈ ਲੈਂਦਾ ਹੈ ਅਤੇ ਉਸ ਨੂੰ ਆਪਣੀ ਸ਼ਾਂਤੀ, ਪਵਿੱਤਰਤਾਈ, ਅਨੰਦ, ਤਸੱਲੀ, ਪਹੁੰਚ ਦੀ ਛੂਟ, ਬੇਹੱਦ ਅਜਿੱਤਤਾ ਦਿੰਦਾ ਹੈ’’[28] (ਵੇਖੋ ਰੋਮੀਆਂ 5−8)। ਖ਼ੁਦਾ ਦੇ ਨਾਲ ਰੁਕੇ ਰਹਿਣਾ ਅਸੰਭਵ ਹੈ; ਭਾਵ ਜਾਂ ਤਾਂ ਅਸੀਂ ਅੱਗੇ ਨੂੰ ਜਾਂਦੇ ਹਾਂ ਜਾਂ ਪਿੱਛੇ ਨੂੰ, ਮਤਲਬ ਜਾਂ ਤਾਂ ਅਸੀਂ ਹਾਸਿਲ ਕਰਦੇ ਹਾਂ ਜਾਂ ਗੁਆਉਂਦੇ ਹਾਂ। ਜਾਂ ਤਾਂ ਅਸੀਂ ਆਪਣੇ ‘‘ਤੋੜੇ’’ ਨੂੰ ਵਧਾਉਂਦੇ ਹਾਂ ਜਾਂ ਫਿਰ ਇਸ ਨੂੰ ਗੁਆ ਦਿੰਦੇ ਹਾਂ (ਮੱਤੀ 25:14−30)। ਜੇ ਅਸੀਂ ਉਸ ਨੂੰ ਜੋ ਸਾਡੇ ਕੋਲ ਹੈ, ਵਰਤੋਂ ਵਿਚ ਨਹੀਂ ਲਿਆਉਂਦੇ, ਤਾਂ ਉਹ ਸਾਥੋਂ ਲੈ ਲਿਆ ਜਾਵੇਗਾ।

## ਵਧਦੇ ਬੀ ਦਾ ਦ੍ਰਿਸ਼ਟਾਂਤ (4:26-29)

**[26]ਫੇਰ ਉਹਨੇ ਆਖਿਆ, ਪਰਮੇਸ਼ੁਰ ਦਾ ਰਾਜ ਇਹੋ ਜਿਹਾ ਹੈ ਜਿਹਾ ਕੋਈ ਮਨੁੱਖ ਜ਼ਮੀਨ ਵਿੱਚ ਬੀ ਪਾਵੇ [27]ਅਤੇ ਰਾਤ ਦਿਨ ਸੌਂਵੇ ਉੱਠੇ ਅਤੇ ਉਹ ਬੀ ਉੱਗ ਪਏ ਅਰ ਵਧੇ ਪਰ ਉਹ ਨਾ ਜਾਣੇ ਕਿਸ ਤਰ੍ਹਾਂ [28]ਜ਼ਮੀਨ ਤਾਂ ਆਪੇ ਆਪ ਫਲ ਲਿਆਉਂਦੀ ਹੈ, ਪਹਿਲਾਂ ਅੰਗੂਰੀ, ਫੇਰ ਸਿੱਟਾ, ਫੇਰ ਸਿੱਟੇ ਵਿੱਚ ਸਾਬਤ ਦਾਣੇ [29]ਅਰ ਜਾਂ ਫਲ ਪੱਕੇ ਤਾਂ ਉਹ ਝੱਟ ਦਾਤੀ ਲਾਉਂਦਾ ਹੈ ਕਿਉਂ ਜੋ ਵਾਢੀ ਦਾ ਵੇਲਾ ਆ ਗਿਆ।**

**ਆਇਤਾਂ 26, 27.** ਜ਼ਾਹਿਰ ਹੈ ਕਿ ਯਿਸੂ ਹੁਣ ਫੇਰ ਤੋਂ ਭੀੜ ਨਾਲ ਗੱਲ ਕਰ ਰਿਹਾ ਸੀ।[29] ਉਹਦੇ ਉਪਦੇਸ਼ ਦਾ ਵਿਸ਼ਾ **ਪਰਮੇਸ਼ੁਰ ਦਾ ਰਾਜ** ਹੈ, ਜਿਸ ਵਿਚ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਉਹਨੇ ਯਹੂਦੀਆਂ ਵਲੋਂ ਉਸ ਦੇ ਸੰਦੇਸ਼ ਨੂੰ ਠੁਕਰਾ ਦੇਣ ਤੇ ਇਸ ਨੂੰ ਕਾਇਮ ਕਰਨ ਨੂੰ ਟਾਲ ਦੇਣਾ ਸੀ। ਮਰਕੁਸ 9:1 ਦੱਸਦਾ ਹੈ ਕਿ ਰਾਜ ਥੋੜ੍ਹੀ ਹੀ ਦੇਰ ਬਾਅਦ ਆਉਣ ਵਾਲਾ ਸੀ ਅਤੇ ਇਸ ਸਮੇਂ ਦੀ ਇਸ ਗੱਲ ਦੇ ਵਿਰੋਧ ਵਿਚ ਬਾਈਬਲ ਵਿਚ ਬਾਅਦ ਵਿਚ ਕੋਈ ਇਨਕਾਰ ਨਹੀਂ ਹੈ।[30]

ਯਿਸੂ ਨੇ ਕਿਹਾ ਕਿ **ਰਾਜ ਇਹੋ ਜਿਹਾ ਹੈ ਜਿਹਾ ਕੋਈ ਮਨੁੱਖ ਜ਼ਮੀਨ ਵਿੱਚ ਬੀ ਪਾਵੇ।** ਬੂਟੇ ਦੇ ਉੱਗਣ ਦੀਆਂ ਕੁਝ ਜ਼ਰੂਰੀ ਗੱਲਾਂ (ਬੀ, ਰੌਸ਼ਨੀ, ਬਾਰਿਸ਼, ਗਹਾਈ) ਨੂੰ ਅਸੀਂ ਜਾਣਦੇ ਹਾਂ; ਪਰ ਫਿਰ ਵੀ ਸਾਡੀ ਸਮਝ ਤੋਂ ਬਾਹਰ ਹੈ ਕਿ ਅਸਲ ਵਿਚ ਇਹ ਉੱਗਦਾ ''ਕਿਵੇਂ'' ਹੈ। ਇਕ ਵਿਗਿਆਨਕ ਇਹੋ ਜਿਹੀਆਂ ਮਿਲਦੀਆਂ-ਜੁਲਦੀਆਂ ਰਸਾਇਣਕ ਕਿਰਿਆਵਾਂ ਨੂੰ ਵਰਤ ਕੇ ਕੁਝ ਅਜਿਹਾ ਬਣਾ ਸਕਦਾ ਹੈ ਜਿਹੜਾ ਬੀ ਵਰਗਾ ਲਗਦਾ ਹੋਵੇ, ਪਰ ਇਹਦੇ ਅੰਦਰ ਜਾਨ ਨਹੀਂ ਹੋਵੇਗੀ। ਜੇ ਇਸ ਨੂੰ ਬੀਜ ਦਿੱਤਾ ਜਾਵੇ ਤਾਂ ਇਹ ਉੱਗੇਗਾ ਨਹੀਂ। ਪਰ ਫਿਰ ਵੀ ਕੋਈ ਇਹ ਸਮਝਾ ਨਹੀਂ ਸਕਦਾ ਹੈ ਕਿ ਬੀ ਉੰਗਰ ਕੇ ਵਧਦਾ ਕਿਵੇਂ ਹੈ, ਇਹ ਸਿਰਫ਼ ਖ਼ੁਦਾ ਹੀ ਦੱਸ ਸਕਦਾ ਹੈ, ਕਿਉਂ ਜੋ ਉਹੀ ਬੀ ਵਿਚ ਜਾਨ ਪਾਉਂਦਾ ਹੈ। ਕਿਸਾਨ ਲਈ ਬੀਜਣਾ ਜ਼ਰੂਰੀ ਹੈ; ਫਿਰ **ਰਾਤ ਦਿਨ ਸੌਂਵੇ ਉੱਠੇ ਅਤੇ ਉਹ ਬੀ ਉੱਗ ਪਏ ਅਰ ਵਧੇ ਪਰ ਉਹ ਨਾ ਜਾਣੇ ਕਿਸ ਤਰ੍ਹਾਂ।** ਉਹ ਇਸ ਜ਼ਬਰਦਸਤ ਕੰਮ ਨੂੰ ਪੂਰਾ ਕਰਨਾ ਖ਼ੁਦਾ ਛੱਡ ਦਿੰਦਾ ਹੈ!

ਸੁਭਾਵਕ ਹੈ ਕਿ ਬੂਟੇ ਦਾ ਬੀ ਖ਼ੁਦਾ ਦੇ ਬੀ ਭਾਵ ਉਸ ਦੇ ਵਚਨ ਨਾਲ ਮੇਲ ਖਾਂਦਾ ਹੈ। ਖ਼ੁਦਾ ਦੇ ਵਚਨ, ਭਾਵ ਖੁਸ਼ਖ਼ਬਰੀ (ਸਾਡੇ ਰਾਹੀਂ ਬੋਲਿਆ ਗਿਆ) ਦੀ ਸਮਰੱਥਾ ਦੇ ਕਾਰਣ ਰੂਹਾਨੀ ਜ਼ਿੰਦਗੀ ਵਜੂਦ ਵਿਚ ਆਉਂਦੀ ਹੈ (ਵੇਖੋ ਰੋਮੀਆਂ 1:16)। ਸਾਡੇ ਲਈ ਹਲ਼ ਚਲਾਉਣਾ, ਬੀਜਣਾ, ਗਹਾਈ ਕਰਨਾ ਅਤੇ ਵੱਢਣਾ ਜ਼ਰੂਰੀ ਹੈ; ਪਰ ਲੋਕਾਂ ਨੂੰ ਬਦਲਣ ਦੇ ਉਮੀਦ ਦੇ ਮੁਤਾਬਿਕ ਨਤੀਜੇ ਲਿਆਉਣ ਵਿਚ ਅਸੀਂ ਅਜੇ ਵੀ ਲਾਚਾਰ ਹਾਂ। ਅਸੀਂ ਖ਼ੁਦਾ ਦੇ ਨਾਲ ਕੰਮ ਕਰਨ ਵਾਲੇ ਮਜ਼ਦੂਰ, ਜਿਵੇਂ ਕਿ 1 ਕੁਰਿੰਥੀਆਂ 3:6 ਵਿਚ ਪੌਲੁਸ ਨੇ ਕਿਹਾ, ''ਮੈਂ ਤਾਂ ਬੂਟਾ ਲਾਇਆ ਅਤੇ ਅਪੁੱਲੋਸ ਨੇ ਸਿੰਜਿਆ ਪਰ ਪਰਮੇਸ਼ੁਰ ਨੇ ਵਧਾਇਆ।'' ਕੋਈ ਦਾਅਵਾ ਨਹੀਂ ਕੀਤਾ ਜਾ ਰਿਹਾ ਕਿ ਬਚਾਏ ਜਾਣ ਦੀ ਪ੍ਰਕਿਰਿਆ ਵਿਚ ਮਦਦ ਲਈ ਮਨੁੱਖ ਅਯੋਗ ਹੈ, ਕਿਉਂਕਿ ਸਾਡੇ ਅੰਦਰ ਖੁਸ਼ਖ਼ਬਰੀ ਦਾ ਖ਼ਜ਼ਾਨਾ ਹੈ। 2 ਕੁਰਿੰਥੀਆਂ 4:7 ਵਿਚ ਅਸੀਂ ਪੜ੍ਹਦੇ ਹਾਂ, ''ਪਰ ਇਹ ਖ਼ਜ਼ਾਨਾ ਸਾਡੇ ਕੋਲ ਮਿੱਟੀ ਦਿਆਂ ਭਾਂਡਿਆਂ ਵਿਚ ਹੈ ਤਾਂ ਜੋ ਇਸ ਸਮਰੱਥਾ ਦਾ ਅੱਤ ਵੱਡਾ ਮਹਾਤਮ ਪਰਮੇਸ਼ੁਰ ਦੀ ਵੱਲੋਂ, ਨਾ ਸਾਡੀ ਵੱਲੋਂ, ਮਲੂਮ ਹੋਵੇ।'' ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਨਾਂ ਖ਼ੁਦਾ ਦੀ ਬਰਕਤ ਦੇ ਅਸੀਂ ਕੁਝ ਵੀ ਨਹੀਂ ਕਰ ਸਕਦੇ, ਪਰ ਸਾਡੇ ਲਈ ਉਸ ਸ਼ਕਤੀ ਨੂੰ ਜਿਹੜੀ ਬੀ/ਇੰਜੀਲ ਦੇ ਅੰਦਰ ਹੈ, ਵਰਤੋਂ ਵਿਚ ਲਿਆਉਣਾ ਜ਼ਰੂਰੀ।

ਜ਼ਿੰਦਗੀ ਦਾ ਫਲ ਦੇਣ ਲਈ ਬੀ ਲਈ ''ਮਰਨਾ'' ਲਾਜ਼ਮੀ ਹੈ। ਯਿਸੂ ਨੇ ਆਪਣੀ ਮੌਤ ਨੂੰ ਜ਼ਿੰਦਗੀ ਦੇਣ ਲਈ ਬੀ ਦੇ ਮਰ ਜਾਣ ਨਾਲ ਮਿਲਾਇਆ। ਸਾਡੇ ਲਈ ਵੀ, ਓਸੇ ਜ਼ਿੰਦਗੀ ਨੂੰ ਦੇਣ ਲਈ, ਆਪਣੇ ਆਪ ਨੂੰ ਦੇਣ ਨੂੰ ਤਿਆਰ ਰਹਿਣਾ ਜ਼ਰੂਰੀ ਹੈ। ਯੂਹੰਨਾ 12:24-26 ਸਾਫ਼-ਸਾਫ਼

ਕਹਿੰਦਾ ਹੈ:

> ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਕਣਕ ਦਾ ਦਾਣਾ ਜੇ ਜ਼ਮੀਨ ਵਿਚ ਪੈ ਕੇ ਨਾ ਮਰੇ ਤਾਂ ਉਹ ਇਕੱਲਾ ਹੀ ਰਹਿੰਦਾ ਹੈ ਪਰ ਜੇ ਮਰੇ ਤਾਂ ਬਹੁਤ ਸਾਰਾ ਫਲ ਦਿੰਦਾ। ਜਿਹੜਾ ਆਪਣੀ ਜਾਨ ਨਾਲ ਹਿਤ ਕਰਦਾ ਹੈ ਉਹ ਉਸ ਨੂੰ ਗੁਆਉਂਦਾ ਅਤੇ ਜਿਹੜਾ ਇਸ ਜਗਤ ਵਿਚ ਆਪਣੀ ਜਾਨ ਨਾਲ ਵੈਰ ਰੱਖਦਾ ਹੈ ਉਹ ਸਦੀਪਕ ਜੀਉਣ ਤਾਈਂ ਉਹਦੀ ਰੱਛਿਆ ਕਰੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਮੇਰੇ ਪਿੱਛੇ ਹੋ ਤੁਰੇ ਅਰ ਜਿੱਥੇ ਮੈਂ ਹਾਂ ਮੇਰਾ ਸੇਵਕ ਭੀ ਉੱਥੇ ਹੋਵੇਗਾ। ਜੇ ਕੋਈ ਮੇਰੀ ਸੇਵਾ ਕਰੇ ਤਾਂ ਪਿਤਾ ਉਹ ਦਾ ਆਦਰ ਕਰੇਗਾ।

ਇਹ ਇਹ ਨਹੀਂ ਦੱਸਦਾ ਹੈ ਕਿ ਨਵਾਂ ਜਨਮ ਰਹੱਸ ਹੈ। ਹੋ ਸਕਦਾ ਹੈ ਕਿ ਸਾਨੂੰ ਇਹ ਪਤਾ ਨਾ ਹੋਵੇ ਕਿ ਵਚਨ ਕਿਸੇ ਨੂੰ ਬਚਾ ਕੇ ਉਸ ਨੂੰ ਨਵਾਂ ਜੀਵਨ ਕਿਵੇਂ ਦਿੰਦਾ ਹੈ, ਪਰ ਅਸੀਂ ਇਹ ਜਾਣਦੇ ਹਾਂ ਕਿ ਇਹ ਦਿੰਦਾ ਹੈ।

**ਆਇਤ 28. ''ਜ਼ਮੀਨ ਤਾਂ ਆਪੇ ਆਪ ਫਲ ਲਿਆਉਂਦੀ ਹੈ।''** ''ਆਪੇ ਆਪ'' ਯੂਨਾਨੀ ਸ਼ਬਦ (αὐτόματος, *ਆਟੋਮਾਟੋ*) ਤੋਂ ਲਿਆ ਗਿਆ ਹੈ ਜਿਸ ਤੋਂ ''ਆਟੋਮੈਟਿਕ'' ਸ਼ਬਦ ਨਿੱਕਲਿਆ ਹੈ। ਇਹਦਾ ਮਤਲਬ ''ਬਿਲਕੁਲ ਆਪਣੇ ਆਪ'' ਹੈ।[31] ਭਲਾ ਇਹਦਾ ਮਤਲਬ ਇਹ ਹੋ ਸਕਦਾ ਹੈ ਕਿ ਕਿਸੇ ਗੁਆਚੇ ਹੋਏ ਨੂੰ ਬਦਲਣ ਦੀ ਸ਼ਕਤੀ ਪਰਮੇਸ਼ੁਰ ਦੇ ਵਚਨ ਵਿਚ ਆਪਣੇ ਆਪ ਵਿਚ ਹੈ? ''ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ'' (ਅਫ਼ਸੀਆਂ 6:17), ਪਵਿੱਤਰ ਆਤਮਾ ਦੇ ਰਾਹੀਂ ਪਾਪੀਆਂ ਨੂੰ ਕਾਇਲ ਕਰਕੇ ਤੋਬਾ ਕਰਵਾਉਣ ਲਈ ਵਰਤਿਆ ਜਾਣ ਵਾਲਾ ਹਥਿਆਰ ਹੈ। ਇਬਰਾਨੀਆਂ 4:12 ਇਸ ਨੂੰ ਇਸ ਤਰ੍ਹਾਂ ਦੱਸਦਾ ਹੈ: ''ਕਿਉਂ ਜੋ ਪਰਮੇਸ਼ੁਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ। ...''

ਰਸੂਲਾਂ ਦੇ ਕਰਤੱਬ 2:36 ਆਖਣਾ ਹੈ, ''ਉਪਰੰਤ ਇਸਰਾਏਲ ਦਾ ਸਾਰਾ ਘਰਾਣਾ ਪੱਕ ਜਾਣੇ ਕਿ ਇਸੇ ਯਿਸੂ ਨੂੰ ਜਿਹ ਨੂੰ ਤੁਸਾਂ ਸਲੀਬ ਉੱਤੇ ਚਾੜ੍ਹਿਆ ਪਰਮੇਸ਼ੁਰ ਨੇ ਓਸੇ ਨੂੰ ਪ੍ਰਭੂ ਵੀ ਅਤੇ ਮਸੀਹ ਵੀ ਕੀਤਾ।'' ਇਸ ਦਾ ਜਵਾਬ ਇਹ ਮਿਲਿਆ:

> ਜਾਂ ਉਨ੍ਹਾਂ ਨੇ ਇਹ ਸੁਣਿਆ ਤਾਂ ਉਨ੍ਹਾਂ ਦੇ ਦਿਲ ਛਿਦ ਗਏ ਅਤੇ ਪਤਰਸ ਅਰ ਬਾਕੀ ਦੇ ਰਸੂਲਾਂ ਨੂੰ ਕਿਹਾ ਕਿ ਹੇ ਭਾਈਓ ਅਸੀਂ ਕੀ ਕਰੀਏ? ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੋਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ ਆਤਮਾ ਦਾ ਦਾਨ ਪਾਓਗੇ (ਕਰਤੱਬ 2:37, 38)।

ਦੂਜੇ ਸ਼ਬਦਾਂ ਵਿਚ, ਯਿਸੂ ਦੀ ਮੌਤ ਵਿਚ ਉਨ੍ਹਾਂ ਦੇ ਮੁਜਰਮ ਹੋਣ ਦੇ ਪਤਰਸ ਦੇ ਇਲਜ਼ਾਮ ਨੇ ''ਉਨ੍ਹਾਂ ਨੂੰ ਦੋਸ਼ੀ'' ਠਹਿਰਾਇਆ (''ਉਨ੍ਹਾਂ ਦੇ ਦਿਲ ਛਿਦ ਗਏ'') ਅਤੇ ਉਨ੍ਹਾਂ ਨੇ ਓਸੇ ਵੇਲੇ ਹੁਕਮ ਮੰਨਿਆ। ਇਹੀ ਉਹ ਤਰੀਕਾ ਹੈ ਜਿਸ ਨਾਲ ਪਵਿੱਤਰ ਆਤਮਾ ਮਨਾਂ ਉੱਤੇ ਦੋਸ਼ ਲਾਉਂਦਾ ਹੈ। ਉਵੇਂ ਹੀ, ਯਿਸੂ ਦੇ ਕਹੇ ਸ਼ਬਦ ਜੀਵਨ ਦਾ ਫਲ ਦਿੰਦੇ ਹਨ, ''ਜੀਉਦਾਤਾ ਤਾਂ ਆਤਮਾ ਹੈ। ਮਾਸ ਤੋਂ ਕੁਝ ਲਾਭ ਨਹੀਂ। ਜਿਹੜੀਆਂ ਗੱਲਾਂ ਮੈਂ ਤੁਹਾਨੂੰ ਆਖੀਆਂ ਹਨ ਓਹ ਆਤਮਾ ਹਨ ਅਤੇ ਜੀਉਣ ਹਨ'' (ਯੂਹੰਨਾ 6:63)।

**ਆਇਤ 29.** ਸ਼ਕਤੀ ਸਚਮੁਚ ਵਿਚ ਇੰਜੀਲ ਵਿਚ ਹੈ (ਰੋਮੀਆਂ 1:16)। ਇਸ ਦ੍ਰਿਸ਼ਟਾਂਤ ਵਿਚ ਜ਼ੋਰ ਵਾਢੀ ਤੇ ਦਿੱਤਾ ਗਿਆ ਹੈ, ਜਦ ਕਿਸਾਨ **ਦਾਤੀ** ਲਾਉਂਦਾ ਹੈ। ਖ਼ੁਦਾ ਅਜਿਹੇ ਤਰੀਕਿਆਂ ਦੀ ਵਰਤੋਂ ਕਰ ਸਕਦਾ ਹੈ ਜਿਨ੍ਹਾਂ ਦਾ ਸਾਨੂੰ ਪਤਾ ਨਹੀਂ ਜਿਸ ਨਾਲ ਕੁਝ ਲੋਕ ਵਚਨ ਨੂੰ ਹੋਰਨਾਂ ਨਾਲੋਂ ਵਧ ਕੇ ਕਬੂਲ ਕਰਨ ਵਾਲੇ ਹੋ ਸਕਦੇ ਹਨ। ਉਹ ਕਿਸੇ ਕਬੂਲ ਕਰਨ ਵਾਲੇ ਮਨ ਲਈ ਕਿਸੇ ਗੁਰੂ ਨੂੰ

ਦੇਣ ਦਾ ਰੱਬੀ ਇੰਤਜ਼ਾਮ ਕਰ ਸਕਦਾ ਹੈ। ਉਸ ਦਾ ਰੱਬੀ ਇੰਤਜ਼ਾਮ ਇਥੋਪੀਆ ਦੇ ਸੇਵਕ ਨੂੰ ਫ਼ਿਲਿੱਪੁਸ ਨੂੰ ਸਿਖਾਉਣ ਦੇ ਮਾਮਲੇ ਵਿਚ ਵਰਤਿਆ ਗਿਆ। ਫ਼ੋਕਸ **ਵਾਢੀ ਦਾ ਵੇਲਾ** ਆ ਜਾਣ ਤੇ ਬੀਜਣ ਵਾਲੇ ਦੇ ਦਾਤੀ ਲਾਉਣ ਤੇ ਹੈ। ਇਹ ਫੇਰ ਤੋਂ ਯਿਸੂ ਵੱਲ ਇਸ਼ਾਰਾ ਕਰਦਾ ਹੋ ਸਕਦਾ ਹੈ ਜਿਹੜਾ ਆਖ਼ਰੀ ਨਿਆਂ ਤੇ ਹੋਣ ਵਾਲੀ ਵਾਢੀ ਕਰਦਾ ਹੈ।[32] ਜੇਮਸ ਬਰਟਨ ਕਾਫ਼ਮੈਨ ਨੇ ਸੁਝਾਅ ਦਿੱਤਾ ਕਿ ਇਹ ਇਸ ਜ਼ਿੰਦਗੀ ਵਿਚ ਮਸੀਹ ਲਈ ਰੂਹਾਂ ਨੂੰ ਇਕੱਠਿਆਂ ਕਰਨਾ ਹੈ। ਇਹ ਬੀ ਬੀਜਣ ਵਾਲੇ ਦੇ ਸਬੰਧ ਵਿਚ ਕੀਤਾ ਜਾਂਦਾ ਹੈ ਜਿਹੜਾ ਖ਼ੁਦਾ ਦੇ ਵਚਨ ਨੂੰ ਸੁਣਾਉਂਦਾ ਜਾਂ ਸਿਖਾਉਂਦਾ ਹੈ। ਉਸ ਨੇ ਅੱਗੇ ਆਖਿਆ,

> ਉਸ ਨੂੰ ਇਹ ਪਤਾ ਹੋਣਾ ਕਿ ਦਾਤੀ ਕਦੋਂ ਲਾਉਣੀ ਹੈ, ਉਸ ਦੀ ਅਗਿਆਨਤਾ ਦੇ ਬਾਵਜੂਦ ਕਿ ਇਹ ''ਕਿਵੇਂ'' ਹੋਇਆ ਮਨੁੱਖਾਂ ਦੇ ਬਗੈਰ ਪੂਰੀ ਜਾਣਕਾਰੀ ਦੇ ਕਿ ਇਹ ''ਕਿਵੇਂ'' ਹੋਇਆ, ਰੂਹਾਨੀ ਫਲ ਕੱਟਣ ਦੀ ਯੋਗਤਾ ਦਾ ਜਵਾਬ ਦਿੰਦਾ ਹੈ (ਯੂਹੰਨਾ 3:5 ਤੋਂ)। ਵਾਢੀ ਇਸ ਮੌਜੂਦਾ ਯੁੱਗ ਵਿਚ ਮਸੀਹ ਦੇ ਰਾਜ ਵਿਚ ਰੂਹਾਂ ਨੂੰ ਇਕੱਠਿਆਂ ਕਰਨਾ ਹੈ।[33]

4:27 ਵਿਚ ਆਦਮੀ ਦੇ ਸੌਣ ਅਤੇ ਜਾਗਣ ਦੀ ਗੱਲ ਸਿਰਫ਼ ਇਸ ਤੱਥ ਵੱਲ ਧਿਆਨ ਦੁਆਉਂਦੀ ਹੈ ਕਿ ਉਹ ਬੀ ਵਿਚ ਜਾਨ ਨਹੀਂ ਪਾ ਸਕਦਾ। ਉਹ ਸ਼ਕਤੀ ਸਿਰਫ਼ ਖ਼ੁਦਾ ਕੋਲ ਹੈ ਅਤੇ ਉਸ ਨੇ ਇਹ ਕੰਮ ਕਰ ਲਿਆ ਹੈ। ਪਰ ਫਿਰ ਵੀ ਸਾਡੇ ਵਿੱਚੋਂ ਹਰ ਕਿਸੇ ਦੀ ਜ਼ਿੰਮੇਵਾਰੀ ਬੀ ਨੂੰ ਗ੍ਰਹਿਣ ਕਰਨਾ ਹੈ।

## ਰਾਈ ਦੇ ਬੀ ਦਾ ਦ੍ਰਿਸ਼ਟਾਂਤ (4:30-34)[34]

**30ਫੇਰ ਉਹ ਨੇ ਕਿਹਾ, ਅਸੀਂ ਪਰਮੇਸ਼ੁਰ ਦੇ ਰਾਜ ਨੂੰ ਕਿਹ ਦੇ ਵਰਗਾ ਦੱਸੀਏ ਯਾ ਉਹਦੇ ਲਈ ਕਿਹੜਾ ਦ੍ਰਿਸ਼ਟਾਂਤ ਦੇਈਏ? 31ਉਹ ਇੱਕ ਰਾਈ ਦੇ ਦਾਣੇ ਵਰਗਾ ਹੈ ਕਿ ਜਦ ਜ਼ਮੀਨ ਵਿੱਚ ਬੀਜਿਆ ਜਾਂਦਾ ਹੈ ਜ਼ਮੀਨ ਦੇ ਸਭਨਾਂ ਬੀਆਂ ਨਾਲੋਂ ਛੋਟਾ ਹੈ 32ਪਰ ਜਦ ਬੀਜਿਆ ਗਿਆ ਤਦ ਉੱਗਦਾ ਹੈ ਅਤੇ ਸਾਰੀਆਂ ਸਬਜ਼ੀਆਂ ਨਾਲੋਂ ਵੱਡਾ ਹੋ ਜਾਂਦਾ ਹੈ ਅਤੇ ਅਜਿਹੀਆਂ ਵੱਡੀਆਂ ਟਹਿਣੀਆਂ ਫੁੱਟਦੀਆਂ ਹਨ ਜੋ ਆਕਾਸ਼ ਦੇ ਪੰਛੀ ਉਹਦੀ ਛਾਇਆ ਵਿੱਚ ਵਸੇਰਾ ਕਰ ਸੱਕਦੇ ਹਨ।**

**33ਉਹ ਇਹੋ ਜਿਹੇ ਬਹੁਤ ਦ੍ਰਿਸ਼ਟਾਂਤਾਂ ਵਿੱਚ ਉਨ੍ਹਾਂ ਨਾਲ ਬਚਨ ਕਰਦਾ ਸੀ ਜਿਸ ਤਰ੍ਹਾਂ ਓਹ ਸੁਣ ਸੱਕਦੇ ਸਨ 34ਅਰ ਬਿਨਾ ਦ੍ਰਿਸ਼ਟਾਂਤ ਉਹ ਉਨ੍ਹਾਂ ਨਾਲ ਨਹੀਂ ਸੀ ਬੋਲਦਾ ਪਰ ਨਿਰਾਲੇ ਵਿੱਚ ਉਹ ਆਪਣੇ ਹੀ ਚੇਲਿਆਂ ਨੂੰ ਸਭ ਕੁਝ ਖੋਲ੍ਹ ਕੇ ਦੱਸਦਾ ਸੀ।**

**ਆਇਤ 30.** ਯਿਸੂ ਨੇ ਆਪਣੇ ਅਗਲੇ ਦ੍ਰਿਸ਼ਟਾਂਤ ਦਾ ਆਰੰਭ ਇਕ ਸਵਾਲ ਨਾਲ ਕੀਤਾ, ਜਿਵੇਂ ਕਿ ਉਸ ਨੂੰ ਸਮਝ ਵਿਚ ਨਾ ਆ ਰਿਹਾ ਹੋਵੇ ਕਿ ਉਹ ਆਪਣੇ ਸਾਹਮਣੇ ਦੇ ਲੋਕਾਂ ਨੂੰ ਕੀ ਕਹੇ, **''ਅਸੀਂ ਪਰਮੇਸ਼ੁਰ ਦੇ ਰਾਜ ਨੂੰ ਕਿਹ ਦੇ ਵਰਗਾ ਦੱਸੀਏ ਯਾ ਉਹਦੇ ਲਈ ਕਿਹੜਾ ਦ੍ਰਿਸ਼ਟਾਂਤ ਦੇਈਏ?''** ਸਿਖਾਉਣ ਦੇ ਇਸ ਢੰਗ ਦੀ ਵਰਤੋਂ ਰੱਬੀਆਂ ਵੱਲੋਂ ਕੀਤੀ ਜਾਂਦੀ ਸੀ, ਜੋ ਕਿ ਸ਼ਾਇਦ ਅੱਗੇ ਕਹੀ ਜਾਣ ਵਾਲੀ ਗੱਲ ਵੱਲ ਧਿਆਨ ਖਿੱਚਣ ਅਤੇ ਵਿਚਾਰ ਅੱਗੇ ਤੋਰਨ ਲਈ ਉਸ ਸਮੇਂ ਦੇ ਸੰਸਾਰ ਦਾ ਵਰਣਨ ਕਰਨ ਦਾ ਢੰਗ ਸੀ। ਯਿਸੂ ਸਿਖਾਉਣ ਲਈ ਵਰਤੇ ਜਾਣ ਵਾਲੇ ਆਮ ਢੰਗਾਂ ਦੇ ਖ਼ਿਲਾਫ਼ ਨਹੀਂ ਸੀ।

**ਆਇਤਾਂ 31, 32.** ਇਸ ਤੋਂ ਬਾਅਦ ਜਿਹੜਾ ਦ੍ਰਿਸ਼ਟਾਂਤ ਯਿਸੂ ਨੇ ਆਖਿਆ, ਉਸ ਨੂੰ ਆਮ ਤੌਰ ਤੇ ''ਰਾਈ ਦੇ ਬੀ ਦਾ ਦ੍ਰਿਸ਼ਟਾਂਤ'' ਕਿਹਾ ਜਾਂਦਾ ਹੈ: **''ਉਹ** ਪਰਮੇਸ਼ੁਰ ਦਾ ਰਾਜ **ਇੱਕ ਰਾਈ ਦੇ ਦਾਣੇ ਵਰਗਾ ਹੈ ਕਿ ਜਦ ਜ਼ਮੀਨ ਵਿੱਚ ਬੀਜਿਆ ਜਾਂਦਾ ਹੈ ਜ਼ਮੀਨ ਦੇ ਸਭਨਾਂ ਬੀਆਂ ਨਾਲੋਂ ਛੋਟਾ ਹੈ ਪਰ ਜਦ ਬੀਜਿਆ ਗਿਆ ਤਦ ਉੱਗਦਾ ਹੈ ਅਤੇ ਸਾਰੀਆਂ ਸਬਜ਼ੀਆਂ ਨਾਲੋਂ ਵੱਡਾ ਹੋ ਜਾਂਦਾ ਹੈ ਅਤੇ ਅਜਿਹੀਆਂ ਵੱਡੀਆਂ ਟਹਿਣੀਆਂ ਫੁੱਟਦੀਆਂ ਹਨ ਜੋ ਆਕਾਸ਼ ਦੇ ਪੰਛੀ ਉਹਦੀ ਛਾਇਆ ਵਿੱਚ**

ਵਸੇਰਾ ਕਰ ਸੱਕਦੇ ਹਨ।''

ਫ਼ਲਸਤੀਨ ਵਿਚ ਰਾਈ ਦੇ ਬੀ ਨੂੰ ਬੀਆਂ ਵਿੱਚੋਂ ਸਭ ਤੋਂ ਛੋਟਾ ਮੰਨਿਆ ਜਾਂਦਾ ਸੀ। ਉਸ ਜ਼ਮਾਨੇ ਵਿਚ ਬਾਗਾਂ ਵਿਚ ਬੀਜੇ ਜਾਣ ਵਾਲੇ ਬੀਆਂ ਵਿੱਚੋਂ ਇਹ ਸਭ ਤੋਂ ਛੋਟਾ ਹੁੰਦਾ ਸੀ। ਅਲੋਚਕਾਂ ਦਾ ਕਹਿਣਾ ਹੈ, ''ਪਰ ਇਹ ਇਸਰਾਏਲ ਵਿਚ ਸਭ ਤੋਂ ਛੋਟਾ ਬੀ ਨਹੀਂ ਸੀ ਕਿਉਂਕਿ ਹਵਾ ਨਾਲ ਖਿੱਲਰ ਜਾਣ ਵਾਲੇ ਬੀ ਇਸ ਨਾਲੋਂ ਵੀ ਛੋਟੇ ਹਨ।'' ਪਰ ਅਜਿਹੇ ਬੀ ਜੰਗਲੀ ਘਾਹ ਦੇ ਹੁੰਦੇ ਹਨ। ਭਾਵ ਉਹ ਬੀਜੇ ਜਾਣ ਵਾਲੇ ਬੀ ਨਹੀਂ ਹੁੰਦੇ।

ਇਹ ਦ੍ਰਿਸ਼ਟਾਂਤ ਰਾਜ ਦੇ ਆਪਣੀ ਛੋਟੀ ਜਿਹੀ ਸ਼ੁਰੂਆਤ ਨਾਲ ਫੈਲਣ ਦੀ ਨਬੂਵਤ ਹੈ। ਇਹ ਬਹੁਤ ਵੱਡਾ, ਅਚਾਨਕ ਵਧ ਜਾਣ ਵਾਲਾ ਨਹੀਂ ਹੋਣਾ ਸੀ, ਨਾ ਹੀ ਇਹ ਖ਼ੂਨ ਖਰਾਬੇ ਨਾਲ ਰੋਮ ਦੇ ਤਖ਼ਤਾਪਲਟ ਦਾ ਕਾਰਣ ਬਣਨਾ ਸੀ। ਸਭ ਤੋਂ ਛੋਟੇ ਬੀ ਵਾਂਗ ਜੋ ਕਿ ਇਸਰਾਏਲ ਵਿਚ ਸਭ ਤੋਂ ਵੱਡੀ ਬੂਟੀ ਬਣ ਜਾਂਦਾ ਸੀ, ਮਸੀਹ ਦੇ ਰਾਜ ਨੇ ਵੀ ਇਵੇਂ ਹੀ ਵਧਣਾ ਸੀ।

ਯਿਸੂ ਨੇ ਜਿਸ ਬੂਟੇ ਦੀ ਗੱਲ ਕੀਤੀ ਉਹ ਦਸ ਤੋਂ ਪੰਦਰਾਂ ਫੁੱਟ ਉਚਾਈ ਤਕ ਜਾ ਸਕਦਾ ਸੀ।[35] ਖ਼ੁਦਾ ਹਮੇਸ਼ਾ ਛੋਟੀਆਂ ਅਤੇ ਮਾਮੂਲੀ ਚੀਜ਼ਾਂ ਤੋਂ ਵੱਡੇ ਕੰਮ ਕਰਵਾ ਸਕਦਾ ਹੈ। ਕੌਣ ਜਾਣਦਾ ਹੈ ਕਿ ਉਹ ਇਸ ਵਕਤ ਛੋਟੇ, ਅਤੇ ਜ਼ਾਹਿਰ ਤੌਰ ਤੇ ਆਪਣੇ ਚੇਲਿਆਂ ਦੀ ਮਾਮੂਲੀ ਜਿਹੀ ਗਿਣਤੀ ਨਾਲ ਹੁਣ ਇਸ ਵਕਤ ਧਰਤੀ ਤੇ ਕੀ ਕਰਵਾ ਰਿਹਾ ਹੈ? ਯਿਸੂ ਦੇ ਇਸ ਦ੍ਰਿਸ਼ਟਾਂਤ ਦੇ ਕਹਿਣ ਦੇ ਚਾਲ਼ੀ ਸਾਲਾਂ ਦੇ ਅੰਦਰ-ਅੰਦਰ, ਰਾਜ ਰੋਮੀ ਜਗਤ ਦੇ ਸੱਭਿਆਚਾਰਕ ਕੇਂਦਰਾਂ ਅਤੇ ਇਸ ਤੋਂ ਅੱਗੇ ਤਕ ਫੈਲ ਗਿਆ। ਕੁਲੁੱਸੀਆਂ 1:6, 23 ਵਿਚ ਪੌਲੁਸ ਨੇ ਘੱਟੋ-ਘੱਟ ਇੱਥੋਂ ਤਕ ਦਾਅਵਾ ਕੀਤਾ। ਇਹ ਅੱਜ ਫੈਲ ਰਿਹਾ ਹੈ ਅਤੇ ਪ੍ਰਭੂ ਦੀ ਕਲੀਸੀਆ ਦੀਆਂ ਮੰਡਲੀਆਂ ਅਜਿਹੀਆਂ ਥਾਂਵਾਂ ਵਿਚ ਮਿਲ ਜਾਂਦੀਆਂ ਹਨ ਜਿੱਥੇ ਮਿਸ਼ਨਰੀ ਪਹਿਲਾਂ ਕਦੇ ਨਹੀਂ ਗਏ। ਰਾਜ ਭਾਵ ਪ੍ਰਭੂ ਦੀ ਕਲੀਸੀਆ ਫੈਲਦੀ ਰਹੇਗੀ ਅਤੇ ਪਾਪ ਦੀ ਹਕਮੂਤ ਨੂੰ ਹਰਾਉਂਦੀ ਰਹੇਗੀ, ਭਾਵੇਂ ਵੇਖਣ ਵਿਚ ਇਹ ਸਾਨੂੰ ਮਾਮੂਲੀ ਲੱਗੇ। ਦਾਨੀਏਲ ਦੇ ਉਸ ਛੋਟੇ ਪੱਥਰ ਦੇ ਚੂਰ-ਚੂਰ ਕਰਕੇ ਫੈਲ ਜਾਣ ਦੀ ਨਬੂਵਤ, ਇਕ ਢੁਕਵੀਂ ਉਪਮਾ ਸੀ (ਦਾਨੀਏਲ 2:44, 45)। ਡੇਵਿਡ ਐਵਰੱਟ ਇਸ ਘਟਨਾ ਨੂੰ ਇੱਕ ਸੰਖੇਪ ਆਇਤ ਵਿੱਚ ਵਖਾਇਆ:

> ਵੱਡੇ-ਵੱਡੇ ਨਾਲੇ ਛੋਟੇ-ਛੋਟੇ ਝਰਨਿਆਂ ਵਿੱਚੋਂ ਨਿੱਕਲਦੇ ਹਨ,
> ਵੱਡੇ-ਵੱਡੇ ਬਲੂਤ ਛੋਟੇ-ਛੋਟੇ ਬੀਆਂ ਤੋਂ ਬਣਦੇ ਹਨ।[36]

ਭਲਾ ਯਿਸੂ ਦੇ ਕਹਿਣ ਦਾ ਮਤਲਬ ਇਹ ਸੀ ਕਿ ਉਹਦਾ ਰਾਜ ਉਹਦੀ ਦੂਜੀ ਆਮਦ ਤੋਂ ਪਹਿਲਾਂ ਪੂਰੀ ਧਰਤੀ ਉੱਤੇ ਫੈਲ ਜਾਣਾ ਸੀ? ਲਗਦਾ ਤਾਂ ਅਜਿਹਾ ਹੀ ਹੈ! ਯਿਸੂ ਨੇ ਯਰੂਸ਼ਲਮ ਵਿਚ ਬਾਰਾਂ ਆਦਮੀਆਂ (ਜਾਂ 120 ਚੇਲਿਆਂ ਜਾਂ ਕੁੱਲ 132 ਜਣਿਆਂ; ਕਰਤੱਬ 1:15) ਨਾਲ ਸ਼ੁਰੂਆਤ ਕੀਤੀ; ਪਰ ਸੰਭਵ ਤੌਰ ਤੇ ਗਲੀਲ ਵਿਚ ਜਿੰਨ੍ਹਾ ਪੰਜ ਸੌ ਤੋਂ ਵੱਧ ਬੰਦਿਆਂ ਨੂੰ ਦਰਸ਼ਣ ਦਿੱਤਾ, ਉਹ ਉਸ ਦੇ ਚੇਲੇ ਹੀ ਸਨ (ਵੇਖੋ 1 ਕੁਰਿੰਥੀਆਂ 15:6)। ਪੈਂਟੀਕਾਸਟ ਵਾਲੇ ਦਿਨ ਰਸੂਲਾਂ ਉੱਤੇ ਆਤਮਾ ਦੇ ਉਤਰਨ ਵੇਲੇ ਉੱਥੇ ਪਹਿਲੀ ਵਾਰ ਰਲਾਏ ਗਏ ਲੋਕਾਂ ਦੀ ਗਿਣਤੀ ਤਿੰਨ ਹਜ਼ਾਰ ਹੋ ਗਈ (ਕਰਤੱਬ 2:41); ਅਤੇ ਕਰਤੱਬ 4:4 ਤਕ ਪੰਜ ਹਜ਼ਾਰ ਜਣੇ ਹੋ ਗਏ, ''ਜਿਨ੍ਹਾਂ ਬਚਨ ਸੁਣਿਆ'' ਅਤੇ ''ਨਿਹਚਾ ਕੀਤੀ।'' ਰਸੂਲਾਂ ਦੇ ਕਰਤੱਬ ਦੀ ਪੂਰੀ ਕਿਤਾਬ ਵਿਚ ਕਲੀਸੀਆ ਦੇ ਵਧਦੇ ਰਹਿਣ ਦੀ ਗੱਲ ਹੈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਰਲਦੇ ਗਏ (ਵੇਖੋ 5:14; 6:1, 7)। ਥੋੜ੍ਹੀ ਦੇਰ ਬਾਅਦ ਵੀ ''ਹਜ਼ਾਰਾਂ'' (μυριάς, *ਮੁਰਿਆਸ*) ਮਸੀਹੀ ਸਨ, ਜਿਸਦਾ ਅਰਥ ''ਦਸ ਹਜ਼ਾਰ'' ਹੈ (21:20)। ਇਸ ਵਿਚ ਕੋਈ ਸ਼ੱਕ ਨਹੀਂ ਕਿ ਯਹੂਦੀਆ ਅਤੇ ਗਲੀਲ ਦੇ ਬਹੁਤ ਸਾਰੇ ਯਹੂਦੀਆਂ ਨੇ ਯਿਸੂ ਦੇ ਮੋਅਜਜ਼ਿਆਂ ਬਾਰੇ ਸੁਣਿਆ ਹੋਇਆ ਸੀ, ਉਨ੍ਹਾਂ ਨੇ ਉਹਦੀਆਂ ਸਿੱਖਿਆਵਾਂ ਨੂੰ

ਮੰਨਿਆ ਜਾਂ ਨਹੀਂ; ਪਰ ਜੀ ਉੱਠੇ ਮਸੀਹ ਨੂੰ ਆਪਣੀਆਂ ਅੱਖਾਂ ਨਾਲ ਵੇਖ ਲੈਣ ਵਾਲੇ ਲੋਕ ਰਸੂਲਾਂ ਦੀ ਸਿੱਖਿਆ ਦਾ ਵਿਰੋਧ ਨਹੀਂ ਕਰ ਸਕੇ। ਬੇਸ਼ੱਕ ਅੱਜ ਵੀ ਪ੍ਰਭੂ ਚਾਹੁੰਦਾ ਹੈ ਕਿ ਉਸ ਦੀ ਕਲੀਸੀਆ ਵਧੇ। ਸਾਨੂੰ ਇਸ ਮਕਸਦ ਲਈ ਕੰਮ ਲਈ ਵਿਚਾਰ ਕਰਦੇ ਰਹਿਣਾ ਕੰਮ ਕਰਦੇ ਰਹਿਣਾ ਚਾਹੀਦਾ ਹੈ।

ਖੇਤੀ ਕਰਨ ਲਈ ਬਹੁਤ ਸਾਰਾ ਵਿਸ਼ਵਾਸ ਅਤੇ ਬਹੁਤ ਸਾਰਾ ਧੀਰਜ ਹੋਣਾ ਜ਼ਰੂਰੀ ਹੈ। ਸ਼ਾਇਦ ਬਾਈਬਲ ਵਿਚ ਇਸੇ ਲਈ ਖੇਤੀ ਕਰਨ ਦੇ ਰੂਪਕ ਬਾਰ–ਬਾਰ ਮਿਲਦੇ ਹਨ। ਅਸੀਂ ਪੜ੍ਹਦੇ ਹਾਂ, ''ਅਤੇ ਭਲਿਆਈ ਕਰਦਿਆਂ ਅਸੀਂ ਅੱਕ ਨਾ ਜਾਈਏ ਕਿਉਂਕਿ ਜੇ ਹੌਸਲਾ ਨਾ ਹਾਰੀਏ ਤਾਂ ਵੇਲੇ ਸਿਰ ਵੱਢਾਂਗੇ'' (ਗਲਾਤੀਆਂ 6:9)। ਪਰ ਜਦ ਅਸੀਂ ਕੰਮ ਕਰ ਰਹੇ ਹੁੰਦੇ ਹਾਂ ਅਤੇ ਓਸੇ ਦੌਰਾਨ ਸ਼ਤਾਨ ਬੀ ਗਏ ਬੀਜਣ ਨੂੰ ਚੁਗਣ ਲਈ ਕੰਮ ਕਰਦਾ ਰਹਿੰਦਾ ਹੈ। ਸਾਨੂੰ ਕੀਮਤੀ ਬੀ ਨੂੰ ਖਿਲਾਰਣ ਵਿਚ ਲੱਗੇ ਰਹਿਣਾ ਜ਼ਰੂਰੀ ਹੈ। ਸ਼ਤਾਨ ਝਟਪਟ ਇਨਾਮ ਅਤੇ ਸੰਤੁਸ਼ਟੀ ਦਾ ਵਾਅਦਾ ਕਰ ਸਕਦਾ ਹੈ; ਪਰ ਖ਼ੁਦਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਪੌਲੁਸ ਦੇ ਵਚਨ ਸਾਨੂੰ ਯਕੀਨ ਦੁਆਉਂਦੇ ਹਨ ਕਿ ਹਾਰ ਨਾ ਮੰਨਦੇ ਹੋਏ, ਜੇ ਅਸੀਂ ਪ੍ਰਭੂ ਦੇ ਕੰਮ ਦੇ ਲਈ ਬੀ ਬੀਜਦੇ ਰਹੀਏ ਅਤੇ ਕੰਮ ਕਰਦੇ ਰਹੀਏ ਤਾਂ ਅਸੀਂ ਰੂਹਾਂ ਦੀ ਵਾਢੀ ਵੱਢਾਂਗੇ। ਬਹੁਤ ਸਾਰੇ ਕੰਮ ਕਰਨ ਵਾਲੇ ਲੋਕਾਂ ਨੂੰ ਇੰਜੀਲ ਨੂੰ ਜਵਾਬ ਦਿੰਦਿਆਂ ਵੇਖ ਕੇ ਥੱਕ ਕੇ ਹਿੰਮਤ ਹਾਰ ਜਾਂਦੇ ਹਨ (ਖ਼ਾਸਕਰ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਸਿਖਾਉਣ ਵਿਚ ਉਨ੍ਹਾਂ ਨੇ ਮਦਦ ਕੀਤੀ ਹੈ)।

**ਆਇਤਾਂ 33, 34. ਉਹ ਇਹੋ ਜਿਹੇ ਬਹੁਤ ਦ੍ਰਿਸ਼ਟਾਂਤਾਂ ਵਿੱਚ ਉਨ੍ਹਾਂ ਨਾਲ ਬਚਨ ਕਰਦਾ ਸੀ ਜਿਸ ਤਰ੍ਹਾਂ ਓਹ ਸੁਣ ਸੱਕਦੇ ਸਨ।** ਦ੍ਰਿਸ਼ਟਾਂਤਾਂ ਵਿਚ ਜਿਵੇਂ ਵਚਨ ਨੂੰ ਲੁਕਾਉਣ ਦੀ ਖੂਬੀ ਸੀ (4:11–12), ਉਵੇਂ ਹੀ ਉਨ੍ਹਾਂ ਵਿਚ ਇਸ ਨੂੰ ਪਰਗਟ ਕਰਨ ਦੀ ਖੂਬੀ ਵੀ ਸੀ (4:3, 9, 23, 33)।[37] ਮਰਕੁਸ ਨੇ ਸੰਭਵ ਤੌਰ ਤੇ ਯਿਸੂ ਦੀਆਂ ਦਿੱਤੀਆਂ ਸਾਰੀਆਂ ਨਿੱਜੀ ਵਿਆਖਿਆਵਾਂ ਦਰਜ ਨਹੀਂ ਕੀਤੀਆਂ, ਪਰ ਉਸ ਨੇ ਇਹ ਜ਼ਰੂਰ ਦੱਸਿਆ ਕਿ ਉਹ ਉਵੇਂ ਹੀ ਸੁਣਾਉਂਦਾ ਸੀ, ''ਜਿਸ ਤਰ੍ਹਾਂ ਉਹ ਸੁਣ ਸਕਦੇ ਸਨ।'' ਪ੍ਰਭੂ ਆਪਣੇ ਸੰਜੀਦਾ ਸੁਣਨ ਵਾਲਿਆਂ ਨੂੰ ਸਿਰਫ਼ ਉਹੀ ਦੱਸਦਾ ਸੀ ਜਿਸ ਨੂੰ ਉਹ ਸਮਝ ਸਕਦੇ ਸਨ। ਸਿਖਾਉਣ ਵਾਲੇ ਕਈ ਵਾਰ ਵਿਦਿਆਰਥੀਆਂ ਉੱਤੇ ਬਹੁਤਾ ਭਾਰ ਲੱਦ ਕੇ ਉਨ੍ਹਾਂ ਨੂੰ ਅਜਿਹੇ ਵਿਚਾਰਾਂ ਨਾਲ ਉਲਝਾ ਦਿੰਦੇ ਸਨ, ਭਾਵੇਂ ਉਹ ਉਨ੍ਹਾਂ ਲਈ ਅਜੀਬ ਹੁੰਦੇ ਸਨ। ਦੁਨੀਆਂ ਵਿੱਚੋਂ ਆਣ ਕੇ ਮਨਬਦਲੀ ਕਰਨ ਵਾਲੇ ਲੋਕ ਆਮ ਤੌਰ ਤੇ ਗੁਆਚੀਆਂ ਹੋਈਆਂ ਭੇਡਾਂ ਵਰਗੇ ਸਮਝਦੇ ਹਨ (ਅਤੇ ਸ਼ਾਇਦ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ); ਇਸ ਕਰਕੇ ਸਾਨੂੰ ਉਨ੍ਹਾਂ ਨੂੰ ਵੱਡਾ ਹੋਣ ਵਿਚ ਮਦਦ ਕਰਨੀ ਜ਼ਰੂਰੀ ਹੈ। ਯਿਸੂ ਨੇ ਉਹੀ ਦੱਸਿਆ ਜਿਸ ਨੂੰ ਲੋਕ ਸਮਝ ਸਕਦੇ ਸਨ, ਅਸਾਨੀ ਨਾਲ ਯਾਦ ਰੱਖ ਸਕਦੇ ਸਨ ਅਤੇ ਦੂਜਿਆਂ ਨੂੰ ਸਮਝਾ ਸਕਦੇ ਸਨ।

ਫੇਰ ਤੋਂ, ਇਸ ਗੱਲ ਨੂੰ ਯਾਦ ਰੱਖਣਾ ਜ਼ਰੂਰੀ ਹੈ ਕਿ ਦ੍ਰਿਸ਼ਟਾਂਤ ਨੂੰ ਸਮਝਾ ਦੇਣ ਤੋਂ ਬਾਅਦ ਅਸਾਨੀ ਨਾਲ ਯਾਦ ਰੱਖਿਆ ਜਾ ਸਕਦਾ ਹੈ ਅਤੇ ਕਦੇ ਵੀ ਵਰਤਿਆ ਜਾ ਸਕਦਾ ਹੈ। ਜ਼ਾਹਿਰ ਹੈ ਕਿ **ਬਿਨਾ ਦ੍ਰਿਸ਼ਟਾਂਤ ਉਹ ਉਨ੍ਹਾਂ ਨਾਲ ਨਹੀਂ ਸੀ ਬੋਲਦਾ ਪਰ ਨਿਰਾਲੇ ਵਿੱਚ ਉਹ ਆਪਣੇ ਹੀ ਚੇਲਿਆਂ ਨੂੰ ਸਭ ਕੁਝ ਖੋਲ੍ਹ ਕੇ ਦੱਸਦਾ ਸੀ।** ਮਸੀਹ ਦੀ ਪਾਠਸ਼ਾਲਾ ਵਿਚ ਕੋਈ ਉਦੋਂ ਤਕ ਅਗਲੀ ਜਮਾਤ ਵਿਚ ਨਹੀਂ ਜਾ ਸਕਦਾ ਸੀ ਜਦੋਂ ਤਕ ਉਹ ਬੁਨਿਆਦੀ ਸਿੱਖਿਆ ਵਿਚ ਨਿਪੁਣ ਨਹੀਂ ਹੋ ਜਾਂਦਾ। ਆਪਣੇ ਰਹਿਮ ਨਾਲ ਖ਼ੁਦਾ ਸਾਡੇ ਉੱਤੇ ਉਸ ਨਾਲੋਂ ਵੱਧ ਭਾਰ ਨਹੀਂ ਪਾਉਂਦਾ ਜਿੰਨਾਂ ਅਸੀਂ ਝੱਲ ਸਕਦੇ ਹੋਈਏ। ਫਿਰ ਵੀ ਜੇ ਅਸੀਂ ਸੱਚੀ ਲਗਨ ਨਾਲ ਲੱਭਦੇ ਹਾਂ ਤਾਂ ਸਾਨੂੰ ਦੂਜਿਆਂ ਨਾਲੋਂ ਜੋ ਇਸ ਵਕਤ ਉਨ੍ਹਾਂ ਨੂੰ ਮਿਲ ਰਿਹਾ ਹੈ, ਕਿਤੇ ਵੱਧ ਮਿਲ ਸਕਦਾ ਹੈ। ਜੇ ਦ੍ਰਿਸ਼ਟਾਂਤ ਕਿਸੇ ਲਈ ਠੋਕਰ ਦਾ ਕਾਰਣ ਸਨ ਤਾਂ ਇਕਾਂਤ ਵਿਚ ਕੀਤੀ ਗਈ ਵਿਆਖਿਆ ਨਾਲ ਉਹ ਉਨ੍ਹਾਂ ਨੂੰ ਸਮਝਾ ਕੇ ਯਿਸੂ ਦੇ ਹੋਰ ਨੇੜੇ ਲੈ ਆਉਂਦੇ ਹਨ।

ਯਿਸੂ ਨੇ ਹੋਰ ਵੀ ਬਹੁਤ ਸਾਰੇ ਦ੍ਰਿਸ਼ਟਾਂਤ ਦਿੱਤੇ ਜਿਹੜੇ ਮਰਕੁਸ ਵਿਚ ਨਹੀਂ ਲਿਖੇ ਗਏ। ਮੱਤੀ 13:24–50 ਵਿਚ ਜੰਗਲੀ ਬੂਟੀ, ਖ਼ਮੀਰ, ਲੁਕੇ ਹੋਏ ਖ਼ਜ਼ਾਨੇ ਅਤੇ ਜਾਲ ਦੀਆਂ ਕਈ ਕਹਾਣੀਆਂ ਹਨ। ਮਰਕੁਸ ਵਿਚ ਦਿੱਤੇ ਗਏ ਦ੍ਰਿਸ਼ਟਾਂਤਾਂ ਵਿਚ ਭਾਵੇਂ ਉਹ ਸਾਰੇ ਦ੍ਰਿਸ਼ਟਾਂਤ ਨਹੀਂ ਹਨ ਜਿਹੜੇ ਉਸ

ਨੇ ਦਿੱਤੇ, ਪਰ ਪਾਠਕ ਲਈ ਬੀ ਭਾਵ ਪਰਮੇਸ਼ੁਰ ਦੇ ਵਚਨ ਦੀ ਤਾਕਤ ਅਤੇ ਵਾਢੀ ਦੇ ਅਨੰਦ ਨੂੰ ਵਿਖਾਉਣ ਲਈ ਉਹ ਕਾਫ਼ੀ ਹਨ।

## "ਚੁੱਪ ਕਰ, ਥੰਮ੍ਹ ਜਾਹ" (4:35-41)[38]

**[35]ਓਸੇ ਦਿਨ ਜਾਂ ਸੰਝ ਹੋਈ ਤਾਂ ਉਸ ਨੇ ਉਨ੍ਹਾਂ ਨੂੰ ਕਿਹਾ, ਅਸੀਂ ਪਾਰ ਚੱਲੀਏ [36]ਅਰ ਓਹ ਭੀੜ ਨੂੰ ਛੱਡ ਕੇ ਜਿੱਕਰ ਉਹ ਬੇੜੀ ਉੱਤੇ ਸੀ ਤਿਹਾ ਹੀ ਉਹਨੂੰ ਲੈ ਚੱਲੇ ਅਤੇ ਹੋਰ ਬੇੜੀਆਂ ਭੀ ਉਹਦੇ ਨਾਲ ਸਨ [37]ਤਦ ਵੱਡੀ ਹਨ੍ਹੇਰੀ ਵਗੀ ਅਤੇ ਲਹਿਰਾਂ ਬੇੜੀ ਪੁਰ ਐਥੋਂ ਤੀਕਰ ਲਗ ਗਈਆਂ ਜੋ ਬੇੜੀ ਪਾਣੀ ਨਾਲ ਭਰ ਚੱਲੀ ਸੀ [38]ਉਹ ਬੇੜੀ ਦੇ ਪਿਛਲੇ ਸਿਰੇ ਵੱਲ ਇੱਕ ਸਿਰਹਾਣਾ ਰੱਖ ਕੇ ਸੁੱਤਾ ਹੋਇਆ ਸੀ। ਤਦ ਉਨ੍ਹਾਂ ਉਹਨੂੰ ਜਗਾਇਆ ਅਤੇ ਉਹਨੂੰ ਆਖਿਆ, ਗੁਰੂ ਜੀ ਤੈਨੂੰ ਕੋਈ ਫ਼ਿਕਰ ਨਹੀਂ ਜੋ ਅਸੀਂ ਨਸ਼ਟ ਹੋ ਚੱਲੇ ਹਾਂ? [39]ਤਦ ਉਹ ਨੇ ਉੱਠ ਕੇ ਪੌਣ ਨੂੰ ਦਬਕਾ ਦਿੱਤਾ ਅਤੇ ਝੀਲ ਨੂੰ ਕਿਹਾ, ਚੁੱਪ ਕਰ ਥੰਮ੍ਹ ਜਾਹ! ਤਾਂ ਪੌਣ ਥੰਮ੍ਹ ਗਈ ਅਤੇ ਵੱਡਾ ਚੈਨ ਹੋ ਗਿਆ [40]ਉਸ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਕਿਉਂ ਡਰਦੇ ਹੋ? [41]ਅਜੇ ਤੁਹਾਨੂੰ ਨਿਹਚਾ ਨਹੀਂ ਆਈ? ਤਾਂ ਉਨ੍ਹਾਂ ਨੇ ਡਾਢਾ ਭੈ ਖਾਧਾ ਅਤੇ ਆਪੋ ਵਿੱਚ ਕਹਿਣ ਲੱਗੇ, ਇਹ ਕੌਣ ਹੈ ਕਿ ਪੌਣ ਅਤੇ ਝੀਲ ਵੀ ਉਹਦੀ ਮੰਨ ਲੈਂਦੇ ਹਨ?**

ਇੰਜੀਲ ਦੇ ਮਰਕੁਸ ਦਾ ਵਿਰਤਾਂਤ ਕੁਝ ਭਾਗਾਂ ਵਿਚ ਹੈ ਜਿਸ ਵਿਚ ਪਹਿਲਾਂ ਦ੍ਰਿਸ਼ਟਾਂਤ ਆਉਂਦੇ ਹਨ ਅਤੇ ਉਸ ਤੋਂ ਬਾਅਦ ਮੋਅਜਜ਼ੇ। ਇਸ ਵਿਰਤਾਂਤ ਤੋਂ ਬਾਅਦ ਅਧਿਆਇ 5 ਵਿਚ ਤਿੰਨ ਹੋਰ ਮੋਅਜਜ਼ੇ ਆਉਂਦੇ ਹਨ। ਇਹ ਚਾਰ ਕਹਾਣੀਆਂ ਕੁਦਰਤ, ਬਦਰੂਹਾਂ, ਬਿਮਾਰੀ ਅਤੇ ਮੌਤ ਉੱਤੇ ਯਿਸੂ ਦੇ ਇਖ਼ਤਿਆਰ ਵੱਲ ਧਿਆਨ ਦੁਆਉਂਦੀਆਂ ਹਨ। ਮਰਕੁਸ 4–8 ਵਿਚ ਚਾਰਾਂ ਵਿੱਚੋਂ ਪਹਿਲੀ ਵਾਰ ਯਿਸੂ ਗਲੀਲ ਦੀ ਝੀਲ ਦੇ ਉੱਤੇ ਚੱਲਿਆ (4:36; 5:21; 6:32; 8:10)।

ਇਹ ਪੁਸਤਕ ਰੋਮੀਆਂ ਲਈ ਲਿਖੀ ਗਈ ਸੀ, "ਜਿਨ੍ਹਾਂ ਦੀ ਦਿਲਚਸਪੀ ਕਾਰਵਾਹੀ, ਸ਼ਕਤੀ, ਜਿੱਤ ਵਿਚ ਰਹਿੰਦੀ ਸੀ।"[39] ਯਿਸੂ ਨੇ ਆਪਣੇ ਨੂੰ ਆਪਣੇ ਆਪ ਲਈ ਬੜੇ ਊਰਜਾ ਨਾਲ ਭਰੇ, ਹਰ ਵਕਤ ਕੰਮ ਕਰਦੇ ਰਹਿਣ ਵਾਲੇ, ਨਵੇਂ ਨਵੇਂ ਇਲਾਕਿਆਂ ਵਿਚ ਜਾਣ ਵਾਲੇ, "ਕੁਦਰਤ ਦੀਆਂ ਤਬਾਹਕੁਨ ਸ਼ਕਤੀਆਂ ਤੇ, ਬਿਮਾਰੀ ਤੇ, ਬਦਰੂਹਾਂ ਤੇ, ਮੌਤ ਅਤੇ ਨੈਤਿਕ–ਆਤਮਿਕ ਅਨ੍ਹੇਰੇ ਤੇ ਇੱਕੋ ਅਤੇ ਸਿਰਫ਼ ਇੱਕੋ ਛੁਟਕਾਰਾ ਦੁਆਉਣ ਵਾਲੇ ਜੇਤੂ" ਦੇ ਰੂਪ ਵਿਚ ਵਿਖਾਇਆ।[40]

ਯੂਹੰਨਾ 2:1–10 ਪਾਣੀ ਨੂੰ ਮੈ ਬਣਾ ਦੇਣ ਵਿਚ ਕੁਦਰਤ ਉੱਤੇ ਯਿਸੂ ਦੀ ਸ਼ਕਤੀ ਨੂੰ ਵਿਖਾਉਂਦਾ ਹੈ ਅਤੇ ਮਰਕੁਸ ਦਾ ਇਹ ਵਾਲਾ ਹਿੱਸਾ ਕੁਦਰਤ ਦੇ ਇਕ ਹੋਰ ਹਿੱਸੇ ਤੇ ਉਸ ਦੀ ਸ਼ਤੀ ਦੇ ਸਾਡੇ ਗਿਆਨ ਨੂੰ ਵਧਾ ਦਿੰਦਾ ਹੈ। ਖ਼ੁਦਾ ਹੋਣ ਕਰਕੇ, ਉਹਦੇ ਕੋਲ ਕੁਦਰਤੀ ਸੰਸਾਰ ਉੱਤੇ ਸ਼ਕਤੀ ਹੈ। ਉਹ ਖ਼ੁਦਾ ਜਿਸ ਨੇ ਲਾਲ ਸਮੁੰਦਰ ਨੂੰ ਸੁਕਾ ਦਿੱਤਾ ਤਾਂ ਜੋ ਇਸਰਾਏਲੀ ਉਸ ਵਿੱਚੋਂ ਦੀ ਨਿੱਕਲ ਸਕਣ, ਬੜੀ ਅਸਾਨੀ ਨਾਲ ਤੂਫ਼ਾਨ ਨੂੰ ਥੰਮ੍ਹ ਸਕਦਾ ਸੀ। ਜਿਹੜੇ ਲੋਕ ਇਹ ਆਖਦੇ ਹਨ ਕਿ ਜਿਵੇਂ ਪਹਿਲੀ ਸਦੀ ਵਿਚ ਮਸੀਹ ਮੋਅਜਜ਼ੇ ਕਰਦਾ ਸੀ, ਉਵੇਂ ਹੀ ਉਹ ਵੀ ਕਰ ਸਕਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਸਮੁੰਦਰ ਵਿਚ ਤੂਫ਼ਾਨ ਨੂੰ ਥੰਮ੍ਹਣ ਦੀ ਕੋਸ਼ਿਸ਼ ਬੇਵਕੂਫ਼ੀ ਹੋਵੇਗੀ।

**ਆਇਤਾਂ 35, 36.** ਮਰਕੁਸ ਵਧੇਰੇ ਸਧਾਰਣ ਦ੍ਰਿਸ਼ਟਾਂਤਾਂ ਤੋਂ ਯਿਸੂ ਦੀ ਜ਼ਿੰਦਗੀ ਦੀ ਕਾਰਵਾਹੀ ਦੀ ਇਸ ਸ਼ਾਨਦਾਰ ਘਟਨਾ ਵੱਲ ਮੁੜ ਗਿਆ। ਇਹ ਵੇਰਵਾ ਇਸ ਗੱਲ ਨੂੰ ਸਾਫ਼ ਕਰ ਦਿੰਦਾ ਹੈ ਕਿ ਯਿਸੂ ਲਈ ਇਹ ਰੁਝੇਵੇਂ ਭਰੇ ਦਿਨ ਤੋਂ ਬਾਅਦ **ਸੰਝ** ਦਾ ਸਮਾਂ ਸੀ। **ਉਸ ਨੇ ਉਨ੍ਹਾਂ ਨੂੰ ਕਿਹਾ, ਅਸੀਂ ਪਾਰ ਚੱਲੀਏ ਅਰ ਓਹ ਭੀੜ ਨੂੰ ਛੱਡ ਕੇ ਜਿੱਕਰ ਉਹ ਬੇੜੀ ਉੱਤੇ ਸੀ ਤਿਹਾ ਹੀ ਉਹਨੂੰ ਲੈ ਚੱਲੇ ਅਤੇ ਹੋਰ ਬੇੜੀਆਂ ਭੀ ਉਹਦੇ ਨਾਲ ਸਨ।**

**ਆਇਤਾਂ 37, 38. ਤਦ ਵੱਡੀ ਹਨ੍ਹੇਰੀ ਵਗੀ ਅਤੇ ਲਹਿਰਾਂ ਬੇੜੀ ਪੁਰ ਐਥੋਂ ਤੀਕਰ ਲਗ ਗਈਆਂ ਜੋ ਬੇੜੀ ਪਾਣੀ ਨਾਲ ਭਰ ਚੱਲੀ ਸੀ।** ਗਲੀਲ ਦੀ ਝੀਲ ਦੇ ਆਲੇ ਦੁਆਲੇ ਨੁਕੀਲੀਆਂ ਘਾਟੀਆਂ ਦੇ ਕਾਰਣ ਹਨ੍ਹੇਰੀ ਆਉਣਾ ਅਤੇ ਅਚਾਨਕ ਤੂਫ਼ਾਨ ਆ ਜਾਣਾ ਆਮ ਗੱਲ ਹੈ। ਹਰਮੋਨ ਪਹਾੜ (ਸਮੁੰਦਰ ਤਲ ਤੋਂ 9,200 ਫੁੱਟ) ਤੋਂ ਹੇਠਾਂ ਘਾਟੀ ਅਤੇ ਝੀਲ ਵਿਚ (ਭੂਮੱਧ ਸਾਗਰ ਦੇ ਤਲ ਤੋਂ 682 ਫੁੱਟ ਹੇਠਾਂ)[41] ਹਵਾ ਚੱਲਣ ਨਾਲ ਤੇਜ਼ ਤੂਫ਼ਾਨ ਆ ਜਾਂਦਾ ਹੈ। ਜਿਸ ਵਿਚ ਪਹਾੜ ਦੀ ਠੰਡੀ ਹਵਾ ਗਰਮ ਹਵਾਲ ਝੀਲ ਦੇ ਪਾਣੀ ਨਾਲ ਟਕਰਾਉਂਦੀ ਹੈ ਅਤੇ ਆਮ ਤੌਰ ਤੇ ਬਾਰਿਸ਼ ਦੇ ਤੂਫ਼ਾਨ ਦੇ ਬਗੈਰ ਤੇਜ਼ ਲਹਿਰਾਂ ਬਣ ਜਾਂਦੀਆਂ ਹਨ। ਇਹ ਤੂਫ਼ਾਨ ਤਜਰਬੇਕਾਰ ਮਛੇਰਿਆਂ ਲਈ ਵੀ ਖ਼ਤਰਾ ਹੋ ਸਕਦਾ ਹੈ।[42]

ਯਿਸੂ ਨੇ **ਪਿਛਲੇ ਸਿਰੇ ਵੱਲ** ਹੌਲੀ ਜਿਹੇ **ਸਿਰਹਾਣਾ**[43] ਲੈ ਕੇ ਆਪਣਾ ਸਿਰ ਉਸ ਉੱਤੇ ਰੱਖਿਆ ਅਤੇ ਸੌਂ ਗਿਆ। ਜਦਕਿ ਤੂਫ਼ਾਨ ਬੇੜੀ ਨੂੰ ਡੋਬ ਦੇਣ ਵਾਲਾ ਸੀ। ''ਹਨ੍ਹੇਰੀ ਦੇ ਐਨਾ ਤੇਜ਼ ਹੋਣ ਤੇ'' ਯਿਸੂ ਕਿਵੇਂ ਸੌਂ ਸਕਦਾ ਸੀ? ਮੱਤੀ 8:24 ਵਿਚ ਇਸ ''ਤੂਫ਼ਾਨ'' ਲਈ ਵਰਤਿਆ ਗਿਆ ਸ਼ਬਦ σεισμός (*ਸੀਸਮੋਸ*), ਜਿਸ ਤੋਂ ਸਾਨੂੰ ਅੰਗ੍ਰੇਜ਼ੀ ਸ਼ਬਦ ''ਸੀਸਮੋਲੋਜੀ'' ("seismology") ਮਿਲਿਆ ਹੈ ਜੋ ਕਿਸੇ ਭੁਚਾਲ ਵਿਚ ਆਉਣ ਵਾਲੀ ਵੱਡੀ ਹਲਚਲ ਨੂੰ ਦੱਸਦਾ ਹੈ।[44] ਦਿਨ ਭਰ ਪ੍ਰਚਾਰ ਕਰਦਿਆਂ ਥੱਕੇ ਯਿਸੂ ਨੂੰ ਕਿਤੇ ਵੀ ਨੀਂਦ ਆ ਸਕਦੀ ਹੋਵੇਗੀ।

ਡਰੇ ਹੋਏ ਚੇਲਿਆਂ ਨੇ ਉਸ ਨੂੰ ਜਗਾਇਆ ਅਤੇ ਪੁੱਛਿਆ, **''ਗੁਰੂ ਜੀ ਤੈਨੂੰ ਕੋਈ ਫਕਿਰ ਨਹੀਂ ਜੋ ਅਸੀਂ ਨਸ਼ਟ ਹੋ ਚੱਲੇ ਹਾਂ?''** ਉਨ੍ਹਾਂ ਨੇ ਉਸ ਉੱਤੇ ਪਰਵਾਹ ਨਾ ਕਰਨ ਦਾ ਇਲਜ਼ਾਮ ਲਾਇਆ! ਸੱਚ ਇਹ ਸੀ ਕਿ ਉਨ੍ਹਾਂ ਕੋਲ *ਨਾ* ਡਰਨ ਦੇ ਕਈ ਕਾਰਣ ਸਨ। ਪਹਿਲਾ ਕਾਰਣ ਇਹ ਸੀ ਕਿ ਯਿਸੂ ਨੇ ਕਿਹਾ ਸੀ ਕਿ ਉਹ ਪਾਰ ਜਾ ਰਹੇ ਹਨ (4:35)। ਯਿਸੂ ਦੀ ਕਹੀ ਹਰ ਗੱਲ ਅਤੇ ਹੁਕਮ ਵਿਚ ਇਸ ਨੂੰ ਪੂਰਾ ਕਰਨ ਦੀ ਸਮਰੱਥਾ ਸੀ। ਦੂਜਾ, ਕਾਰਣ ਇਹ ਸੀ ਕਿ ਉਹ ਉਨ੍ਹਾਂ ਦੇ ਨਾਲ ਸੀ! ਉਨ੍ਹਾਂ ਦਾ ਵਿਸ਼ਵਾਸ ਡੋਲਣਾ ਨਹੀਂ ਚਾਹੀਦਾ, ਤੂਫ਼ਾਨ ਵਿਚ ਵੀ ਨਹੀਂ, ਕਿਉਂ ਜੋ ਮਸੀਹ ਉਨ੍ਹਾਂ ਦੇ ਨਾਲ ਸੀ। ਉਸ ਦੀਆਂ ਯੋਜਨਾਵਾਂ ਨੂੰ ਅੰਜਾਮ ਦੇਣ ਤੋਂ ਕੋਈ ਵੀ ਚੀਜ਼ ਰੋਕ ਨਹੀਂ ਸਕਦੀ ਸੀ, ਭਾਵੇਂ ਉਹ ਜਾਗਿਆ ਹੁੰਦਾ ਜਾਂ ਸੁੱਤਾ।

ਸਾਫ਼–ਸਾਫ਼ ਕਹੀਏ ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਉਨ੍ਹਾਂ ਨੂੰ ਉਸ ਦੀਆਂ ਯੋਜਨਾਵਾਂ ਦੀ ਅਜੇ ਸਮਝ ਨਹੀਂ ਸੀ। ਫਿਰ ਵੀ ਉਨ੍ਹਾਂ ਨੇ ਮੋਅਜਜ਼ਿਆਂ ਵਿਚ ਵਿਖਾਈ ਗਈ ਉਸ ਦੀ ਸਮਰੱਥਾ ਨੂੰ ਵੇਖਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਯਕੀਨ ਹੋਣਾ ਚਾਹੀਦਾ ਸੀ ਕਿ ਉਹ ਇਸ ਹਾਲਾਤ ਨੂੰ ਸੰਭਾਲ ਲਵੇਗਾ। ਉਹ ਵੇਖ ਸਕਦੇ ਸਨ ਕਿ ਯਿਸੂ ਸ਼ਾਂਤ ਹੈ, ਜੋ ਕਿ ਉਨ੍ਹਾਂ ਲਈ ਕਾਫ਼ੀ ਹੋਣਾ ਚਾਹੀਦਾ ਸੀ। ਉਨ੍ਹਾਂ ਵਿਚ ਐਨਾ ਵਿਸ਼ਵਾਸ ਨਹੀਂ ਸੀ ਕਿ ਇਹ ਸਮਝ ਸਕਣ ਕਿ ਯਿਸੂ ਦੇ ਨਾਲ ਹੋਣ ਤੇ ਉਹ ਸੁਰੱਖਿਅਤ ਹਨ।

**ਆਇਤ 39. ਤਦ ਉਹ ਨੇ ਉੱਠ ਕੇ ਪੌਣ ਨੂੰ ਦਬਕਾ ਦਿੱਤਾ ਅਤੇ ਝੀਲ ਨੂੰ ਕਿਹਾ, ਚੁੱਪ ਕਰ ਥੰਮ੍ਹ ਜਾਹ! ਤਾਂ ਪੌਣ ਥੰਮ੍ਹ ਗਈ ਅਤੇ ਵੱਡਾ ਚੈਨ ਹੋ ਗਿਆ।** ਮਰਕੁਸ ਹੌਲੀ ਹੌਲੀ ਸਾਨੂੰ ਯਿਸੂ ਦੀ ਵਡਿਆਈ ਅਤੇ ਸਮਰੱਥਾ ਨੂੰ ਵਿਖਾਉਣ ਲਈ ਲੈ ਆਇਆ ਹੈ। ਯਿਸੂ ਨੇ ਅਕਾਸ਼ ਨੂੰ ਖੁੱਲ੍ਹਦਿਆਂ ਵੇਖਿਆ, ਆਤਮਾ ਨੂੰ ਆਪਣੇ ਉੱਪਰ ਉੱਤਰਦਿਆਂ ਅਤੇ ਉਸ ਨੂੰ ਫ਼ਰਿਸ਼ਤਿਆਂ ਦੀ ਸੇਵਕਾਈ ਤੋਂ ਲਾਭ ਮਿਲਿਆ ਸੀ (1:10, 13)। ਅਸੀਂ ਵੇਖਿਆ ਹੈ ਕਿ ਖ਼ੁਦਾ ਨੇ ਉਸ ਦੇ ਪੁੱਤਰ ਹੋਣ ਦੀ ਗਵਾਹੀ ਦਿੱਤੀ (1:11)। ਯਿਸੂ ਇਖ਼ਤਿਆਰ ਨਾਲ ਉਪਦੇਸ਼ ਦਿੰਦਾ, ਬਿਮਾਰਾਂ ਨੂੰ ਚੰਗਿਆ ਕਰਦਾ, ਬਦਰੂਹਾਂ ਨੂੰ ਕੱਢਦਾ ਅਤੇ ਪਾਪਾਂ ਨੂੰ ਮਾਫ਼ ਕਰਦਾ ਸੀ। ਜਿਸ ਨੇ ਹਨ੍ਹੇਰੀ ਅਤੇ ਝੀਲ ਨੂੰ ਬਣਾਇਆ ਸੀ ਸਿਰਫ਼ ਉਹ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ਨਾਲ ਇਸ ਨੂੰ ਥੰਮ੍ਹ ਜਾਣ ਲਈ ਝਿੜਕ ਸਕਦਾ ਸੀ (σιώπα, πεφίμωσο, *ਸਿਓਪਾ, ਪੇਫ਼ੀਮੋਸੋ*) ਤਾਂ ਅਸੀਂ ਇਕਦਮ ਮਸੀਹ ਨੂੰ ਸਿਰਜਣਹਾਰੇ ਦੇ ਨਾਲ ਪ੍ਰਭੂ ਅਤੇ ਛੁਡਾਉਣ ਵਾਲੇ ਦੇ ਵਿਚ ਵੇਖਦੇ ਹਾਂ। ਬੋਲ ਕੇ ਐਨਾ ਖਾਮੋਸ਼ ਕਰ ਦੇਣ ਦੀ ਤਾਕਤ ਦੀ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਆਮ ਤੌਰ ਤੇ ਅਸੀਂ ਮੌਸਮ ਦੀ ਗੱਲ ਕਰਦੇ ਹਾਂ, ਪਰ ਇਸ ਨੂੰ ਬਦਲ

ਸਿਰਫ਼ ਪਰਮੇਸ਼ੁਰ ਹੀ ਸਕਦਾ ਹੈ।

**ਆਇਤਾਂ 40, 41.** ਯਿਸੂ ਨੇ ਚੇਲਿਆਂ ਇਹ ਆਖਦਿਆਂ ਝਿੜਕਿਆ, **''ਤੁਸੀਂ ਕਿਉਂ ਡਰਦੇ ਹੋ? ਅਜੇ ਤੁਹਾਨੂੰ ਨਿਹਚਾ ਨਹੀਂ ਆਈ?''** ਮੱਤੀ 8:26 ਦੇ ਮੁਤਾਬਿਕ ਉਹਨੇ ਉਨ੍ਹਾਂ ਨੂੰ ''ਹੇ ਥੋੜੀ ਪਰਤੀਤ ਵਾਲਿਆ'' ਆਖਦਿਆਂ ਸੰਬੋਧਿਤ ਕੀਤਾ। ਲੂਕਾ 8:25 ਵਿਚ ਇਹ ਰੁੱਖਾ ਜਿਹਾ ਸਵਾਲ ਹੈ, ''ਤੁਹਾਡੀ ਨਿਹਚਾ ਕਿੱਥੇ?'' ਯਿਸੂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਉਹ ਐਡੇ ਡਰੇ ਹੋਏ ਕਿਉਂ ਸਨ। ਜਿਸ ਕਿਸੇ ਨੇ ਸਮੁੰਦਰ ਵਿਚ ਅਜਿਹਾ ਤੂਫ਼ਾਨ ਵੇਖਿਆ ਹੋਵੇ, ਉਹ ਉਨ੍ਹਾਂ ਦੇ ਡਰ ਨੂੰ ਸਮਝ ਸਕਦਾ ਹੈ। ਅਜਿਹੇ ਹਾਲਾਤ ਵਿਚ ਕਿਸੇ ਬੇੜੀ ਵਿਚ ਖਲੋਤੇ ਹੋਣ ਲਈ ਰਸੂਲਾਂ ਵਿੱਚੋਂ ਕਿਸੇ ਇਕ ਲਈ ਬੜੀ ਹਿੰਮਤ ਹੋਣੀ ਜ਼ਰੂਰੀ ਸੀ। ਪਰ ਯਿਸੂ ਲਈ ਇਹ ਕੁਦਰਤੀ ਗੱਲ ਸੀ। ਉਸ ਨੂੰ ਉਸ ਤੋਂ ਕੋਈ ਡਰ ਨਹੀਂ ਸੀ ਜਿਸ ਨੂੰ ਉਸ ਨੇ ਬਣਾਇਆ ਸੀ, ਉਹ ਭਾਵੇਂ ਸਮੁੰਦਰ ਹੋਵੇ, ਹਨੇਰੀ ਜਾਂ ਲਹਿਰਾਂ ਹੀ ਕਿਉਂ ਨਾ ਹੋਣ। ਇਹ ਸਾਫ਼ ਹੈ ਕਿ ਮਨੁੱਖ ਦੇ ਪੁੱਤਰ ਨੂੰ ਆਪਣੇ ਪਿਤਾ ਅਤੇ ਉਸ ਦੀ ਸ਼ਕਤੀ ਉੱਤੇ ਪੂਰਾ ਭਰੋਸਾ ਹੈ। **ਉਨ੍ਹਾਂ ਨੇ ਡਾਢਾ ਭੈ ਖਾਧਾ ਅਤੇ ਆਪੋ ਵਿੱਚ ਕਹਿਣ ਲੱਗੇ, ''ਇਹ ਕੌਣ ਹੈ ਕਿ ਪੌਣ ਅਤੇ ਝੀਲ ਵੀ ਉਹਦੀ ਮਨ ਲੈਂਦੇ ਹਨ?''** ਇਕ ਵਾਰ ਫੇਰ ਤੋਂ ਇਹ ਉਸ ਦੇ ਖ਼ੁਦਾ ਹੋਣ ਦਾ ਅਟੱਲ ਸਬੂਤ ਹੈ।

## ਪ੍ਰਾਸੰਗਿਕਤਾ

**ਦੂਜਿਆਂ ਨੂੰ ਉਦੇਸ਼ ਦੇਣ ਲਈ ਜ਼ਰੂਰੀ ਗੱਲਾਂ** (4: 1-9)

ਇਸ ਅਧਿਆਇ ਦੇ ਸ਼ੁਰੂ ਤੋਂ ਯਿਸੂ ਨੂੰ ਫੇਰ ਤੋਂ ਗਲੀਲ ਦੀ ਝੀਲ ਦੇ ਕੰਢੇ ਉਪੇਦਸ਼ ਦਿੰਦੇ ਵਿਖਾਇਆ ਗਿਆ ਹੈ। ਉਹਦੀ ਮੌਜੂਦਗੀ ਨੇ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਸੀ। ਉਹ ਉਹਦੇ ਆਲੇ ਦੁਆਲੇ ਇੱਥੋਂ ਤਕ ਇਕੱਠੇ ਹੋ ਗਏ ਸਨ ਕਿ ਉਸ ਨੂੰ ਝੀਲ ਵੱਲ ਨੂੰ ਧੱਕ ਦਿੱਤਾ ਗਿਆ। ਵਿਹਾਰ ਸਮਝ ਦੀ ਵਰਤੋਂ ਕਰਦਿਆਂ ਯਿਸੂ ਨੇ ਇਕ ਬੇੜੀ ਵਿਚ ਜਾਣ ਦੀ ਹੁਸ਼ਿਆਰੀ ਵਰਤੀ। ਕੰਢੇ ਤੋਂ ਕੁਝ ਫੁੱਟ ਦੇ ਫ਼ਾਸਲੇ ਤੇ ਬੇੜੀ ਨੂੰ ਅਟਕਾ ਕੇ ਯਿਸੂ ਉਸ ਵਿਚ ਬੈਠ ਗਿਆ ਅਤੇ ਭੀੜ ਨਾਲ ਗੱਲਾਂ ਕਰਨ ਲੱਗਾ।

ਉਸ ਨੇ ਪਹਿਲਾਂ ਦ੍ਰਿਸ਼ਟਾਂਤਾਂ ਦੀ ਵਰਤੋਂ ਕੀਤੀ ਸੀ, ਪਰ ਹੁਣ ਉਹ ਲੰਮੇ ਅਤੇ ਬਹੁਤੇ ਵਿਸਤਾਰ ਵਾਲੇ ਦ੍ਰਿਸ਼ਟਾਂਤਾਂ ਦੀ ਵਰਤੋਂ ਕਰ ਰਿਹਾ ਸੀ (4:2)। ਸਿਖਾਉਣ ਦੀ ਇਹ ਸ਼ੈਲੀ ਕੁਝ ਲੋਕਾਂ ਲਈ ਜਿਹੜੇ ਸੁਣ ਰਹੇ ਸਨ ਨਵੀਂ ਸੀ, ਜਦ ਕਿ ਦੂਜਿਆਂ ਨੂੰ ਬੇਸ਼ਕੀਮਤੀ ਚੀਜ਼ਾਂ ਦਾ ਪ੍ਰਕਾਸ਼ ਦਿੱਤਾ ਜਾ ਰਿਹਾ ਸੀ।

ਇਸ ਅਸਾਧਾਰਣ ਪਿਛੋਕੜ ਵਿਚ ਉਸ ਦਾ ਪਹਿਲਾਂ ਦ੍ਰਿਸ਼ਟਾਂਤ ਉਹ ਦ੍ਰਿਸ਼ਟਾਂਤ ਹੈ ਜਿਸ ਨੂੰ ਕਿਸੇ ਹੋਰ ਥਾਂ ''ਬੀਜਣ ਵਾਲੇ ਦਾ ਦ੍ਰਿਸ਼ਟਾਂਤ'' ਕਿਹਾ ਗਿਆ ਹੈ (ਮੱਤੀ 13:18)। ਲਿਖਤ ਵਿਚ ਸਿਰਫ਼ ਇਹੀ ਇਕ ਦ੍ਰਿਸ਼ਟਾਂਤ ਹੈ ਜਿਸ ਨੂੰ ਯਿਸੂ ਨੇ ਨਾਂਅ ਦਿੱਤਾ। ਇੰਜੀਲ ਨੂੰ ਸਿਖਾਉਣ ਵਿਚ ਇਸ ਦੇ ਵੱਡੇ ਪ੍ਰਭਾਅ ਅਤੇ ਗਹਿਰਾਈ ਕਰਕੇ ਇਹ ਉਸ ਦੇ ਸਭ ਤੋਂ ਮਸ਼ਹੂਰ ਦ੍ਰਿਸ਼ਟਾਂਤਾਂ ਵਿੱਚੋਂ ਇਕ ਬਣ ਗਿਆ ਹੈ।

ਇਕ ਨਜ਼ਰੀਏ ਤੋਂ, ਇਹ ਦ੍ਰਿਸ਼ਟਾਂਤ ਦੂਜਿਆਂ ਨੂੰ ਇੰਜੀਲ ਨੂੰ ਦੱਸਣ ਦੇ ਕੰਮ, ਯੋਜਨਾ ਅਤੇ ਕੰਮ ਕਰਨ ਦਾ ਵਰਣਨ ਕਰਦਾ ਹੈ। ਇਸ ਵਿਚ ਸਾਨੂੰ ਸਿਖਾਉਣ ਦੇ ਸਾਰੇ ਕਾਰਣ, ਸਿਖਾਉਣ ਦੀਆਂ ਨਿਰਾਸ਼ਾਵਾਂ ਅਤੇ ਨਾਕਾਮੀਆਂ, ਸਿਖਾਉਣ ਦੇ ਖੁਸ਼ਨੁਮਾ ਨਤੀਜੇ ਮਿਲ ਜਾਂਦੇ ਹਨ। ਖ਼ਾਸ ਕਰਕੇ ਇਹ ਉਨ੍ਹਾਂ ਜ਼ਰੂਰੀ ਗੱਲਾਂ ਨੂੰ ਦੱਸਦਾ ਹੈ ਜਿਹੜੀਆਂ ਕਿਸੇ ਵੀ ਸਿਖਾਉਣ ਦੇ ਮੌਕੇ ਲਈ ਹਨ। ਆਓ ਸਵਾਲ ਪੁੱਛੀਏ ਕਿ ''ਅਸਲ ਸਿੱਖਿਆ ਨੂੰ ਅੰਜਾਮ ਦੇਣ ਲਈ ਕੀ ਹੋਣਾ ਜ਼ਰੂਰੀ ਹੈ? ਦੂਜਿਆਂ ਨੂੰ ਸਿਖਾਉਣ ਲਈ ਕਿਹੜੀਆਂ ਕਿਹੜੀਆਂ ਗੱਲਾਂ ਜ਼ਰੂਰੀ ਹਨ?''

1. ਉੱਥੋਂ ਹੀ ਸ਼ੁਰੂ ਕਰਦੇ ਹਾਂ ਜਿੱਥੋਂ ਦ੍ਰਿਸ਼ਟਾਂਤ ਸ਼ੁਰੂ ਹੁੰਦਾ ਹੈ: *ਬੀਜਣ ਵਾਲੇ* ਨਾਲ। ਯਿਸੂ ਨੇ ਸੰਕੇਤ ਦਿੱਤਾ ਕਿ ਜਦ ਤਕ ਉਪਦੇਸ਼ ਦੇਣ ਵਾਲਾ ਨਹੀਂ ਹੋਵੇਗਾ ਉਦੋਂ ਤਕ ਕੁਝ ਨਹੀਂ ਹੋ ਸਕਦਾ (ਜਾਂ ਨਹੀਂ ਹੋਵੇਗਾ)। ਇਸ ਤੋਂ ਪੌਲੁਸ ਦੀ ਗੱਲ ਧਿਆਨ ਵਿਚ ਆਉਂਦੀ ਹੈ: ''ਅਤੇ ਪ੍ਰਚਾਰਕ ਬਾਝੋਂ

ਕਿੱਕੁਰ ਸੁਣਨ?'' (ਰੋਮੀਆਂ 10:14)। ਅਸੀਂ ਇਸ ਨੂੰ ਇਸ ਤਰ੍ਹਾਂ ਵੀ ਕਹਿ ਸਕਦੇ ਹਾਂ: ''ਜਾਂ ਬਿਨਾਂ ਉਸਤਾਦ ਦੇ ਉਹ ਕਿਵੇਂ ਸਿੱਖਣਗੇ?''

2. ਹੋਰ ਗਹਿਰਾਈ ਵਿਚ ਜਾਣ ਤੇ ਸਾਨੂੰ ਸਿਖਾਉਣ ਵਾਲੇ ਨਾਲੋਂ ਵੀ ਵੱਡੀ ਕੋਈ ਚੀਜ਼ ਮਿਲਦੀ ਹੈ। ਉਹ ਚੀਜ਼ *ਬੀ* ਹੈ। ਬਾਅਦ ਵਿਚ ਯਿਸੂ ਨੇ ਬੀ ਨੂੰ ''ਬਚਨ'' ਦੱਸਿਆ (4:14)। ਚੇਲਾ ਬਣਾਉਣ ਦਾ ਕੰਮ ਗੁਰੂ ਨਹੀਂ ਕਰਦਾ ਬਲਕਿ ਇਹ ਤਾਂ ਬੀ ਕਰਦਾ ਹੈ ਜੋ ਕਿ ਪਰਮੇਸ਼ੁਰ ਦਾ ਵਚਨ ਹੈ। ਇਸੇ ਕਰਕੇ ਪੌਲੁਸ ਨੇ ਆਖਿਆ, ''ਸੋ ਨਾ ਤਾਂ ਲਾਉਣ ਵਾਲ ਕੁਝ ਹੈ ਨਾ ਸਿੰਜਣ ਵਾਲਾ'' (1 ਕੁਰਿੰਥੀਆਂ 3:7)।

3. ਇਸ ਤੋਂ ਇਕ ਹੋਰ ਗੱਲ ਮਿਲ ਜਾਂਦੀ ਹੈ ਜਿਹੜੀ ਬੜੀ ਅਹਿਮ ਹੈ ਕਿ ਸਿਖਾਉਣਾ ਬੀ ਦੇ *ਛੱਡੇ* ਬਗੈਰ ਨਹੀਂ ਹੋ ਸਕਦਾ। ਪ੍ਰਚਾਰਕ ਜਾਂ ਸਿਖਾਉਣ ਵਾਲੇ ਲਈ ਇਸ ਸਮਰੱਥਾ ਨਾਲ ਭਰੇ ਬੀ ਨੂੰ ਉੱਥੇ ਲਿਜਾਣਾ ਜ਼ਰੂਰੀ ਹੈ ਜਿੱਥੇ ਲੋਕ ਹਨ। ਖੇਤ ਲੋਕਾਂ ਦੇ ਮਨ ਹਨ ਜਿਨ੍ਹਾਂ ਨੂੰ ਇੰਜੀਲ ਦੀ ਲੋੜ ਹੈ। ਜੇ ਬੀਜਣ ਵਾਲਾ ਬੀ ''ਨਹੀਂ ਲਿਜਾਂਦਾ'' ਤਾਂ ਇਹ ਸੁਨਹਿਰੀ ਦਾਣੇ ਵਿਚ ਨਹੀਂ ਬਦਲੇਗਾ।

4. ਇਕ ਹੋਰ ਜ਼ਰੂਰੀ ਗੱਲ *ਬੀਜਣਾ* ਹੈ। ਇਹ ਉਹ ਕੰਮ ਹੈ ਜਿਹੜਾ ਬੀਜਣ ਵਾਲੇ, ਬੀ ਅਤੇ ਲਿਜਾਣ ਵਾਲੇ ਨੂੰ ਇਕੱਠਿਆਂ ਕਰ ਲੈਂਦਾ ਹੈ। ਇਨ੍ਹਾਂ ਵਿੱਚੋਂ ਹਰ ਕੋਈ ਦੂਜੇ ਉੱਤੇ ਨਿਰਭਰ ਹੈ। ਸਿਖਾਉਣ ਦੀਆਂ ਸਾਡੀਆਂ ਕੋਸ਼ਿਸ਼ਾਂ ਨਾਕਾਮ ਹੋ ਜਾਣਗੀਆਂ ਜੇ ਅਸੀਂ ਬੀ ਉੱਤੇ ਜ਼ੋਰ ਦਿੰਦੇ ਹੋਏ ਚਾਰਾਂ ਨੂੰ ਸਹੀ ਤਰਤੀਬ ਵਿਚ ਨਹੀਂ ਰੱਖਦੇ।

5. ਇਨ੍ਹਾਂ ਚਾਰਾਂ ਵਿੱਚੋਂ ਨਿੱਕਲਣ ਵਾਲੀ ਪੰਜਵੀਂ ਜ਼ਰੂਰੀ ਗੱਲ *ਸਮਝ* ਹੈ। ਸੰਦੇਸ਼ ਸਾਫ਼ ਅਤੇ ਦਖ਼ਲਅੰਦਾਜ਼ੀ ਤੋਂ ਮੁਕਤ ਹੋਣਾ ਜ਼ਰੂਰੀ ਹੈ ਤਾਂ ਜੋ ਸਮਝ ਵਿਚ ਆ ਸਕੇ। ਭਰੋਸੇ ਦਾ ਸੰਦੇਸ਼ ਉਨ੍ਹਾਂ ਲੋਕਾਂ ਵਿਚ ਬੀਜਿਆ ਜਾਣਾ ਲਾਜ਼ਮੀ ਹੈ ਜਿਹੜੇ ਇਸ ਨੂੰ ਸਮਝ ਸਕਦੇ ਹਨ। ਹਰ ਕਿਸਾਨ ਉਸ ਬੀ ਉੱਤੇ ਜਿਹੜਾ ਉਹਨੇ ਜ਼ਮੀਨ ਵਿਚ ਬੀਜਿਆ ਹੈ ਨਿਰਭਰ ਹੁੰਦਾ ਹੈ; ਹਰ ਗੁਰੂ ਲਈ ਵੀ ਫਲ ਲਿਆਉਣ ਲਈ ਸਾਫ਼ ਅਤੇ ਸਮਝ ਵਿਚ ਆਉਣ ਵਾਲੇ ਢੰਗ ਨਾਲ ਸੁਣਾਏ ਗਏ ਸੰਦੇਸ਼ ਉੱਤੇ ਨਿਰਭਰ ਹੋਣਾ ਜ਼ਰੂਰੀ ਹੈ।

6. ਦ੍ਰਿਸ਼ਟਾਂਤ ਵਿਚ ਹੋਰ ਗਹਿਰਾਈ ਨਾਲ ਵੇਖਣ ਤੇ ਅਸੀਂ ਇਸ ਦੇ ਵਿਸ਼ੇ ਤੇ ਆਉਂਦੇ ਹਾਂ: *ਵੱਖੋ–ਵੱਖ ਤਰ੍ਹਾਂ ਦੀ ਜ਼ਮੀਨ*। ਯਿਸੂ ਇਹ ਵਿਖਾ ਰਿਹਾ ਸੀ ਕਿ ਵੱਖੋ–ਵੱਖ ਤਰ੍ਹਾਂ ਦੇ ਮਨ ਇੰਜੀਲ ਸੁਣਾਏ ਜਾਣ ਤੇ ਸੰਦੇਸ਼ ਨਾਲ ਕੀ ਕਰਦੇ ਹਨ। ਉਸ ਨੇ ਪਹੇ ਵਾਲੀ ਜ਼ਮੀਨ, ਪਥਰੀਲੀ ਜ਼ਮੀਨ, ਕੰਡਿਆਲੀ ਜ਼ਮੀਨ ਅਤੇ ਚੰਗੀ ਜ਼ਮੀਨ ਨਾਲ ਚਾਰ ਵੱਖ ਵੱਖ ਤਰ੍ਹਾਂ ਦੇ ਮਨਾਂ ਨੂੰ ਵਿਖਾਇਆ। ਸਖ਼ਤ ਮਨ ਆਪਣੇ ਅੰਦਰ ਸੰਦੇਸ਼ ਨੂੰ ਨਹੀਂ ਆਉਣ ਦਿੰਦਾ। ਪਥਰੀਲੀ ਜ਼ਮੀਨ ਜੋ ਕਿ ਉੱਤੋਂ ਉੱਤੋਂ ਸੁਣਨ ਵਾਲੇ ਨੂੰ ਵਿਖਾਉਂਦੀ ਹੈ, ਸੰਦੇਸ਼ ਨੂੰ ਗਹਿਰਾਈ ਨਾਲ ਨਹੀਂ ਵੜਨ ਦਿੰਦੀ। ਕੰਡਿਆਲੀ ਜ਼ਮੀਨ ਜਾਂ ਬੇਦਿਲਾ ਵਿਅਕਤੀ ਸੰਦੇਸ਼ ਨੂੰ ਅਸਰ ਨਹੀਂ ਕਰਨ ਦਿੰਦਾ। ਇੰਜੀਲ ਸੁਨਾਉਣ ਵਾਲਾ ਜਾਂ ਉਪਦੇਸ਼ਕ ਯੋਗ ਜ਼ਮੀਨ ਭਾਵ ਸੱਚੇ ਆਦਮੀ ਦੀ ਤਲਾਸ਼ ਵਿਚ ਹੈ ਜਿਹੜਾ ਸੰਦੇਸ਼ ਨੂੰ ਪੂਰੀ ਤਰ੍ਹਾਂ ਨਾਲ ਦਿਲੋਂ ਕਬੂਲ ਕਰੇ। ਫਲ ਲਿਆਉਣ ਲਈ ਜ਼ਰੂਰੀ ਹੈ ਕਿ ਬੀ ਸਚਮੁਚ ਜੜ ਫੜ੍ਹ ਲਵੇ।

7. ਇਕ ਹੋਰ ਜ਼ਰੂਰੀ ਗੱਲ ਜਿਸ ਨੂੰ ਆਮ ਤੌਰ ਤੇ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ *ਸਮਾਂ* ਹੈ। ਇਕ ਰਾਤ ਵਿਚ ਕੁਝ ਨਹੀਂ ਉਗ ਸਕਦਾ। ਇਹ ਨਹੀਂ ਹੋ ਸਕਦਾ ਕਿ ਅੱਜ ਖੇਤ ਵਿਚ ਕੁਝ ਬੀਜਿਆ ਜਾਵੇ ਅਤੇ ਅਗਲੇ ਦਿਨ ਫ਼ਸਲ ਦੀ ਉਮੀਦ ਕੀਤੀ ਜਾਵੇ। ਫਲ ਲੱਗੇਗਾ ਪਰ ਇਸ ਨੂੰ ਆਉਣ ਵਿਚ ਦਿਨ ਅਤੇ ਕਈ ਵਾਰ ਹਫ਼ਤੇ ਲਗ ਜਾਂਦੇ ਹਨ।

8. ਅਖ਼ੀਰ ਵਿਚ ਅਸੀਂ ਇਸ ਪ੍ਰਕਿਰਿਆ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਜ਼ਰੂਰੀ ਗੱਲ ਤੇ ਪਹੁੰਚ ਗਏ ਹਾਂ ਜੋ ਕਿ *ਪਰਮੇਸ਼ੁਰ* ਹੈ। ਆਓ ਇਕ ਵਾਰ ਫੇਰ ਤੋਂ ਪੌਲੁਸ ਦੇ ਸ਼ਬਦਾਂ ਤੇ ਗੌਰ ਕਰਦੇ ਹਾਂ: ''ਸੋ ਨਾ ਤਾਂ ਲਾਉਣ ਵਾਲਾ ਕੁਝ ਹੈ, ਨਾ ਸਿੰਜਣ ਵਾਲਾ ਪਰੰਤੂ ਪਰਮੇਸ਼ੁਰ ਜੋ ਵਧਾਉਣ ਵਾਲਾ ਹੈ'' (1 ਕੁਰਿੰਥੀਆਂ 3:7)। ਕੌਣ ਇਸ ਦਾ ਇਨਕਾਰ ਕਰਨ ਦੀ ਹਿੰਮਤ ਕਰੇਗਾ ਕਿ ''ਪਰਮੇਸ਼ੁਰ ... ਵਧਾਉਣ ਵਾਲਾ ਹੈ''? ਇਕ ਸਮਾਂ ਆਉਂਦਾ ਹੈ ਜਦੋਂ ਬੀਜਣ ਦੀਆਂ ਸਾਰੀਆਂ ਗੱਲਾਂ ਨੂੰ ਖ਼ੁਦਾ

ਦੇ ਹੱਥ ਵਿਚ ਦੇ ਦਿੱਤਾ ਜਾਂਦੀ ਹੈ ਅਤੇ ਅਸੀਂ ਵਧਾਉਣ ਲਈ ਉਸ ਦਾ ਮੂੰਹ ਤੱਕਦੇ ਹਾਂ।

9. ਬੇਸ਼ੱਕ ਇਸ ਤੋਂ ਅਗਲੀ ਜ਼ਰੂਰੀ ਗੱਲ *ਵਾਢੀ* ਹੈ। ਪੱਕੇ ਹੋਏ ਦਾਣੇ ਕੁਝ ਕੁਝ ਤੂੜੀ ਨਾਲ ਢੱਕੇ, ਆਪਣੀਆਂ ਡੰਡੀਆਂ ਵਿੱਚੋਂ ਦੀ ਝਾਕਦੇ ਹਨ ਅਤੇ ਕਿਸੇ ਨੂੰ ਉਨ੍ਹਾਂ ਨੂੰ ਇਕੱਠਾ ਕਰਨ ਲਈ ਬੁਲਾ ਰਹੇ ਹੁੰਦੇ ਹਨ। ਸਮਾਂ ਆ ਚੁੱਕਿਆ ਹੈ; ਅਤੇ ਜੇ ਉਨ੍ਹਾਂ ਨੂੰ ਕੱਟਿਆ ਨਹੀਂ ਜਾਂਦਾ ਤਾਂ ਉਹ ਖ਼ਰਾਬ ਹੋ ਕੇ ਬਰਬਾਦ ਹੋ ਜਾਣਗੇ। ਬੀਜਣਾ, ਸਿੰਜਣਾ ਅਤੇ ਗਾਹੁਣਾ ਸਭ ਬਿਨਾਂ ਵਾਢੀ ਦੇ ਬੇਕਾਰ ਹੋ ਜਾਵੇਗਾ। ਯਿਸੂ ਨੇ ਆਖਿਆ, ''ਕੁਝ ਤੀਹ ਗੁਣਾ, ਕੁਝ ਸੱਠ ਗੁਣਾ, ਕੁਝ ਸੌ ਗੁਣਾ'' ਫਲ ਲਿਆਇਆ (4:8) । ਹਾਂ ਉਸ ਵਾਢੀ ਵਿਚ ਜਿਹੜੀ ਹੋਈ ''ਫਲ ਲਿਆਂਦਾ'' ਗਿਆ।

10. ਤਾਂ ਫਿਰ ਦਸਵੀਂ ਜ਼ਰੂਰੀ ਗੱਲ ਕਿਹੜੀ ਹੈ? ਇਹ *ਪ੍ਰਕਿਰਿਆ* ਹੈ। ਸਾਫ਼ ਤੌਰ ਤੇ ਯਿਸੂ ਆਪਣੇ ਚੇਲਿਆਂ ਨਾਲ ਗੱਲ ਕਰ ਰਿਹਾ ਸੀ ਜਦ ਉਸ ਨੇ ਉਨ੍ਹਾਂ ਨੂੰ ਪ੍ਰਕਿਰਿਆ ਨੂੰ ਨਾ ਸਮਝਣ ਦੀ ਚੁਣੌਤੀ ਦਿੱਤੀ। ਉਸ ਨੇ ਆਖਿਆ, ''ਜਿਹਦੇ ਸੁਣਨ ਦੇ ਕੰਨ ਹੋਣ ਉਹ ਸੁਣੇ'' (4:9)। ਅਜਿਹੀ ਗੱਲ ਦੀ ਵਰਤੋਂ ਯਿਸੂ ਨੇ ਛੇ ਮੌਕਿਆਂ ਤੇ ਕੀਤੀ: ਮੱਤੀ 11:15, ਯੂਹੰਨਾ ਦੇ ਸਬੰਧ ਵਿਚ; 13:9 ਵਿਚ ਬੀਜਣ ਵਾਲੇ ਦੇ ਸਬੰਧ ਵਿਚ; ਮਰਕੁਸ 4:9 ਵਿਚ, ਬੀਜਣ ਵਾਲੇ ਦੇ ਸਬੰਧ ਵਿਚ ਵੀ; 4:23 ਵਿਚ, ਰੌਸ਼ਨੀ ਦੇ ਸਬੰਧ ਵਿਚ; 7:16 ਵਿਚ, ਮਨ ਦੇ ਸਬੰਧ ਵਿਚ; ਅਤੇ ਲੂਕਾ 14:35 ਵਿਚ, ਚੇਲਾ ਬਣਨ ਦੇ ਸਬੰਧ ਵਿਚ। ਸੰਖੇਪ ਵਿਚ ਉਹ ਆਖ ਰਿਹਾ ਸੀ, ''ਧਿਆਨ ਰੱਖੋ ਕਿ ਤੁਹਾਨੂੰ ਸਮਝ ਆ ਗਈ।'' ਚੇਲੇ ਦੀ ਜ਼ਿੰਦਗੀ ਵਚਨ ਦੇ ਬੀਅ ਨੂੰ ਬੀਜਣ ਅਤੇ ਵੱਢਣ ਨਾਲ ਜੁੜੀ ਹੋਈ ਹੈ; ਯਿਸੂ ਦੇ ਚੇਲੇ ਲਈ ਇਹ ਬਿਲਕੁਲ ਜ਼ਰੂਰੀ ਹੈ ਕਿ ਉਹਨੂੰ ਇੱਥੇ ਦੱਸੀ ਗਈ ਪ੍ਰਕਿਰਿਆ ਉੱਤੇ ਵਿਸ਼ਵਾਸ ਹੋਵੇ ਅਤੇ ਉਹ ਇਸ ਨੂੰ ਸਮਝਦਾ ਹੋਵੇ।

*ਨਿਚੋੜ:* ਸਾਨੂੰ ਇਸ ਦ੍ਰਿਸ਼ਟਾਂਤ ਨੂੰ ਐਨਾ ਮੱਤਵਪੂਰਣ ਕਿਉਂ ਮੰਨਣਾ ਚਾਹੀਦਾ ਹੈ? ਇਹ ਉਸ ਵਿਹਾਰ ਕੰਮ ਦਾ ਸਾਰ ਹੈ ਜਿਹੜਾ ਰਾਜ ਦੇ ਲੋਕਾਂ ਲਈ ਕਰਨਾ ਜ਼ਰੂਰੀ ਹੈ। ਰਾਜ ਦੇ ਪੁੱਤਰ ਰੂਹਾਂ ਦੇ ਬੀ ਨੂੰ ਲਗਾਤਾਰ ਬੀਜਦੇ, ਸਿੰਜਦੇ ਹੋਏ ਕੱਟ ਰਹੇ ਹਨ। ਇਸ ਦ੍ਰਿਸ਼ਟਾਂਤ ਵਿਚ ਯਿਸੂ ਨੇ ਸਾਨੂੰ ਸਾਡੇ ਕੰਮ ਦੀਆਂ ਜ਼ਰੂਰੀ ਗੱਲਾਂ ਦੱਸ ਦਿੱਤੀਆਂ ਹਨ।

ਯਿਸੂ ਨੇ ਇਸ ਦ੍ਰਿਸ਼ਟਾਂਤ ਦੇ ਸ਼ੁਰੂ ਵਿਚ ''ਸੁਣੋ'' ਅਤੇ ਇਸ ਦੇ ਅਖ਼ੀਰ ਵਿਚ ''ਜਿਹਦੇ ਸੁਣਨ ਦੇ ਕੰਨ ਹੋਣ ਉਹ ਸੁਣੇ'' ਰੱਖ ਕੇ ਇਸ ਦੇ ਮਹੱਤਵ ਤੇ ਜ਼ੋਰ ਦਿੱਤਾ। ''ਕੰਨ'' ਯੋਗਤਾ ਦੀ ਗੱਲ ਹੋ ਸਕਦੇ ਹਨ, ਜਦਕਿ ''ਸੁਣਨਾ'' ਮੌਕੇ ਦਾ ਸੁਝਾਅ ਹੋ ਸਕਦਾ ਹੈ ਅਤੇ ''ਉਹ ਸੁਣੇ'' ਉਸ ਜ਼ਿੰਮੇਵਾਰੀ ਉੱਤੇ ਜ਼ੋਰ ਦਿੰਦਾ ਹੈ ਜਿਹੜੀ ਸੁਣਨ ਵਾਲੇ ਦੀ ਹੈ। ਕਿਸੇ ਕੋਲ ਕੰਨ ਹੋਣ ਦਾ ਕੀ ਫ਼ਾਇਦਾ ਜੇ ਉਹ ਉਨ੍ਹਾਂ ਨੂੰ ਵਰਤਦਾ ਹੀ ਨਹੀਂ? ਵਚਨ ਨੂੰ ਸੁਣਨ ਦਾ ਕੀ ਫ਼ਾਇਦਾ ਜੇ ਕੋਈ ਸੰਦੇਸ਼ ਵੱਲ ਧਿਆਨ ਹੀ ਨਹੀਂ ਦਿੰਦਾ? ਸੁਣ ਕੇ ਉਸ ਨੂੰ ਮੰਨਣਾ ਜ਼ਰੂਰੀ ਹੈ।

ਚੇਲਾ ਆਪਣੀ ਜ਼ਿੰਦਗੀ ਇਹ ਵੇਖਣ ਲਈ ਦੇ ਦਿੰਦਾ ਹੈ ਕਿ ਲੋਕਾਂ ਨੂੰ ਸਚਿਆਈ ਦਾ ਸੰਦੇਸ਼ ਮੰਨਣ ਦਾ ਮੌਕਾ ਮਿਲੇ। ਉਸ ਨੂੰ ਕਾਮਯਾਬ ਹੋਣ ਲਈ ਨਹੀਂ ਕਿਹਾ ਜਾਂਦਾ, ਭਾਵੇਂ ਉਸ ਟੀਚੇ ਨੂੰ ਹਾਸਲ ਕਰਨ ਲਈ ਉਹ ਜੋ ਵੀ ਕਰ ਸਕਦਾ ਹੈ ਕਰੇਗਾ। ਇਸ ਦੇ ਉਲਟ ਉਸ ਨੂੰ ਵਫ਼ਾਦਾਰ ਹੋਣ ਲਈ ਕਿਹਾ ਜਾਂਦਾ ਹੈ। ਜਿਹਦਾ ਮਤਲਬ ਇਹ ਹੈ ਕਿ ਉਹ ਇਸ ਗੱਲ ਦਾ ਧਿਆਨ ਰੱਖੇ ਕਿ ਬੀ ਬੀਜਿਆ ਗਿਆ ਅਤੇ ਫਿਰ ਇਸ ਨੂੰ ਖ਼ੁਦਾ ਦੇ ਸਪੁਰਦ ਕਰ ਦਵੇ। ਇਹ ਦ੍ਰਿਸ਼ਟਾਂਤ ਚੇਲੇ ਨੂੰ ਆਖਦਾ ਹੈ, ''ਇਹੀ ਤੇਰੀ ਜ਼ਿੰਦਗੀ ਹੈ।''

### **ਸਿੱਖਣ ਦੇ ਪ੍ਰਤੀ ਰਵੱਈਏ** (4:10-12)

ਯਿਸੂ ਆਪਣੇ ਪੈਰੋਕਾਰਾਂ ਅਤੇ ਰਸੂਲਾਂ ਨੂੰ ਇਕਾਂਤ ਥਾਂ ਵਿਚ ਲੈ ਗਿਆ ਤਾਂ ਜੋ ਉਸ ਨੂੰ ਉਨ੍ਹਾਂ ਨਾਲ ਨਿੱਜੀ ਤੌਰ ਤੇ ਗੱਲਬਾਤ ਕਰਨ ਦਾ ਮੌਕਾ ਮਿਲ ਸਕੇ। ਇਕਾਂਤ ਵਿਚ ਪਹੁੰਚਣ ਤੇ ਉਹ ਉਸ ਤੋਂ

ਉਨ੍ਹਾਂ ਦ੍ਰਿਸ਼ਟਾਂਤਾਂ ਬਾਰੇ ਪੁੱਛਣ ਲੱਗੇ ਜਿਹੜੇ ਉਸ ਨੇ ਉਨ੍ਹਾਂ ਨੂੰ ਅਤੇ ਭੀੜ ਨੂੰ ਦੱਸੇ ਸਨ।

ਦ੍ਰਿਸ਼ਟਾਂਤਾਂ ਦੀ ਆਪਣੀ ਵਿਆਖਿਆ ਵਿਚ ਯਿਸੂ ਮਨ ਦੀ ਆਪਣੀ ਧਾਰਣਾ ਵੱਲ ਨੂੰ ਪਿੱਛੇ ਵੱਲ ਚਲਿਆ ਗਿਆ। ਉਹ ਆਪਣੇ ਪੈਰੋਕਾਰਾਂ ਨੂੰ ਇਕ ਵਿਆਪਕ ਵਿਚਾਰ ਦੇ ਰਿਹਾ ਸੀ ਕਿ ਲੋਕ ਸਚਿਆਈ ਨੂੰ ਕਿਵੇਂ ਸੁਣਦੇ ਹਨ ਅਤੇ ਉਹ ਉਨ੍ਹਾਂ ਨਾਲ ਨਿੱਜੀ ਤੌਰ ਤੇ ਕਿਵੇਂ ਗੱਲਬਾਤ ਕਰਨ। ਬੀਜਣ ਵਾਲੇ ਦਾ ਦ੍ਰਿਸ਼ਟਾਂਤ, ਕਿਹਾ ਜਾਂਦਾ ਹੈ ਕਿ ਸਚਮੁਚ ਵਿਚ ਵੱਖੋ-ਵੱਖ ਕਿਸਮ ਦੀਆਂ ਜ਼ਮੀਨਾਂ (ਜਾਂ ਮਨਾਂ) ਦਾ ਦ੍ਰਿਸ਼ਟਾਂਤ ਹੈ। ਇਸ ਨੂੰ ''ਖ਼ੁਦਾ ਦੇ ਵਚਨ ਦੇ ਪ੍ਰਤੀ ਲੋਕਾਂ ਦੇ ਰਵੱਈਆਂ ਦਾ ਦ੍ਰਿਸ਼ਟਾਂਤ'' ਕਿਹਾ ਜਾਂ ਸਕਦਾ ਹੈ। ਬਹੁਤ ਸਾਰੇ ਸੁਣਨ ਵਾਲੇ ਜਿਹੜੇ ਯਿਸੂ ਨੂੰ ਸੁਣਨ ਲਈ ਇਕੱਠੇ ਹੋਏ ਸਨ, ਇੰਜੀਲ ਨੂੰ ਜਾਣਨ ਦੇ ਪ੍ਰਤੀ ਵੱਖੋ-ਵੱਖ ਤਰ੍ਹਾਂ ਦੇ ਰਵੱਈਆਂ ਨਾਲ ਆਏ ਸਨ ਭਾਵ ਉਸ ਬੀ ਦੇ ਪ੍ਰਤੀ ਜਿਹੜਾ ਉਨ੍ਹਾਂ ਦੇ ਮਨਾਂ ਵਿਚ ਬੀਜਿਆ ਗਿਆ ਸੀ, ਉਨ੍ਹਾਂ ਦੀਆਂ ਵੱਖੋ-ਵੱਖ ਪ੍ਰਤੀਕਿਰਿਆਵਾਂ ਸਨ।

ਆਪਣੇ ਆਲੇ ਦੁਆਲੇ ਇਕੱਠੇ ਹੋਏ ਚੇਲਿਆਂ ਨੂੰ ਯਿਸੂ ਦੇ ਦੱਸਣਾ ਜਾਰੀ ਰੱਖਣ ਤੋਂ ਇਹ ਸਾਫ਼ ਹੈ ਕਿ ਹਰ ਕਿਸੇ ਨੇ ਉਸ ਦੇ ਸੰਦੇਸ਼ ਨੂੰ ਕਬੂਲ ਨਹੀਂ ਕਰਨਾ ਸੀ। ਹਾਂ, ਕੁਝ ਨਹੀਂ ਕਰਨਾ ਸੀ ਪਰ ਬਹੁਤਿਆਂ ਨੇ ਬੇਕਾਰ ਦੇ ਕਾਰਣਾਂ ਨਾਲ ਨਹੀਂ ਕਰਨਾ ਸੀ।

ਆਓ ਹੋਰ ਗੌਰ ਨਾਲ ਵੇਖੀਏ ਕਿ ਸਚਿਆਈ ਨੂੰ ਜਾਣਨ ਦੇ ਪ੍ਰਤੀ ਰਵੱਈਆਂ ਦੀ ਗੱਲ ਕਰਦਿਆਂ ਯਿਸੂ ਨੇ ਕੀ ਆਖਿਆ।

1. ਯਿਸੂ ਨੇ ਪਹਿਲਾਂ ਤਾਂ ਉਨ੍ਹਾਂ ਦੀ ਗੱਲ ਕੀਤੀ ਜਿਹੜੇ ਅਗਿਆਨੀ ਸਨ ਪਰ *ਸਿੱਖਣ ਦੇ ਚਾਹਵਾਨ* ਸਨ। ਉਸ ਨੇ ਇਸ ਜਮਾਤ ਵਿਚ ਆਪਣੇ ਚੇਲਿਆਂ ਨੂੰ ਰੱਖਿਆ। ਉਹ ਇਨ੍ਹਾਂ ਲੋਕਾਂ ਉੱਤੇ ਭਰੋਸਾ ਕਰਦਾ ਸੀ ਅਤੇ ਉਸ ਨੇ ਉਨ੍ਹਾਂ ਨੂੰ ਉਹ ਲੋਕ ਦੱਸਿਆ ਜਿਨ੍ਹਾਂ ਨੂੰ ਪਰਮੇਸ਼ੁਰ ਦੇ ਰਾਜ ਦਾ ਭੇਤ ਦਿੱਤਾ ਗਿਆ। ਇਹ ਭੇਤ ਕੋਈ ਅਜਿਹੀ ਗੱਲ ਨਹੀਂ ਸੀ ਜਿਹੜੀ ਲੁਕਾਈ ਗਈ ਹੋਵੇ। ਬਲਕਿ ਇਹ ਇਲਾਹੀ ਪ੍ਰਕਾਸ਼ ਸੀ ਜਿਹੜਾ ਯਿਸੂ ਦੇ ਉਪਦੇਸ਼ ਅਤੇ ਉਸ ਦੀ ਸੇਵਕਾਈ ਦੇ ਰਾਹੀਂ ਦਿੱਤਾ ਜਾ ਰਿਹਾ ਸੀ। ਬਾਅਦ ਵਿਚ ਯਿਸੂ ਨੇ ਆਖਿਆ ਕਿ ਸੰਦੇਸ਼ ਨੂੰ ਪਾਉਣ ਦੇ ਚਾਹਵਾਨ ਲੋਕਾਂ ਨੇ ਇਸ ਨੂੰ ਸਮਝ ਲੈਣਾ ਸੀ ਅਤੇ ਉਨ੍ਹਾਂ ਨੇ ਉਸ ਸੰਦੇਸ਼ ਨੂੰ ਜਿਸ ਨੂੰ ਉਹ ਲੈ ਕੇ ਆਗਿਆ ਸੀ, ਲੱਭਦਿਆਂ ਰਹਿ ਕੇ ਹੋਰ ਹੋਰ ਗਿਆਨ ਪਾਉਂਦੇ ਰਹਿਣਾ ਸੀ। ਮੱਤੀ ਦੇ ਮੁਤਾਬਿਕ, ਉਸ ਨੇ ਆਖਿਆ ''ਸੁਰਗ ਦੇ ਰਾਜ ਦੇ ਭੇਤਾਂ ਦੀ ਸਮਝ ਤੁਹਾਨੂੰ ਦਿੱਤੀ ਗਈ ਪਰ ਉਨ੍ਹਾਂ ਨੂੰ ਨਹੀਂ'' (ਮੱਤੀ 13:11)।

ਸਿੱਖਣ ਦੀ ਇਸ ਚਾਹ ਦੀ ਉਦਾਹਰਣ ਵਿਖਾਈ ਗਈ, ਜਿਸ ਵਿਚ ਯਿਸੂ ਵੱਲੋਂ ਰਸੂਲਾਂ ਨੂੰ ਉਹਦੇ ਪਿੱਛੇ ਚੱਲਣ ਲਈ ਕਿਹਾ ਜਾਣ ਤੇ ਉਹ ਉਸ ਦੇ ਮਗਰ ਚੱਲੇ। ਬਾਅਦ ਵਿਚ ਪਤਰਸ ਨੇ ਉਸ ਘਟਨਾ ਨੂੰ ਯਾਦ ਕਰਦਿਆਂ ਆਖਿਆ ਕਿ ਉਨ੍ਹਾਂ ਨੇ ਉਹਦੇ ਮਗਰ ਚੱਲਣ ਲਈ ਸਭ ਕੁਝ ਛੱਡ ਦਿੱਤਾ ਸੀ (ਮੱਤੀ 19:27)। ਪਤਰਸ ਦੀ ਗੱਲ ਦਾ ਯਿਸੂ ਦਾ ਜਵਾਬ ਹਰ ਵਿਸ਼ਵਾਸੀਆਂ ਲਈ ਇਕ ਵੱਡਾ ਵਾਅਦਾ ਸੀ: ''ਅਤੇ ਹਰ ਕੋਈ ਜਿਹ ਨੇ ਘਰਾਂ ਯਾ ਭਾਈਆਂ ਯਾ ਭੈਣਾਂ ਯਾ ਪਿਉ ਯਾ ਮਾਂ ਯਾ ਬਾਲ ਬੱਚਿਆਂ ਯਾ ਜ਼ਮੀਨ ਨੂੰ ਮੇਰੇ ਨਾਮ ਦੇ ਕਾਰਣ ਛੱਡਿਆ ਹੈ ਉਹ ਸੌ ਗੁਣਾ ਪਾਵੇਗਾ ਅਤੇ ਸਦੀਪਕ ਜੀਉਣ ਦਾ ਵਾਰਸ ਹੋਵੇਗਾ'' (ਮੱਤੀ। 19:29)।

ਇਨ੍ਹਾਂ ਸ਼ਬਦਾਂ ਨਾਲ ਸਾਨੂੰ ਇਹ ਯਾਦ ਦੁਆਇਆ ਜਾਂਦਾ ਹੈ ਕਿ ਅਸੀਂ ਕਦੇ ਵੀ ਐਨੇ ਵੱਡੇ ਨਾ ਹੋਈਏ ਕਿ ਸਿੱਖਣਾ ਛੱਡ ਦਈਏ। ਸਾਡਾ ਯਿਸੂ ਦੇ ਨਾਲ ਚੱਲਣਾ ਅੱਗੇ ਵੱਧਦੇ ਰਹਿਣ ਵਾਲਾ ਅਨੁਭਵ ਹੈ। ਜਿੰਨਾਂ ਅਸੀਂ ਚੱਲਦੇ ਹਾਂ ਓਨਾਂ ਹੀ ਅਸੀਂ ਸਿੱਖਦੇ ਹਾਂ ਅਤੇ ਉਨ੍ਹਾਂ ਹੀ ਅਸੀਂ ਰਾਜ ਦੀਆਂ ਰੂਹਾਨੀ ਗੱਲਾਂ ਦੀ ਭੁੱਖ ਨੂੰ ਵਧਾਉਂਦੇ ਰਹਿੰਦੇ ਹਾਂ।

2. ਇਹਦਾ ਮਤਲਬ ਇਹ ਹੋਇਆ ਕਿ ਯਿਸੂ ਨੇ ਉਨ੍ਹਾਂ ਲੋਕਾਂ ਬਾਰੇ ਵੀ ਜਿਹੜੇ ਅਗਿਆਨੀ ਸਨ ਪਰ *ਸਿੱਖਣ ਵਿਚ ਦਿਲਚਸਪੀ ਨਹੀਂ ਰੱਖ ਸਕੇ* ਸਨ, ਕਈ ਸਚਿਆਈਆਂ ਦੱਸੀਆਂ ਹੋਣਗੀਆਂ। ਉਸ ਨੇ ਆਪਣਾ ਧਿਆਨ ਉਨ੍ਹਾਂ ਵੱਲ ਜਿਹੜੇ ''ਬਾਹਰ'' ਸਨ (4:11) ਅਤੇ ਉਹਦੀ ਗੱਲ ਵੱਲ ਧਿਆਨ

ਨਹੀਂ ਦੇ ਰਹੇ ਸਨ ਉਸ ਨੇ ਆਪਣਾ ਧਿਆਨ ਉਨ੍ਹਾਂ ਵੱਲ ਲਾਇਆ। ਇਹ ਬਾਹਰ ਵਾਲੇ ਦੋ ਵਰਗਾਂ ਵਿਚ ਸਨ। ਪਹਿਲਾ ਵਰਗ ਵਾਲੇ ਉਦਾਸੀਨ ਮਨ ਹਨ, ਭਾਵੇਂ ਵਚਨ ਵਿਚ ਉਨ੍ਹਾਂ ਦਾ ਖ਼ਾਸ ਤੌਰ ਤੇ ਜ਼ਿਕਰ ਨਹੀਂ ਹੈ। ਉਹ ਰਸੂਲਾਂ ਅਤੇ ਉਨ੍ਹਾਂ ਵਿਚ ਰਹਿੰਦੇ ਸਨ ਜਿਹੜੇ ਮਸੀਹ ਦਾ ਵਿਰੋਧ ਕਰਦੇ ਸਨ: ਉਹ ਉਨ੍ਹਾਂ ਲੋਕਾਂ ਦੀ ਭੀੜ ਵਿਚ ਸਨ ਜਿਹੜੇ ਅੱਧਵਿਚਕਾਰ ਸਨ ਜਾਂ ਥੋੜ੍ਹਾ ਬਹੁਤ ਸੁਣ ਰਹੇ ਸਨ।

ਇਨ੍ਹਾਂ ਲੋਕਾਂ ਦੇ ਚਾਹਵਾਨ ਮਨ ਨਹੀਂ ਸਨ ਜਿਹੜੇ ਉਨ੍ਹਾਂ ਨੂੰ ਖ਼ੁਦਾ ਦੀ ਸਚਿਆਈ ਨੂੰ ਧਿਆਨ ਨਾਲ ਸੁਣ ਕੇ, ਸਮਝ ਕੇ, ਮੰਨਣ ਲਈ ਮਜਬੂਰ ਕਰ ਰਹੇ ਸਨ। ਉਹ ਮਰੇ ਹੋਏ ਤਾਂ ਨਹੀਂ ਸਨ, ਪਰ ਸਮਰਪਿਤ ਨਹੀਂ ਸਨ। ਕਿਸੇ ਨਾ ਕਿਸੇ ਕਾਰਣ ਉਹ ਦੂਜੀਆਂ ਧੁਨਾਂ ਵਿਚ ਲੱਗੇ ਹੋਏ ਸਨ। ਇਸ ਕਰਕੇ 4:18 ਵਾਲੇ ''ਓਹ'' ਵਾਂਗ ਉਨ੍ਹਾਂ ਨੇ ਦ੍ਰਿਸ਼ਟਾਂਤਾਂ ਤੋਂ ਕੁਝ ਹਾਸਿਲ ਨਹੀਂ ਕਰ ਸਕਣਾ ਸੀ। ਹੋ ਸਕਦਾ ਹੈ ਕਿ ਉਨ੍ਹਾਂ ਨੇ ਕਹਾਣੀ ਤਾਂ ਸੁਣ ਲਈ ਹੋਵੇ, ਪਰ ਰਾਜ ਬਾਰੇ ਉਨ੍ਹਾਂ ਨੂੰ ਪਤਾ ਨਹੀਂ ਲੱਗਣਾ ਸੀ; ਜੇ ਉਹ ਰਾਜ ਦੇ ਵਿਚਾਰ ਨੂੰ ਸਮਝ ਜਾਂਦੇ ਤਾਂ ਉਨ੍ਹਾਂ ਨੂੰ ਇਹਦੇ ਲਈ ਆਪਣੇ ਮਨਾਂ ਵਿਚ ਥਾਂ ਨਹੀਂ ਮਿਲਣੀ ਸੀ। ਉਨ੍ਹਾਂ ਦੇ ਮਨ ਦੂਜਿਆਂ ਗੱਲਾਂ ਨਾਲ ਭਰੇ ਹੋਏ ਸਨ।

10:17−22 ਵਾਲੇ ਦੌਲਤਮੰਦ ਹਾਕਮ, ਦੀ ਦਿਲਚਸਪੀ ਯਿਸੂ ਵਿਚ ਐਨੀ ਸੀ ਕਿ ਉਹ ਭੱਜ ਕੇ ਉਹਦੇ ਕੋਲ ਆਇਆ ਅਤੇ ਉਹਦੇ ਅੱਗੇ ਗੋਡੇ ਟੇਕ ਦਿੱਤੇ। ਯਿਸੂ ਦੇ ਸੁਭਾਅ ਅਤੇ ਰਾਜ ਦੇ ਉਸ ਦੇ ਸੰਦੇਸ਼ ਨੇ ਉਹਦੇ ਮਨ ਨੂੰ ਛੂਹ ਲਿਆ। ਉਹਦਾ ਮਨ ਤਿਆਰ ਸੀ ਅਤੇ ਉਹ ਯਿਸੂ ਦੇ ਮਗਰ ਚੱਲਣਾ ਚਾਹ ਰਿਹਾ ਸੀ, ਜਿੱਥੋਂ ਤਕ ਉਹ ਆਪਣੇ ਮਨ ਤੋਂ ਬਾਅਦ ਦੌਲਤ, ਜ਼ਮੀਨ ਅਤੇ ਬਾਕੀ ਦੀਆਂ ਚੀਜ਼ਾਂ ਨੂੰ ਪਹਿਲ ਦੇ ਸਕੇ। ਜਦ ਯਿਸੂ ਨੇ ਉਸ ਨੂੰ ਆਪਣਾ ਮਾਲ ਮੱਤਾ ਛੱਡ ਕੇ ਉਹਦੇ ਮੱਗਰ ਚੱਲਣ ਲਈ ਆਖਿਆ ਤਾਂ ਉਹ ਦੁਖੀ ਹੋ ਕੇ ਚਲਿਆ ਗਿਆ। ਉਹ ਸਚਿਆਈ ਨੂੰ ਜਾਣਨ ਦਾ ਚਾਹਵਾਨ ਸੀ, ਪਰ ਜਦ ਇਸ ਦੀਆਂ ਤਰਜੀਹਾਂ ਦੀ ਮਹੱਤਵਪੂਰਣ ਗੱਲ ਪਤਾ ਲੱਗੀ ਤਾਂ ਉਸ ਨੂੰ ਸਮਝ ਵਿਚ ਆਇਆ ਕਿ ਅਸਲ ਵਿਚ ਉਹ ਸਚਿਆਈ ਨੂੰ ਨਹੀਂ ਚਾਹੁੰਦਾ ਸੀ। ਆਪਣੀ ਜਾਇਦਾਦ ਅਤੇ ਮਾਲ ਮੱਤੇ ਨਾਲ ਉਸ ਦਾ ਚੰਗਾ ਤਾਲਮੇਲ ਸੀ ਅਤੇ ਉਹ ਸਚਿਆਈ ਨੂੰ ਮੰਨਣ ਲਈ ਆਪਣੀ ਜ਼ਿੰਦਗੀ ਵਿਚ ਮੁਕੰਮਲ ਬਦਲਾਅ ਨਹੀਂ ਚਾਹੁੰਦਾ ਸੀ।

3. ਯਿਸੂ ਨੇ ਖ਼ਾਸ ਤੌਰ ਤੇ ਉਨ੍ਹਾਂ ਦੀ ਗੱਲ ਕੀਤੀ ਜਿਹੜੇ ਅਗਿਆਨੀ ਸਨ, ਪਰ ਫਿਰ ਵੀ *ਸਿੱਖਣ ਤੋਂ ਇਨਕਾਰ ਕਰਦੇ* ਸਨ। ਇਹ ਲੋਕ ਬੇਪਰਵਾਹ ਮਨਾਂ ਤੋਂ ਮਰੇ ਹੋਏ ਮਨ ਵਾਲੇ ਲੋਕ ਸਨ। ਇੱਥੇ ਉਨ੍ਹਾਂ ਦਾ ਵਰਣਨ ਬੜੇ ਹੀ ਸਾਫ਼ ਤਰੀਕੇ ਨਾਲ ਬੜੀ ਤੇਜ਼ੀ ਨਾਲ ਉਮੀਦ ਤੋਂ ਬਾਹਰ ਹੋਣ ਵੱਲ ਨੂੰ ਵਧ ਰਹੇ ਲੋਕਾਂ ਦੇ ਰੂਪ ਵਿਚ ਕੀਤਾ ਗਿਆ ਹੈ। ਇਹ ਉਹੀ ਲੋਕ ਹਨ ਜਿਨ੍ਹਾਂ ਨੂੰ ਯਿਸੂ ਨੇ ''ਬਾਹਰ'' ਵਾਲੇ ਦੱਸਿਆ। ਉਸ ਨੇ ਆਖਿਆ, ''ਪਰ ਜਿਹੜੇ ਬਾਹਰ ਹਨ ਉਨ੍ਹਾਂ ਲਈ ਸਾਰੀਆਂ ਗੱਲਾਂ ਦ੍ਰਿਸ਼ਟਾਂਤਾਂ ਵਿਚ ਹੋਈਆਂ ਹਨ'' (4:11); ਪਰ ਉਨ੍ਹਾਂ ਨੂੰ ਯਿਸੂ ਦੀ ਸੇਵਕਾਈ ਦੀ ਸਚਿਆਈ ਦਾ ਕਦੇ ਪਤਾ ਨਹੀਂ ਚੱਲਣਾ ਸੀ। ਉਸ ਨੇ ਆਖਿਆ, ''ਓਹ ਵੇਖਦੇ ਹੋਏ ਤਾਂ ਵੇਖਣ ਪਰ ਬੁੱਝਣ ਨਹੀਂ, ਅਤੇ ਸੁਣਦੇ ਹੋਏ ਸੁਣਨ ਪਰ ਸਮਝਣ ਨਹੀਂ, ਮਤੇ ਓਹ ਮੁੜ ਆਉਣ, ਅਤੇ ਉਨ੍ਹਾਂ ਨੂੰ ਮਾਫ਼ੀ ਮਿਲੇ'' (4:12)। ਯਿਸੂ ਯਸਾਯਾਹ 6:9, 10 ਵਿਚ ਦੁਹਰਾ ਰਿਹਾ ਸੀ। ਇਹ ਲੋਕ ਉਹ ਸਨ ਜਿਨ੍ਹਾਂ ਦੀਆਂ ਅੱਖਾਂ, ਕੰਨ ਅਤੇ ਮਨ ਹੈ ਸਨ, ਪਰ ਉਹ ਯਿਸੂ ਨੂੰ ਇਵੇਂ ਜਵਾਬ ਦੇ ਰਹੇ ਸਨ ਜਿਵੇਂ ਉਹ ਵੇਖ, ਸੁਣ ਜਾਂ ਸਮਝ ਨਾ ਸਕਦੇ ਹੋਣ। ਕੁਝ ਮਾਮਲਿਆਂ ਵਿਚ ਉਨ੍ਹਾਂ ਨੇ ਆਪਣੇ ਕੰਮ ਬੰਦ ਕਰ ਲਏ ਸਨ, ਤਾਂ ਜੋ ਉਹ ਸੁਣ ਨਾ ਸਕਣ, ਆਪਣੀਆਂ ਅੱਖਾਂ ਮੀਟ ਲਈਆਂ ਸਨ ਤਾਂ ਜੋ ਵੇਖ ਨਾ ਸਕਣ। ਆਪਣੇ ਮਨ ਸਖ਼ਤ ਕਰ ਲਏ ਸਨ ਤਾਂ ਜੋ ਉਹ ਸਮਝ ਨਾ ਸਕਣ। ਅਜਿਹਾ ਨਹੀਂ ਕਿ ਉਨ੍ਹਾਂ ਨੂੰ ਸਮਝ ਨਹੀਂ ਆਈ ਬਲਕਿ ਉਨ੍ਹਾਂ ਨੇ ਸਮਝਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਖ਼ੁਦਾ ਦੇ ਪੁੱਤਰ ਮਸੀਹ ਨੂੰ ਜਾਣਨ ਦਾ ਮੌਕਾ ਮਿਲਿਆ ਸੀ, ਪਰ ਉਨ੍ਹਾਂ ਨੇ ਆਪਣਾ ਮੂੰਹ ਉਸ ਤੋਂ ਇਵੇਂ ਫੇਰ ਲਿਆ ਜਿਵੇਂ ਉਹ ਉਨ੍ਹਾਂ ਕੋਲ ਕੂੜਾ ਲੈ ਆਇਆ ਹੋਵੇ।

ਪਿਲਾਤੁਸ ਇਸ ਕਿਸਮ ਦੇ ਵਿਅਕਤੀ ਦੀ ਉਦਾਹਰਣ ਹੈ (15: 1–15)। ਇਕ ਅਰਥ ਵਿਚ ਉਸ ਨੇ ਸਬੂਤਾਂ ਤਾਂ ਵੇਖਿਆ, ਪਰ ਦੂਜੇ ਅਰਥ ਵਿਚ ਉਸ ਨੇ ਇਸ ਨੂੰ ਸੁਣਿਆ ਨਹੀਂ। ਉਸ ਨੇ ਵੇਖਿਆ, ਪਰ ਅਸਲ ਵਿਚ ਉਸ ਨੇ ਨਹੀਂ ਵੇਖਿਆ। ਉਸ ਦਾ ਮਨ ਉਸ ਦੀਆਂ ਆਪਣੀਆਂ ਸੁਆਰਥ ਭਰੀਆਂ ਦਿਲਚਸਪੀਆਂ ਨਾਲ ਐਨਾ ਭਰਿਆ ਹੋਇਆ ਸੀ ਕਿ ਸਚਿਆਈ ਉਸ ਲਈ ਕੋਈ ਥਾਂ ਹੀ ਨਹੀਂ ਸੀ। ਉਹ ਭੀੜ ਤੋਂ ਡਰਦਾ ਸੀ ਕਿਉਂ ਜੋ ਉਹ ਆਪਣੀ ਗੱਦੀ ਕਾਇਮ ਰੱਖਣਾ ਚਾਹੁੰਦਾ ਸੀ। ਉਹਦਾ ਮਨ ਸਚਿਆਈ ਨੂੰ ਮੰਨਣ ਲਈ ਬੰਦ ਸੀ। ਨਹੀਂ ਤਾਂ ਉਹ ਤੋਬਾ ਕਰਕੇ ਮਸੀਹ ਵਿਚ ਬਦਲ ਜਾਂਦਾ।

ਅਜਿਹਾ ਕਿਵੇਂ ਹੋ ਸਕਦਾ ਹੈ ਕਿ ਕੋਈ ਯਿਸੂ ਦੇ ਐਨਾ ਨੇੜੇ ਹੋਵੇ ਅਤੇ ਉਸ ਸੁਧਾਰ ਨੂੰ ਜਿਹੜਾ ਉਹ ਲਿਆ ਰਿਹਾ ਸੀ, ਵੇਖੇ, ਪਰ ਉਸ ਨੂੰ ਕਬੂਲ ਨਾ ਕਰੇ? ਭਲਾ ਅਸੀਂ ਕਿਸੇ ਅਜਿਹੇ ਵਿਅਕਤੀ ਦੀ ਕਲਪਨਾ ਕਰ ਸਕਦੇ ਹਾਂ ਜਿਸ ਨੂੰ ਯਿਸੂ ਨਾਲ ਜਦੋਂ ਉਹ ਧਰਤੀ ਉੱਤੇ ਸੀ, ਗੱਲਬਾਤ ਕਰਨ ਦਾ ਮੌਕਾ ਮਿਲਿਆ ਹੋਵੇ, ਪਰ ਉਹ ਉਸ ਵਿਚ ਅਤੇ ਉਸ ਮਿਸ਼ਨ ਵਿਚ ਵਿਸ਼ਵਾਸ ਕਰਕੇ ਉਸ ਗੱਲਬਾਤ ਵਿੱਚੋਂ ਨਾ ਲੰਘਿਆ ਹੋਵੇ। ਪਿਲਾਤੁਸ ਕੋਲ ਯਿਸੂ ਨਾਲ ਜਦੋਂ ਤਕ ਉਹ ਚਾਹੁੰਦਾ, ਗੱਲਬਾਤ ਕਰਨ ਦੀ ਤਾਕਤ ਸੀ। ਪਰ ਉਹਨੇ ਆਪਣੇ ਅੰਤਹਕਰਣ ਦੀ ਅਵਾਜ਼ ਸੁਣਨ ਨਾਲੋਂ ਭੀੜ ਦੀ ਅਵਾਜ਼ ਨੂੰ ਸੁਣਨ ਨੂੰ ਤਰਜੀਹ ਦਿੱਤੀ। ਉਹ ਸਮਝਣਾ ਨਹੀਂ ਚਾਹੁੰਦਾ ਸੀ ਅਤੇ ਇਸ ਕਰਕੇ ਸਚਿਆਈ ਉਹਦੇ ਕੋਲੋਂ ਦੀ ਹਮੇਸ਼ਾ ਲਈ ਨਿੱਕਲ ਗਈ।

*ਨਿਚੋੜ:* ਸਾਡੇ ਅੰਦਰ ਸਭ ਤੋਂ ਜ਼ਰੂਰੀ ਅੰਗ ਸਾਡੇ ਮਨ ਜਾਂ ਸਾਡੀ ਜਾਨ ਹਨ। ਯਿਸੂ ਨੇ ਆਖਿਆ ਕਿ ਜਾਨ ਦਾ ਮੁੱਲ ਪੂਰੀ ਦੁਨੀਆਂ ਨਾਲੋਂ ਵੱਧ ਹੈ। ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ਜੀਉਣ ਦਾ ਮੂਲ ਮਨ ਹੀ ਹੈ (ਕਹਾਉਤਾਂ 4:23; ਵੇਖੋ KJV)। ਮਨ ਜਾਨ ਦਾ ਭਵਿੱਖ ਤੈਅ ਕਰਦਾ ਹੈ। ਸਾਰੇ ਫ਼ੈਸਲੇ ਮਨ ਦੇ ਕਿਲ੍ਹੇ ਵਿਚ ਲਏ ਜਾਂਦੇ ਹਨ। ਭਾਵ ਮਨ ਹੀ ਉਹ ਥਾਂ ਹੈ ਜਿੱਥੇ ਅਸੀਂ ਫ਼ੈਸਲੇ ਲੈਂਦੇ ਹਾਂ ਕਿ ਅਸੀਂ ਸਾਨੂੰ ਦਿੱਤੇ ਗਏ ਸਬੂਤ ਦਾ ਕੀ ਕਰੀਏ।

ਇਸੇ ਤਰ੍ਹਾਂ ਨਾਲ ਸਾਡੀ ਰੋਜ਼ਮੱਰਾ ਦੀ ਸੋਚ ਤੋਂ ਇਹ ਤਹਿ ਹੁੰਦਾ ਹੈ ਕਿ ਅਖ਼ੀਰ ਵਿਚ ਸਾਡੇ ਮਨ ਕਿਹੋ ਜਿਹੇ ਹੋਣਗੇ। ਇਸ ਜ਼ਿੰਦਗੀ ਦਾ ਸਾਡਾ ਵੱਡਾ ਕੰਮ ਸਹੀ ਤਰ੍ਹਾਂ ਦੇ ਮਨ ਨੂੰ ਤਿਆਰ ਕਰਨਾ ਹੈ। ਜਦ ਖ਼ੁਦਾ ਨੇ ਸਾਡੇ ਵਿੱਚੋਂ ਹਰ ਕਿਸੇ ਦੇ ਮਨ ਨੂੰ ਬਣਾਇਆ ਤਾਂ ਉਸ ਨੇ ਸਾਨੂੰ ਆਪਣੇ ਮਨਾਂ ਦੇ ਮਾਲਕ ਬਣਾ ਦਿੱਤਾ। ਅਜਿਹਾ ਕਰਨ ਤੋਂ ਬਾਅਦ ਉਸ ਨੇ ਸਾਨੂੰ ਉਸ ਨੂੰ ‘‘ਨਾ’’ ਕਹਿਣ ਦਾ ਇਖ਼ਤਿਆਰ ਦੇ ਦਿੱਤਾ! ਸਾਨੂੰ ਯਿਸੂ ਲਈ ਦਰਵਾਜ਼ਾ ਬੰਦ ਕਰਕੇ ਉਸ ਨੂੰ ਆਪਣੇ ਮਨਾਂ ਵਿਚ ਆਉਣ ਤੋਂ ਰੋਕਣ ਦੀ ਇਜਾਜ਼ਤ ਹੈ। ਅਜ਼ਾਦ ਨੈਤਿਕ ਪਸੰਦ ਦੀ ਇਹ ਜ਼ਬਰਦਸਤ ਤਾਕਤ ਹੈ।

4:10–12 ਵਿਚ ਯਿਸੂ ਨੇ ਸਾਡੇ ਮਨਾਂ ਉੱਤੇ ਧਿਆਨ ਲਾਇਆ। ਉਸ ਨੇ ਹਮੇਸ਼ਾ ਧਿਆਨ ਲਾਇਆ। ਉਸ ਨੇ ਅਜਿਹਾ ਇਸ ਕਰਕੇ ਕੀਤਾ ਕਿਉਂ ਜੋ ਉਹਦੇ ਲਈ ਇਹ ਕਰਨਾ ਜ਼ਰੂਰੀ ਸੀ। ਜੇ ਉਹ ਸਾਡੇ ਮਨਾਂ ਨੂੰ ਨਾ ਫੜ੍ਹੇ ਤਾਂ ਉਹਦੇ ਕੋਲ ਸਾਡਾ ਕੁਝ ਖ਼ਾਸ ਨਹੀਂ ਰਹਿਣਾ ਸੀ। ਜੇ ਉਹ ਸਾਡੇ ਮਨਾਂ ਨੂੰ ਫੜ੍ਹ ਲਵੇਂ ਤਾਂ ਉਹ ਸਾਨੂੰ ਪੂਰੇ ਦਾ ਪੂਰਾ ਫੜ੍ਹ ਲੈਂਦਾ ਹੈ। ਉਹ ਸਾਨੂੰ ਆਪਣੇ ਰਾਜ ਅਤੇ ਹਮੇਸ਼ਾ ਦੀ ਜ਼ਿੰਦਗੀ ਵਿਚ ਤਦੇ ਲਿਜਾ ਸਕਦਾ ਹੈ ਜਦ ਅਸੀਂ ਪੂਰੀ ਤਰ੍ਹਾਂ ਨਾਲ ਆਪਣੇ ਆਪ ਨੂੰ ਉਸ ਦੇਣ ਲਈ ਰਾਜ਼ੀ ਹੋਈਏ।

ਸਾਨੂੰ ਹਮੇਸ਼ਾ ਦੀ ਜ਼ਿੰਦਗੀ ਮਿਲਦੀ ਹੈ ਜਾਂ ਨਹੀਂ, ਇਹ ਇਸ ਤੇ ਨਿਰਭਰ ਕਰਦਾ ਹੈ ਕਿਸ ਸਾਡੇ ਮਨ ਕਿਹੋ ਜਿਹੇ ਹਨ। ਆਪਣੀ ਸੇਵਕਾਈ, ਸਿੱਖਿਆ, ਮੌਤ ਅਤੇ ਜੀ ਉੱਠਣ ਦੇ ਰਾਹੀਂ ਯਿਸੂ ਹਮੇਸ਼ਾ ਅਜਿਹੇ ਮਨ ਨੂੰ ਵਿਖਾਉਂਦਾ ਹੈ ਜੋ ਕਿਸੇ ਵਿਅਕਤੀ ਦਾ ਹੈ। ਸਵਾਲ ਇਹ ਹੈ ਕਿ ‘‘ਇਸ ਸਬੂਤ ਦਾ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ, ਤੁਹਾਡਾ ਮਨ ਕੀ ਕਰੇਗਾ?’’ ਕੀ ਤੁਸੀਂ ਆਪਣੇ ਮਨੂੰ ਇਸ ਸਚਿਆਈ ਦੇ ਪ੍ਰਤੀ ਮਰਨ ਦਿਓਗੇ। ਕੀ ਤੁਸੀਂ ਇਸ ਵਿਚ ਦਿਲਚਸਪੀ ਨਹੀਂ ਲਓਗੇ? ਕੀ ਤੁਸੀਂ ਇਹਦੇ ਲਈ ਸਮਰਪਤ ਨਹੀਂ ਹੋਵੋਗੇ?

**ਪਰਮੇਸ਼ੁਰ ਦਾ ਵਚਨ ਅਤੇ ਬੀ** (4: 13-20)

ਬੀਜਣ ਵਾਲੇ ਦੇ ਇਸ ਦ੍ਰਿਸ਼ਟਾਂਤ ਵਿਚ ਆਪਣੀ ਵਿਆਖਿਆ ਵਿਚ ਯਿਸੂ ਨੇ ਸਾਫ਼ ਕਰ ਦਿੱਤਾ ਕਿ ਖੇਤ ਵਿਚ ਬੀਜਿਆ ਜਾਣ ਵਾਲਾ ਬੀ ਖ਼ੁਦਾ ਦਾ ਵਚਨ ਸੀ। ਉਸ ਦੇ ਅਸਲ ਸ਼ਬਦ ਇਹ ਸਨ: ''ਬੀਜਣ ਵਾਲਾ ਬਚਨ ਬੀਜਦਾ ਹੈ'' (4: 14)। ਬੀਜਣ ਵਾਲੇ ਦੀ ਪਰਿਭਾਸ਼ਾ ਅਸੀਂ ਚਾਰ ਤਰੀਕਿਆਂ ਨਾਲ ਦੇ ਸਦੇ ਹਾਂ। ਪਹਿਲਾ, ਅਸੀਂ ਆਖ ਸਕਦੇ ਹਾਂ ਕਿ ਬੀਜਣ ਵਾਲਾ ਮਸੀਹ ਆਪ ਹੈ ਕਿਉਂ ਜੋ ਸੰਸਾਰ ਵਿਚ ਪਰਮੇਸ਼ੁਰ ਦਾ ਵਚਨ ਦੇਣ ਲਈ ਆਇਆ। ਦੂਜਾ, ਅਸੀਂ ਆਖ ਸਕਦੇ ਹਾਂ ਕਿ ਰਸੂਲ ਅਤੇ ਇਲਹਾਮ ਪਾਏ ਦੂਜੇ ਲੇਖਕ ਇਸ ਗੱਲ ਵਿਚ ਬੀਜਣ ਵਾਲੇ ਹਨ ਕਿ ਉਨ੍ਹਾਂ ਨੇ ਲਿਖਤੀ ਰੂਪ ਵਿਚ ਸਾਨੂੰ ਖ਼ੁਦਾ ਦਾ ਸੁਨੇਹਾ ਦਿੱਤਾ। ਤੀਜਾ, ਹਰ ਯੁੱਗ ਦੇ ਮਸੀਹੀ ਲੋਕਾਂ ਨੂੰ ਬੀਜਣ ਵਾਲੇ ਦੱਸਿਆ ਜਾ ਸਕਦਾ ਹੈ ਜਦ ਉਹ ਖ਼ੁਦਾ ਦੀਆਂ ਸਚਿਆਈਆਂ ਉਨ੍ਹਾਂ ਨੂੰ ਜਿਹੜੇ ਉਨ੍ਹਾਂ ਨੂੰ ਸੁਣਨਗੇ, ਦੱਸਣ ਲਈ ਨਿੱਕਲਦੇ ਹਨ।

ਆਪਣੀ ਵਿਆਖਿਆ ਵਿਚ ਅੱਗੇ ਯਿਸੂ ਨੇ ਜ਼ਮੀਨ ਦੀਆਂ ਵੱਖੋ–ਵੱਖ ਕਿਸਮਾਂ ਦੱਸੀਆਂ,ਖ਼ਾਸ ਤੌਰ ਤੇ ਇਹ ਸਮਝਾਉਂਦੇ ਹੋਏ ਕਿ ਸੰਸਾਰ ਉਸ ਬੀ ਨੂੰ ਕਿਵੇਂ ਕਬੂਲ ਕਰੇ। ਉਸ ਨੇ ਤਿੰਨ ਨੁਕਸ ਭਰੇ ਮਨਾਂ ਦੀ ਗੱਲ ਕੀਤੀ। *ਭਰਿਆ ਹੋਇਆ* ਮਨ, *ਕਾਗਜ਼ ਵਰਗਾ ਪਤਲਾ* ਮਨ ਅਤੇ *ਦੂਜੇ ਪਾਸੇ ਲੱਗਿਆ* ਮਨ। ਇਸ ਤੋਂ ਇਲਾਵਾ ਉਸ ਨੇ ਉਪਜਾਊ ਮਨ ਦੀ ਗੱਲ ਕੀਤੀ ਜਿਹੜਾ ਤੀਹ ਗੁਣਾ, ਸੱਠ ਗੁਣਾ ਜਾਂ ਸੌ ਗੁਣਾ ਫਲ ਲਿਆਇਆ। ਸਾਨੂੰ ਫਲ ਲਿਆਉਣ ਦੀ ਵੱਖੋ–ਵੱਖ ਯੋਗਤਾ ਵਾਲੇ ਤੋੜਿਆਂ ਦਾ ਦ੍ਰਿਸ਼ਟਾਂਤ ਯਾਦ ਆਉਂਦਾ ਹੈ (ਮੱਤੀ 25: 14–30)।

ਬੀਜਣ ਵਾਲੇ ਅਤੇ ਜ਼ਮੀਨ ਤੇ ਬੀ ਵੱਲ ਨੂੰ ਵਧਦੇ ਹੋਏ ਅਸੀਂ ਵਖਦੇ ਹਾਂ ਕਿ ਬੀ ਕਿੰਨਾ ਬੇਸ਼ਕੀਮਤੀ ਅਤੇ ਜ਼ਬਰਦਸਤ ਹੈ। ਬੀ ਇਲਾਹੀ ਯੋਜਨਾ ਵਿਚ ਖ਼ੁਦਾ ਦੇ ਵਚਨ ਨੂੰ ਕੰਮ ਕਰਦਿਆਂ ਵਿਖਾਉਂਦਾ ਹੈ। ਇਹ ਉਹ ਸੰਦੇਸ਼ ਹੈ ਜਿਸ ਨੂੰ ਖ਼ੁਦਾ ਉਨ੍ਹਾਂ ਲੋਕਾਂ ਕੋਲ ਭੇਜਦਾ ਹੈ ਜਿਹੜੇ ਉਸ ਦੀ ਇੱਛਾ ਨੂੰ ਜਾਣਨ ਦੇ ਚਾਹਵਾਨ ਹਨ।

ਦ੍ਰਿਸ਼ਟਾਂਤ ਦੀਆਂ ਸਭ ਤੋਂ ਦਿਲਚਸਪ ਗਲਾਂ ਵਿੱਚੋਂ ਇਕ ਇਹ ਹੈ ਕਿ ਖ਼ੁਦਾ ਦਾ ਵਚਨ ਬੀ ਵਰਗਾ ਕਿਵੇਂ ਹੈ। ਦ੍ਰਿਸ਼ਟਾਂਤ ਦੇ ਪੂਰੇ ਸੰਦੇਸ਼ ਵਿਚ ਖ਼ੁਦਾ ਦੇ ਵਚਨ ਨੂੰ ਬੀ ਨਾਲ ਮਿਲਾਇਆ ਜਾਣਾ ਸਾਫ਼–ਸਾਫ਼ ਨਜ਼ਰ ਆਉਂਦਾ ਹੈ। ਯਿਸ ਉੱਤਮ ਗੁਰੂ ਸੀ ਅਤੇ ਉਸ ਦੀਆਂ ਉਦਾਹਰਣਾਂ ਦੀ ਬਨਾਵਟ, ਸਮੱਗਰੀ ਅਤੇ ਪੇਸ਼ਕਸ਼ ਵਿਚ ਕੋਈ ਖੋਟ ਨਹੀਂ ਹੈ।

ਬੀ ਅਤੇ ਪਰਮੇਸ਼ੁਰ ਦਾ ਵਚਨ ਇੱਕੋ ਜਿਹੇ ਕਿਵੇਂ ਹਨ? ਇੰਜੀਲ ਦਾ ਸੁਨੇਹਾ ਬੀ ਨਾਲ ਕਿਵੇਂ ਮੇਲ ਖਾਂਦਾ ਹੈ?

1. ਸਾਨੂੰ ਆਪਣੀ ਤੁਲਨਾ ਦਾ ਅਰੰਭ ਇਸ ਤੱਥ ਨਾਲ ਕਰਨਾ ਪਵੇਗਾ ਕਿ ਬੀ ਅਤੇ ਇੰਜੀਲ ਇਕ ਅਰਥ *ਵਿਚ ਇੱਕੋ* ਜਿਹੇ ਹਨ *ਕਿ ਦੋਵੇਂ ਬੀਜਣ ਵਾਲੇ ਉੱਤੇ ਨਿਰਭਰ ਹਨ*। ਕਿਸਾਨ ਲਈ ਆਪਣੇ ਬੀ ਨੂੰ ਬੀਜਣਾ ਜ਼ਰੂਰੀ ਹੈ, ਨਹੀਂ ਤਾਂ ਉਹ ਵਾਢੀ ਨਹੀਂ ਕਰ ਸਕੇਗਾ। ਪ੍ਰਚਾਰਕ, ਉਪਦੇਸ਼ਕ ਜਾਂ ਕਿਸੇ ਹੋਰ ਨਿੱਜੀ ਉਸਤਾਦ ਲਈ ਖ਼ੁਦਾ ਦੇ ਵਚਨ ਦੇ ਆਪਣਾ ਕੰਮ ਕਰ ਸਕਣ ਤੋਂ ਪਹਿਲਾਂ ਬੀ ਨੂੰ ਬੀਜਣਾ ਜ਼ਰੂਰੀ ਹੈ। ਲੂਣਦਾਨੀ ਵਿਚ ਲੂਣ ਕਿਸੇ ਚੀਜ਼ ਨੂੰ ਸਲੂਣਾ ਨਹੀਂ ਕਰਦਾ, ਅਤੇ ਬੇਕਾਰ ਪਿਆ ਖ਼ੁਦਾ ਦਾ ਵਚਨ ਕਿਸੇ ਨੂੰ ਮਸੀਹ ਤਕ ਨਹੀਂ ਲਿਜਾਵੇਗਾ ਜਾਂ ਕਿਸੇ ਨੂੰ ਮਸੀਹ ਦੇ ਸਰੂਪ ਵਿਚ ਵਧਣ ਵਿਚ ਮਦਦ ਨਹੀਂ ਕਰੇਗਾ।

ਕਿਸੇ ਨੂੰ ਸਿਰਫ਼ ਬਾਈਬਲ ਦੇ ਦੇਣਾ ਕਾਫ਼ੀ ਨਹੀਂ ਹੈ। ਯਿਸੂ ਚਾਹੁੰਦਾ ਹੈ ਕਿ ਉਸ ਦੀ ਇੰਜੀਲ ਦੂਜਿਆਂ ਨੂੰ ਦੱਸੀ ਜਾਵੇ। ਗ੍ਰੇਟ ਕਮੀਸ਼ਨ ਵਿਚ ਉਸ ਨੇ ਸਾਨੂੰ ਇਸ ਨੂੰ ਸੁਨਾਉਣ ਲਈ ਆਖਿਆ, ਜਿਸਦਾ ਵਰਣਨ ਮਰਕੁਸ 16: 15 ਵਿਚ ਹੈ? ''ਤੁਸੀਂ ਸਾਰੇ ਜਗਤ ਵਿਚ ਜਾ ਕੇ ਸਪਰਮੇਸ਼ੁਰਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪ੍ਰਚਾਰ ਕਰੋ।'' ਉਸ ਨੇ ਇਹ ਵੀ ਆਖਿਆ, ''ਨਬੀਆਂ ਦੀਆਂ ਪੋਥੀਆਂ ਵਿਚ ਇਹ ਲਿਖਿਆ ਹੋਇਆ ਹੈ ਭਈ ਓਹ ਸੱਭੇ ਪਰਮੇਸ਼ੁਰ ਦੇ ਸਿਖਾਏ ਹੋਏ ਹੋਣਗੇ। ਹਰੇਕ ਜਿਸ ਨੇ

ਪਿਤਾ ਤੋਂ ਸੁਣਿਆ ਅਤੇ ਸਿੱਖਿਆ ਹੈ ਸੋ ਮੇਰੇ ਕੋਲ ਆਉਂਦਾ ਹੈ'' (ਯੂਹੰਨਾ 6:45)।

2. ਇਸ ਤੋਂ ਛੁੱਟ, ਅਸੀਂ ਅਸਾਨੀ ਨਾਲ ਇਹ ਜਾਣ ਸਕਦੇ ਹਾਂ ਕਿ ਬੀ ਅਤੇ ਖ਼ੁਦਾ ਦਾ ਵਚਨ ਇਸ ਅਰਥ ਵਿਚ ਇੱਕੋ ਜਿਹੇ ਹਨ ਕਿ *ਦੋਹਾਂ ਵਿਚ ਜ਼ਿੰਦਗੀ ਹੈ*। ਕਿਸਾਨ ਇਸ ਗੱਲ ਨੂੰ ਸਮਝਦਾ ਹੈ ਕਿ ਜ਼ਿੰਦਗੀ ਬੀ ਦੇ ਅੰਦਰ ਹੈ। ਅਸੀਂ ਜਾਣਦੇ ਹਾਂ ਕਿ ਹਲ਼ ਵਾਹੁਣ, ਬੀਜਣ ਅਤੇ ਝਾੜੀਆਂ ਨੂੰ ਕੱਢਣ ਤੋਂ ਬਾਅਦ, ਜ਼ਿੰਦਗੀ ਫੁੱਟ ਨਿੱਕਲੇਗੀ: ''ਪਹਿਲਾਂ ਅੰਗੂਰੀ, ਫੇਰ ਨਿਚੋੜ, ਫੇਰ ਸਿੱਟੇ ਵਿੱਚ ਸਾਬਤ ਦਾਣੇ'' (4:28)।

ਮਸੀਹੀ ਵਿਅਕਤੀ ਨੂੰ ਇਸ ਗੱਲ ਦੀ ਸਮਝ ਹੈ ਕਿ ਖ਼ੁਦਾ ਦੀ ਜ਼ਿੰਗਦੀ ਉਸ ਦੇ ਵਚਨ ਵਿਚ ਹੈ, ਕਿਉਂ ਜੋ ਉਸ ਦੇ ਜ਼ਿੰਦਾ ਵਚਨ ਦੇ ਰਾਹੀਂ ਉਸ ਨੂੰ ਮਸੀਹ ਵਿਚ ਜਨਮ ਮਿਲਿਆ ਹੈ। ਪਤਰਸ ਨੇ ਇਸ ਨੂੰ ਸਾਫ਼ ਕੀਤਾ: ''ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਵਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਉਂ ਜਨਮੇ ਹੋ'' (1 ਪਤਰਸ 1:23)।

ਮਸੀਹੀ ਵਿਅਕਤੀ ਨੂੰ ਇਹ ਵੀ ਪਤਾ ਹੈ ਕਿ ਮਸੀਹ ਵਿਚ ਉਸ ਦਾ ਵਧਣਾ ਜ਼ਿੰਦਗੀ ਦੇਣ ਵਾਲੇ ''ਖਾਲਸ ਦੁੱਧ'' ਨਾਲ ਹੁੰਦਾ ਹੈ (1 ਪਤਰਸ 2:2)। ਜਿਵੇਂ ਇਹ ਪੱਕਾ ਹੈ ਕਿ ਬੀ ਵਿਚ ਜ਼ਿੰਦਗੀ ਹੈ, ਉਵੇਂ ਹੀ ਖ਼ੁਦਾ ਦੇ ਵਚਨ ਵਿਚ ਵੀ ਜ਼ਿੰਦਗੀ ਹੈ। ''ਪਰਮੇਸ਼ੁਰ ਦਾ ਬਚਨ ਜੀਉਂਦਾ ਅਤੇ ਗੁਣਕਾਰ ਹੈ'' (ਇਬਰਾਨੀਆਂ 4:12)।

3. ਬੀ ਖ਼ੁਦਾ ਦੇ ਵਚਨ ਦੇ ਵਰਗਾ ਇਸ ਅਰਥ ਵਿਚ ਵੀ ਹੈ ਕਿ *ਦੋਹਾਂ ਵਿਚ ਬਦਲ ਦੇਣ ਦੀ ਸ਼ਕਤੀ ਹੈ*। ਬੀ ਲੈ ਕੇ ਕਿਸਾਨ ਬੰਜਰ, ਵਾਹੀ ਹੋਈ ਜ਼ਮੀਨ ਨੂੰ ਲਹਿਲਹਾਉਂਦੇ ਅਨਾਜ ਦੇ ਖੇਤ ਵਿਚ ਬਦਲ ਸਕਦਾ ਹੈ। ਉਹ ਇਹ ਜਾਣਦੇ ਹੋਏ ਬੀਜਦਾ ਹੈ ਕਿ ਬੀ ਸਚਮੁਚ ਵਿਚ ਪੂਰੇ ਖੇਤ ਵਿਚ ਫੈਲ ਜਾਵੇਗਾ ਅਤੇ ਇਸ ਵਿੱਚੋਂ ਫ਼ਸਲ ਦਵੇਗਾ।

ਇਸੇ ਤਰ੍ਹਾਂ ਨਾਲ ਅਸਾਂ ਲੋਕਾਂ ਨੂੰ ਖ਼ੁਦਾ ਦੇ ਵਚਨ ਨਾਲ ਪੂਰੀ ਤਰ੍ਹਾਂ ਨਾਲ ਬਦਲਦਿਆਂ ਅਤੇ ਨਵੇਂ ਹੁੰਦਿਆਂ ਵੇਖਿਆ ਹੈ। ਇਹ ਪ੍ਰਕਿਰਿਆ ਮਨਬਦਲੀ ਨਾਲ ਸ਼ੁਰੂ ਹੁੰਦੀ ਹੈ। ਇਸ ਸਚਿਆਈ ਨੂੰ ਦੱਸਣ ਵਾਲਾ ਸਾਡਾ ਗੁਰੂ ਪਤਰਸ ਹੈ: ''ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ ਤਾਂ ਤਨੋਂ ਮਨੋਂ ਹੋ ਕੇ ਇਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ'' (1 ਪਤਰਸ 1:22)। ਪੌਲੁਸ ਸਮਝਾਉਂਦਾ ਹੈ ਕਿ ਸਾਡੀਆਂ ਰੂਹਾਂ ਦਾ ਬਦਲਣਾ ਕਿਵੇਂ ਰੋਜ਼ ਹੁੰਦਾ ਰਹਿੰਦਾ ਹੈ, ''ਪਰ ਅਸੀਂ ਸਭ ਅਣਕੱਜੇ ਮੁਖ ਨਾਲ ਪ੍ਰਭੂ ਦੇ ਤੇਜ ਦਾ ਮੰਨੋ ਸ਼ੀਸ਼ੇ ਵਿਚ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਓਸੇ ਰੂਪ ਵਿਚ ਬਦਲਦੇ ਜਾਂਦੇ ਹਾਂ'' (2 ਕੁਰਿੰਥੀਆਂ 3:18)। ਇਸ ਹਵਾਲੇ ਵਿਚ ਭਾਵੇਂ ਵਚਨ ਦਾ ਜ਼ਿਕਰ ਨਹੀਂ ਹੈ, ਪਰ ''ਵੇਖਦੇ ਹੋਏ'' ਸਾਡੇ ਲਿਖਤ ਵਿਚ ਵੇਖਣ ਅਤੇ ਉਸ ਨੂੰ ਜਜ਼ਬ ਕਰ ਲੈਣ ਨਾਲ ਹੁੰਦਾ ਹੈ। ਯਾਕੂਬ ਨੇ ਇਸ ਨੂੰ ਇਸ ਤਰ੍ਹਾਂ ਨਾਲ ਆਖਿਆ: ''ਪਰ ਜਿਹ ਨੇ ਪੂਰੀ ਸ਼ਰ੍ਹਾ ਨੂੰ ਅਰਥਾਤ ਅਜ਼ਾਦੀ ਦੀ ਸ਼ਰ੍ਹਾ ਨੂੰ ਗੌਹ ਨਾਲ ਵੇਖਿਆ ਅਤੇ ਵੇਖਦਾ ਰਹਿੰਦਾ ਹੈ ਉਹ ਇਹੋ ਜਿਹਾ ਸੁਣਨ ਵਾਲਾ ਨਹੀਂ ਜਿਹੜਾ ਭੁੱਲ ਜਾਵੇ ਸਗੋਂ ਕਰਮ ਦਾ ਕਰਤਾ ਹੋ ਕੇ ਆਪਣੇ ਕੰਮ ਵਿਚ ਧੰਨ ਹੋਵੇਗਾ'' (ਯਾਕੂਬ 1:25)। ਲਿਖਿਆ ਗਿਆ ਵਚਨ ਖ਼ੁਦਾ ਦੇ ਆਤਮਾ ਦੇ ਰਾਹੀਂ ਖ਼ੁਦਾ ਦੀ ਸਮਰੱਥਾ ਨਾਲ ਜੁੜਿਆ ਹੋਇਆ ਹੈ। ਇਸ ਦੇ ਰਾਹੀਂ ਬਦਲੇ ਬਗੈਰ ਕੋਈ ਖ਼ੁਦਾ ਦੀ ਇਸ ਸਮਰੱਥਾ ਵਿਚ ਨਹੀਂ ਰਹਿ ਸਕਦਾ।

4. ਬੀ ਅਤੇ ਖ਼ੁਦਾ ਦਾ ਵਚਨ ਇਸ ਅਰਥ ਵਿਚ ਇੱਕੋ ਜਿਹੇ ਹਨ ਕਿ ਦੋਹਾਂ ਉੱਤੇ *ਉਸ ਜ਼ਮੀਨ ਦਾ ਅਸਰ ਹੁੰਦਾ ਹੈ* ਜਿਸ ਵਿਚ ਉਹ ਰਹਿੰਦੇ ਹਨ। ਕਿਸਾਨ ਲਈ ਫ਼ਸਲ ਲੈਣ ਲਈ ਜ਼ਰੂਰੀ ਹੈ ਕਿ ਉਹ ਬੀ ਨੂੰ ਬੀਜੇ ਅਤੇ ਇਸ ਦੇ ਜ਼ਮੀਨ ਵਿੱਚੋਂ ਫੁੱਟਣ ਤੋਂ ਪਹਿਲਾਂ ਇਸ ਨੂੰ ਉਸ ਵਿਚ ਦੱਬੇ। ਵਾਢੀ ਦੀਆਂ ਆਪਣੀਆਂ ਯੋਜਨਾਵਾਂ ਨੂੰ ਬਣਾਉਂਦੇ ਹੋਏ ਉਸ ਨੂੰ ਜ਼ਮੀਨ ਦੀ ਕਿਸਮ ਤੋਂ ਵਾਕਫ਼ ਹੋਣਾ ਜ਼ਰੂਰੀ ਹੈ। ਜਿਸ ਜ਼ਮੀਨ ਨੂੰ ਉਹ ਵਰਤ ਰਿਹਾ ਹੈ ਉਸ ਦੀ ਕਿਸਮ ਨਾਲ ਫ਼ਸਲ ਉੱਤੇ ਬਹੁਤ ਅਸਰ ਪਵੇਗਾ।

ਇਸੇ ਹੀ ਤਰ੍ਹਾਂ ਨਾਲ, ਮਨੁੱਖੀ ਮਨ ਲਈ ਖ਼ੁਦਾ ਦੇ ਵਚਨ ਨੂੰ ਕੰਮ ਕਰਨ ਲਈ ਉਹ ਨੂੰ ਕਬੂਲ ਕਰਨਾ ਜ਼ਰੂਰੀ ਹੈ। ਮਨ ਲਈ ਵਚਨ ਨੂੰ ਅਨੰਦ ਨਾਲ ਕਬੂਲ ਕਰ ਲੈਣ ਅਤੇ ਇਸ ਦਾ ਸਵਾਗਤ ਕਰਨ ਲਈ ਖੁੱਲ੍ਹੇ ਹੋਣਾ ਜ਼ਰੂਰੀ ਹੈ। ਜਿਵੇਂ ਮਨ ਨੇ ਇਸ ਵਚਨ ਨੂੰ ਕਬੂਲ ਕੀਤਾ ਹੋਵੇਗਾ ਉਵੇਂ ਹੀ ਇਸ ਬੀ ਦਾ ਫਲ ਹੋਵੇਗਾ। ਇਸ ਤੱਥ ਨੂੰ ਬਿਰੀਆ ਦੇ ਲੋਕਾਂ ਦੇ ਰਾਹੀਂ ਸਮਝਾਇਆ ਗਿਆ ਹੈ। ਲੂਕਾ ਉਨ੍ਹਾਂ ਲਈ ਆਖਦਾ ਹੈ, ''ਏਥੇ ਦੇ ਲੋਕ ਥੱਸਲੁਨੀਕੇ ਦੇ ਲੋਕਾਂ ਨਾਲੋਂ ਬਹੁਤ ਚੰਗੇ ਸਨ ਇਸ ਲਈ ਜੋ ਇਨ੍ਹਾਂ ਨੇ ਦਿਲ ਦੀ ਵੱਡੀ ਚਾਹ ਨਾਲ ਵਚਨ ਨੂੰ ਮੰਨ ਲਿਆ ਅਤੇ ਰੋਜ਼ ਲਿਖਤਾਂ ਵਿਚ ਭਾਲ ਕਰਦੇ ਰਹੇ ਕਿ ਇਹ ਗੱਲਾਂ ਇਸੇ ਤਰ੍ਹਾਂ ਹਨ ਕਿ ਨਹੀਂ'' (ਕਰਤੱਬ 17:11)। ਅਜਿਹੇ ਮਨ ਵਾਲੇ ਲੋਕਾਂ ਲਈ ਅਗਲੀ ਆਇਤ ਪੜ੍ਹ ਕੇ ਕਿਸੇ ਨੂੰ ਹੈਰਾਨੀ ਨਹੀਂ ਹੋਵੇਗੀ, ''ਇਸ ਲਈ ਉਨ੍ਹਾਂ ਵਿੱਚੋਂ ਢੇਰ ਸਾਰਿਆਂ ਨੇ ਨਿਹਚਾ ਕੀਤੀ'' (ਕਰਤੱਬ 17:12)। ਪੈਂਟੀਕਾਸਟ ਵਾਲੇ ਦਿਨ ''ਜਿਨ੍ਹਾਂ ਉਹਦੀ ਗੱਲ ਮੰਨ ਲਈ ਉਨ੍ਹਾਂ ਨੇ ਬਪਤਿਸਮਾ ਲਿਆ'' (ਕਰਤੱਬ 2:41)। KJV ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਇਸ ਨੂੰ ''ਅਨੰਦ ਨਾਲ'' ਕਬੂਲ ਕਰ ਲਿਆ। ਇਸ ਤੋਂ ਲੋਕਾਂ ਦੇ ਇੰਜੀਲ ਦੇ ਸੁਨੇਹੇ ਨੂੰ ਕਬੂਲ ਕਰ ਲੈਣ ਅਤੇ ਇਸ ਨੂੰ ਝਟਪਟ ਮੰਨ ਲੈਣ ਲਈ ਉਨ੍ਹਾਂ ਦੇ ਜੋਸ਼ ਦਾ ਸੰਕੇਤ ਮਿਲਦਾ ਹੈ।

*ਨਿਚੋੜ:* ਬੀ ਅਤੇ ਪਰਮੇਸ਼ੁਰ ਦਾ ਵਚਨ ਧਰਤੀ ਦੀਆਂ ਦੋ ਸਭ ਤੋਂ ਦਿਲਚਸਪ ਚੀਜ਼ਾਂ ਹਨ। ਇਕ ਤਾਂ ਸਿੱਕੇ ਨਾਲੋਂ ਵੀ ਛੋਟਾ ਹੈ ਜਦ ਕਿ ਦੂਜਾ ਸ਼ੈਲਫ਼ ਉੱਤੇ ਰੱਖੀ ਬੇਜਾਨ ਕਿਤਾਬ ਲਗਦਾ ਹੈ। ਪਰ ਦੋਵੇਂ ਹੀ ਜ਼ਿੰਦਗੀ ਨਾਲ ਭਰਪੂਰ ਹਨ। ਵਿਗਿਆਨੀ ਆਪਣੀ ਸਮਝ, ਖੋਜ ਦੀਆਂ ਪ੍ਰਯੋਗਸ਼ਲਾਵਾਂ ਨਾਲ ਬੀ ਵਿਚ ਜ਼ਿੰਦਗੀ ਨਹੀਂ ਪਾਉਂਦੇ। ਉਹ ਬੀ ਨੂੰ ਚੂਰ ਚੂਰ ਕਰ ਸਕਦੇ ਹਨ, ਪਰ ਬੀ ਨੂੰ ਫੇਰ ਤੋਂ ਇਕੱਠਾ ਕਰਕੇ ਉਸ ਜ਼ਿੰਦਗੀ ਨਹੀਂ ਪਾ ਸਕਦੇ। ਮਨੁੱਖ ਬੀ ਦੀ ਨਕਲ ਨਹੀਂ ਕਰ ਸਕਦਾ ਜਾਂ ਇਸ ਨੂੰ ਨਵਾਂ ਨਹੀਂ ਬਣਾ ਸਕਦਾ।

ਇਸ ਤੋਂ ਛੁੱਟ, ਭਾਵੇਂ ਅਸੀਂ ਕਿੰਨੀ ਵੀ ਕੋਸ਼ਿਸ਼ ਕਰ ਲਈਏ, ਅਸੀਂ ਬਾਈਬਲ ਵਰਗੀ ਕੋਈ ਹੋਰ ਕਿਤਾਬ ਨਹੀਂ ਲਿਖ ਸਕਦੇ। ਜਿਸ ਵਿਚ ਸੱਚੀ ਪ੍ਰੇਰਣਾ, ਨੁਕਸ ਤੋਂ ਬਗੈਰ ਯਥਾਰਥਤਾ ਅਤੇ ਭਵਿੱਖ ਦਾ ਸਿੱਧ ਦਰਸ਼ਣ ਹੈ। ਇਲਾਹੀ ਲੇਖਕ, ਪਵਿੱਤਰ ਆਤਮਾ ਜਿਸ ਨੇ ਇਸ ਨੂੰ ਲਿਖਵਾਇਆ; ਅਤੇ ਇਹ ਤੱਥ ਇਸ ਨੂੰ ਕਦੇ ਨਾ ਖ਼ਤਮ ਹੋਣ ਵਾਲੀ ਤਾਕਤ ਦਿੰਦਾ ਹੈ ਜਿਹੜੀ ਧਰਤੀ ਉੱਤੇ ਕਿਸੇ ਹੋਰ ਕਿਤਾਬ ਵਿਚ ਨਹੀਂ ਹੈ। ਯਿਸੂ ਨੇ ਆਖਿਆ, ''ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੇ ਨਾ ਟਲਣਗੇ'' (ਮੱਤੀ 24:35)। ਕਿਸੇ ਹੋਰ ਕਿਤਾਬ ਵਿਚ ਯਿਸੂ ਦੇ ਇਲਾਹੀ ਵਚਨ ਨਹੀਂ ਹਨ। ਉਹਦੇ ਲਈ, ਪਤਰਸ ਦੇ ਨਾਲ ਅਸੀ ਆਖ ਸਕਦੇ ਹਾਂ, ''ਪ੍ਰਭੂ ਜੀ ਅਸੀਂ ਕਿਹਦੇ ਕੋਲ ਜਾਈਏ? ਸਦੀਪਕ ਜੀਉਣ ਦੀਆਂ ਗੱਲਾਂ ਤਾਂ ਤੇਰੇ ਕੋਲ ਹਨ'' (ਯੂਹੰਨਾ 6:68)।

ਮੁਕਤੀ, ਵਿਹਾਰਕ ਜ਼ਿੰਦਗੀ ਜੀਣ ਅਤੇ ਹਮੇਸ਼ਾ ਦੀ ਜ਼ਿੰਦਗੀ ਨਾਲ ਜੁੜੇ ਸਾਰੇ ਸਵਾਲ ਇਸੇ ਇਕ ਬੁਨਿਆਦੀ ਸਵਾਲ ਤੇ ਆ ਟਿਕਦੇ ਹਨ ਕਿ ''ਖ਼ੁਦਾ ਦੇ ਵਚਨ ਭਾਵ ਪਵਿੱਤਰ ਆਤਮਾ ਦੇ ਬੀ ਦਾ ਅਸੀਂ ਕਰੀਏ?''

**ਚੇਲਾ ਅਤੇ ਵਚਨ** (4:21-25)

ਪਹਿਲੀ ਵਾਰ ਭਾਵੇਂ ਨਾ ਲੱਗੇ, ਪਰ 4:21–25 ਚੇਲੇ ਬਾਰੇ ਹੀ ਹੈ। ਅਧਿਆਇ 4 ਦੇ ਮੁੱਢਲੇ ਭਾਗ ਵਿਚ ਯਿਸੂ ਆਪਣੇ ਚੇਲਿਆਂ ਅਤੇ ਰਸੂਲਾਂ ਨੂੰ ਖੇਤ ਦੀ ਵੱਖੋ–ਵੱਖ ਮਿੱਟੀ ਦੇ ਬੀ ਨੂੰ ਗ੍ਰਹਿਣ ਕਰਨ ਬਾਰੇ ਦੱਸਦੇ ਹੋਏ ਸਮਝਾ ਰਿਹਾ ਸੀ। ਉਹ ਐਨਾ ਹਠੀ ਸੀ ਕਿ ਉਨ੍ਹਾਂ ਨੂੰ ਲੱਗਾ ਕਿ ਜਿਹੜਾ ਦ੍ਰਿਸ਼ਟਾਂਤ ਉਹ ਨੇ ਦਿੱਤਾ ਸੀ ਇਸ ਨੂੰ ਵਿਸਤਾਰ ਨਾਲ ਦੱਸਿਆ ਜਾਣਾ ਜ਼ਰੂਰੀ ਹੈ। ਉਸ ਨੇ ਇਸ ਦ੍ਰਿਸ਼ਟਾਂਤ ਦੀ ਵਰਤੋਂ ਦੂਜੇ ਦ੍ਰਿਸ਼ਟਾਂਤਾਂ ਨੂੰ ਜਿਹੜੇ ਉਸ ਨੇ ਭਵਿੱਖ ਵਿਚ ਦੇਣੇ ਸਨ, ਉਨ੍ਹਾਂ ਨੂੰ ਸਮਝਾਉਣ ਲਈ ਕੁੰਜੀ ਦੇ ਰੂਪ ਵਿਚ ਕੀਤੀ। ਵੱਖੋ–ਵੱਖ ਜ਼ਮੀਨਾਂ ਦੇ ਆਪਣੇ ਦ੍ਰਿਸ਼ਟਾਂਤ ਦੇ ਵਿਚਕਾਰ ਉਸ ਨੇ ਇਕ

ਸੰਖੇਪ ਚਰਚਾ ਪਾ ਦਿੱਤੀ ਕਿ ਉਹ ਆਪਣੇ ਪ੍ਰਚਾਰ ਵਿਚ ਦ੍ਰਿਸ਼ਟਾਂਤਾਂ ਦੀ ਵਰਤੋਂ ਕਿਉਂ ਕਰ ਰਿਹਾ ਹੈ। ਇਨ੍ਹਾਂ ਤਿੰਨਾਂ ਵਿੱਚੋਂ ਦੋ ਗੱਲਾਂ ਵਿਚ ਉਸ ਨੇ ਸਹੀ ਕਿਸਮ ਦੇ ਮਨ ਨਾਲ ਵਚਨ ਨੂੰ ਕਬੂਲ ਕਰਨ ਦੇ ਮਹੱਤਵ ਤੇ ਜ਼ੋਰ ਦਿੱਤਾ।

ਪਵਿੱਤਰ ਆਤਮਾ ਵੱਲੋਂ ਸਾਨੂੰ ਦਿੱਤੇ ਗਏ ਵੱਡੇ ਵੱਡੇ ਦਾਨਾਂ ਵਿੱਚੋਂ ਇਕ ਦਾਨ ਖ਼ੁਦਾ ਦੇ ਵਚਨ ਦਾ ਹੈ। ਆਓ ਉਨ੍ਹਾਂ ਉਦਾਹਰਣਾਂ ਦੇ ਰਾਹੀਂ ਜਿਨ੍ਹਾਂ ਦੀ ਵਰਤੋਂ ਯਿਸੂ ਨੇ ਕੀਤੀ, ਇਸ ਤੱਥ ਉੱਤੇ ਹੋਰ ਧਿਆਨ ਕਰਦੇ ਹਾਂ। ਆਓ ਅਸੀਂ ਆਪਣੇ ਮਨਾਂ ਤੋਂ ਪੁੱਛੀਏ, ''ਸਾਡੇ ਲਈ ਕੀ ਵਚਨ ਹੈ ਅਤੇ ਸਾਨੂੰ ਇਸ ਦੀ ਵਰਤੋਂ ਕਿਵੇਂ ਕਰਨੀ ਚਾਹੀਦ ਹੈ?''

1. ''ਦੀਵੇ'' ਦੇ ਰੂਪਕ ਦੇ ਰਾਹੀਂ ਯਿਸੂ ਸਾਨੂੰ ਵਿਖਾਉਣਾ ਚਾਹੁੰਦਾ ਹੈ ਕਿ ਵਚਨ *ਸੁਣਾਇਆ ਜਾਣ ਵਾਲਾ ਸੰਦੇਸ਼* ਹੈ। ਉਸ ਨੇ ਆਖਿਆ, ''ਕੀ ਦੀਵਾ ਟੋਪੇ ਦੇ ਹੇਠ ਯਾ ਮੰਜੇ ਦੇ ਹੇਠ ਰੱਖਣ ਨੂੰ ਲਿਆਉਂਦੇ ਹਨ ਅਤੇ ਦੀਵਟ ਉੱਤੇ ਰੱਖਣ ਨੂੰ ਨਹੀਂ?'' (4:21)। ਉਸ ਨੇ ਦੋ ਨਕਾਰਾਮਕ ਅਤੇ ਇਕ ਸਕਾਰਾਤਮਕ ਸਵਾਲ ਦੀ ਵਰਤੋਂ ਕੀਤੀ। ਤਿੰਨੇ ਸਵਾਲ ਵਿਹਾਰਕ, ਪਰਿਵਾਰਿਕ ਅਧਾਰਿਤ ਗੱਲਾਂ ਨਾਲ ਸਬੰਧਿਤ ਹਨ। ਦੀਵੇ ਦਾ ਕੀ ਕਰੀਦਾ ਹੈ? ਪਹਿਲਾਂ ਤਾਂ ਭਲਾ ਕੋਈ ਇਸ ਨੂੰ ਟੋਪੇ ਜਾਂ ਟੋਕਰੇ ਹੇਠ ਹੱਖਦਾ ਹੈ? ਬੇਸ਼ੱਕ ਨਹੀਂ। ਦੂਜਾ, ਭਲਾ ਕੋਈ ਇਸ ਮੰਜੇ ਹੇਠ ਰੱਖਦਾ ਹੈ? ਇਹ ਬੇਤੁਕਾ ਹੋਣਾ ਸੀ। ਤੀਜਾ, ਭਲਾ ਕੋਈ ਇਸ ਨੂੰ ਦੀਵਟ ਉੱਤੇ ਰੱਖਦਾ ਹੈ? ਅਸਲ ਵਿਚ ਉਸ ਜ਼ਮਾਨੇ ਵਿਚ ਸਹੀ ਜਵਾਬ ਇਹੀ ਸੀ। ਹਨ੍ਹੇਰ ਵਿਚ ਰੌਸ਼ਨੀ ਕਰਨ ਨੂੰ ਛੱਡ ਦੀਵਾ ਹੋਰ ਕਿਸ ਕੰਮ ਆਉਂਦਾ ਹੋਵੇਗਾ?

ਸਾਨੂੰ ਇਲਾਹੀ ਪ੍ਰਕਾਸ਼ ਦਿੱਤਾ ਗਿਆ ਹੈ, ਪਰ ਅਸੀਂ ਇਹਦਾ ਕੀ ਕਰੀਏ? ਕੀ ਅਸੀਂ ਇਸ ਨੂੰ ਦੂਜਿਆਂ ਤੋਂ ਲੁਕਾ ਲਈਏ? ਕੀ ਅਸੀਂ ਇਸ ਨੂੰ ਢੱਕ ਕੇ ਰੱਖ ਲਈਏ ਤਾਂ ਜੋ ਦੂਜੇ ਇਸ ਨੂੰ ਵਰਤ ਨਾ ਸਕਣ? ਬੇਸ਼ੱਕ ਨਹੀਂ! ਇਸ ਦੇ ਉਲਟ ਸਾਨੂੰ ਪੁਲਪਿਟ ਤੋਂ, ਹਰ ਗੱਲਬਾਤ ਵਿਚ, ਹਰ ਕਿਤਾਬ ਵਿਚ, ਹਰ ਥਾਂ ਜਿੱਥੇ ਵੀ ਲੋਕ ਹੋਣ ਇਸ ਨੂੰ ਰੱਖਣਾ ਜ਼ਰੂਰੀ ਹੈ। ਸਾਡੇ ਮੁਕਤੀਦਾਤੇ ਦੀਆਂ ਗੱਲਾਂ ਦਾ ਇਹੀ ਮਤਲਬ ਹੈ। ਦੀਵੇ ਦਾ ਇਹੀ ਮਕਸਦ ਹੈ ਅਤੇ ਇਲਾਹੀ ਵਚਨ ਦਾ ਇਹੀ ਮਕਸਦ ਹੈ। ਸਾਡੇ ਵਿੱਚੋਂ ਜਿਨ੍ਹਾਂ ਲੋਕਾਂ ਕੋਲ ਇਹ ਹੈ ਉਨ੍ਹਾਂ ਦਾ ਕੰਮ ਇਹ ਹੈ ਕਿ ਇਹ ਯਕੀਨੀ ਬਨਾਉਣ ਕਿ ਇਹ ਵਚਨ ਸਾਡੇ ਨਾਲ ਦੇ ਦੂਜੇ ਲੋਕਾਂ ਕੋਲ ਵੀ ਪਹੁੰਚੇ। ਯਿਸੂ ਦੇ ਮੁਤਾਬਿਕ ਜਿਨ੍ਹਾਂ ਲੋਕਾਂ ਨੂੰ ਇਹ ਬਰਕਤ ਮਿਲੀ ਹੈ ਉਨ੍ਹਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਹ ਯਕੀਨੀ ਬਨਾਉਣ ਕਿ ਦੂਜਿਆਂ ਨੂੰ ਵੀ ਇਹ ਬਰਕਤ ਮਿਲੇ।

2. ਦੂਜਾ, 4:22 ਵਿਚ ਯਿਸੂ ਨੇ ਇਕ ਭੇਤ ਵੱਲ ਇਸ਼ਾਰਾ ਕੀਤਾ। ਉਸ ਨੇ ਆਖਿਆ, ''ਕੋਈ ਵਸਤੁ ਗੁਪਤ ਨਹੀਂ ਪਰ ਇਸ ਲਈ ਜੋ ਉਹ ਪਰਗਟ ਕੀਤੀ ਜਾਏ ਅਤੇ ਨਾ ਕੋਈ ਵਸਤੁ ਛਿਪਾਈ ਗਈ ਪਰ ਇਸ ਲਈ ਜੋ ਉਹ ਉਜਾਗਰ ਹੋਵੇ।'' *ਭੇਤ ਦੇ ਉਜਾਗਰ ਹੋਣ* ਦੀ ਗੱਲ ਕਰ ਰਿਹਾ ਸੀ। ਬੀਤੇ ਕੁਝ ਵੱਡੀਆਂ ਸਚਿਆਈਆਂ ਲੁਕੀਆਂ ਹੋਈਆਂ ਸਨ। ਨਬੀਆਂ ਨੂੰ ਉਨ੍ਹਾਂ ਗੱਲਾਂ ਦਾ ਜਿਨ੍ਹਾਂ ਦੀ ਉਹ ਨਬੂਵਤ ਕਰ ਰਹੇ ਹੁੰਦੇ ਸਨ, ਪੂਰਾ ਵੇਰਵਾ ਪਤਾ ਨਹੀਂ ਹੁੰਦਾ ਸੀ। ਪਤਰਸ ਦੇ ਮੁਤਾਬਿਕ ਉਹ ਉਨ੍ਹਾਂ ਗੱਲਾਂ ਦਾ ਜਿਨ੍ਹਾਂ ਨੂੰ ਉਹ ਦੱਸ ਰਹੇ ਹੁੰਦੇ ਸਨ, ਹੋਰ ਗਿਆਨ ਪਾਉਣਾ ਚਾਹੁੰਦੇ ਸਨ (1 ਪਤਰਸ 1:10, 11)। ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਜੇ ਉਹ ਉਹਦੇ ਨਾਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਉਨ੍ਹਾਂ ਭੇਤਾਂ ਨੂੰ ਸਮਝਣ ਦਾ ਮੌਕਾ ਮਿਲ ਜਾਣਾ ਸੀ। ਭਾਵ ਇਹ ਕਿ ਜੋ ਲੁਕਿਆ ਹੋਇਆ ਸੀ ਉਹ ਉਜਾਗਰ ਹੋਣ ਵਾਲਾ ਸੀ।

ਯਿਸੂ ਦੀ ਧਰਤੀ ਉਤਲੀ ਸੇਵਕਾਈ, ਮੌਤ, ਜੀ ਉੱਠਣਾ, ਸੁਰਗ ਤੇ ਉਠਾਇਆ ਜਾਣਾ, ਕਲੀਸੀਆ ਦੇ ਆਉਣ, ਅਤੇ ਨਵੇਂ ਨੇਮ ਦੇ ਪੂਰਾ ਹੋਣ ਦੇ ਰਾਹੀਂ ਪਰਮੇਸ਼ੁਰ ਦੀ ਵੱਡੀ ਸਦੀਪਕ ਮੰਸ਼ਾ ਪਰਗਟ ਕੀਤੀ ਗਈ ਹੈ। ਇਸ ਸੰਸਾਰ ਅਤੇ ਮਸੀਹੀ ਯੁੱਗ ਲਈ ਪਰਮੇਸ਼ੁਰ ਦੀ ਇਲਾਹੀ ਇੱਛਾ ਦੇ ਸਾਰੇ ਹਿੱਸੇ ਹੁਣ ਸਾਡੇ ਸਾਹਣੇ ਰੱਖ ਦਿੱਤੇ ਗਏ ਹਨ। ਰਸੂਲ ਉਸ ਪ੍ਰਕਿਰਿਆ ਦੇ ਬਿਲਕੁਲ ਵਿਚਕਾਰ ਸਨ। ਪਹਿਲੀ ਸਦੀ ਦੇ ਉਸ ਦੇ ਵਫ਼ਾਦਾਰ ਪੈਰੋਕਾਰ ਉਨ੍ਹਾਂ ਵਾਂਗ ਹੀ ਸਨ; ਤਾਂ ਜੋ ਆਉਣ ਵਾਲੇ ਯੁੱਗਾਂ

ਵਿਚ ਉਸ ਦੇ ਵਫ਼ਾਦਾਰ ਪੈਰੋਕਾਰ ਪਵਿੱਤਰ ਲਿਖਤ ਦਾ ਹੁਕਮ ਮੰਨ ਕੇ ਉਸ ਗਿਆਨ ਦੇ ਵਹਾਅ ਦਾ ਹਿੱਸਾ ਬਣ ਸਕਣ।

ਸਾਨੂੰ ਕਿੰਨਾਂ ਵਫ਼ਾਦਾਰ ਮੁਕਤੀਦਾਤਾ ਮਿਲਿਆ ਹੈ! ਉਹ ਆਪਣੇ ਚੇਲਿਆਂ ਨੂੰ ਇਸ ਗੱਲ ਵਿਚ ਹਨ੍ਹੇਰੇ ਵਿਚ ਨਹੀਂ ਰੱਖਦਾ ਕਿ ਉਹ ਕੀ ਕਰਨ ਵਾਲਾ ਹੈ ਅਤੇ ਉਹਦੇ ਕੰਮਾਂ ਦਾ ਕੀ ਮਤਲਬ ਹੋਵੇਗਾ। ਯਿਸੂ ਨੇ ਆਪਣੇ ਚੇਲਿਆਂ ਨੂੰ ਸ਼ੱਕ ਦੇ ਗੁਬਾਰ ਵਿਚ ਨਹੀਂ ਰਹਿਣ ਦੇਣਾ ਚਾਹਿਆ। ਉਸ ਨੇ ਉਨ੍ਹਾਂ ਨੂੰ ਦੱਸਿਆ, ''ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਹਾਨੂੰ ਮੇਰੇ ਵਿਚ ਸ਼ਾਂਤੀ ਹੋਵੇ। ਜਗਤ ਵਿਚ ਤੁਹਾਨੂੰ ਕਸ਼ਟ ਹੈ ਪਰ ਹੌਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ'' (ਯੂਹੰਨਾ 16:33)। ਯਿਸੂ ਨੇ ਆਪਣੇ ਚੇਲਿਆਂ ਨੂੰ ਜੋ ਉਹ ਕਰ ਰਹੇ ਸਨ ਉਸ ਦਾ ਅਸਪੱਸ਼ਟ ਵਿਚਾਰ ਦੇ ਕੇ ਸ਼ਹੀਦ ਹੋ ਜਾਣ ਲਈ ਨਹੀਂ ਘੱਲਿਆ।

3. ਇਸ ਤੋਂ ਛੁੱਟ ਯਿਸੂ ਨੇ ਉਨ੍ਹਾਂ ਨੂੰ ਉਸ ਦੀ ਸੁਣਨ ਦੇ ਮਹੱਤਵ ਨੂੰ ਯਾਦ ਦੁਆਇਆ। ਜਿਵੇਂ ਕਿ ਉਸ ਨੇ ਪਹਿਲਾਂ ਕਿਹਾ, ਉਸ ਨੇ ਫੇਰ ਆਖਿਆ (ਵੇਖੋ 4:9), ''ਜੇ ਕਿਸੇ ਦੇ ਸੁਣਣ ਦੇ ਕੰਨ ਹੋਣ ਤਾਂ ਸੁਣੇ'' (4:23)। ''ਕੰਨ'' ਦੀ ਗੱਲ ਕਰਨ ਦੇ ਨਾਲ ਉਸ ਨੇ ਆਪਣੇ ਚੇਲਿਆਂ ਨੂੰ *ਪੂਰੀ ਕੀਤੀ ਜਾਣ ਵਾਲੀ ਜ਼ਿੰਮੇਵਾਰੀ* ਬਾਰੇ ਸਮਝਾਇਆ। ਸੰਖੇਪ ਵਿਚ ਉਹ ਆ ਰਿਹਾ ਸੀ, ''ਉਨ੍ਹਾਂ ਲੋਕਾਂ ਦੇ ਤੌਰ ਤੇ ਜਿਨ੍ਹਾਂ ਨੇ ਸੁਣਿਆ ਹੈ, ਹੁਣ ਤੁਹਾਡੇ ਮੋਢਿਆਂ ਤੇ ਇਕ ਵੱਡੀ ਜ਼ਿੰਮੇਵਾਰੀ ਹੈ। ਹੁਣ ਤੁਹਾਨੂੰ ਹੀ ਇਹ ਯਕੀਨੀ ਬਨਾਉਣਾ ਪਵੇਗਾ ਕਿ ਜੋ ਕੁਝ ਤੁਸਾਂ ਸੁਣਿਆ ਹੈ, ਉਸ ਨੂੰ ਸਮਝੋ ਅਤੇ ਮੰਨੋ; ਅਤੇ ਤੁਹਾਨੂੰ ਹੀ ਯਕੀਨੀ ਬਨਾਉਣਾ ਪਵੇਗਾ ਕਿ ਜਿਹੜਾ ਸੰਦੇਸ਼ ਮੈਂ ਤੁਹਾਨੂੰ ਦਿੱਤਾ ਹੈ, ਤੁਸੀਂ ਇਸ ਨੂੰ ਦੂਸਰਿਆਂ ਨੂੰ ਵੀ ਦਿਓ।

ਯਿਸੂ ਉਨ੍ਹਾਂ ਨਾਲ ਉਸ ਸਭ ਤੋਂ ਵੱਡੇ ਵਿਸ਼ੇ ਦੀ ਗੱਲ ਕਰ ਰਿਹਾ ਸੀ ਜਿਸ ਉੱਤੇ ਮਨੁੱਖੀ ਸੋਚ ਚਿੰਤਨ ਕਰ ਸਕਦੀ ਹੈ ਅਤੇ ਉਹ ਵਿਸ਼ਾ ਹਮੇਸ਼ਾ ਦੀ ਜ਼ਿੰਦਗੀ ਦਾ ਹੈ। ਪਰਮੇਸ਼ੁਰ ਦੇ ਪੁੱਤਰ ਦੇ ਉਨ੍ਹਾਂ ਨੂੰ ਇਸ ਨੂੰ ਸਮਝਾਉਂਦਿਆਂ ਕਿ ਇਹ ਕੀ ਹੈ, ਇਸ ਨੂੰ ਕਿਵੇਂ ਕਬੂਲ ਕਰਨਾ ਹੈ ਅਤੇ ਇਸ ਵਿਚ ਕਿਵੇਂ ਕਾਇਮ ਰਹਿਣਾ ਹੈ, ਐਨਾ ਨੇੜੇ ਹੋਣ ਦੀ ਬਰਕਤ ਮਿਲੀ। ਇਸ ਨਾਲੋਂ ਵਧ ਕੇ ਹੋਰ ਇੱਜ਼ਤ ਕੀ ਹੋ ਸਕਦੀ ਹੈ? ਪੁਰਾਣੇ ਅਤੇ ਨਵੇਂ ਨੇਮ ਦੇ ਰੂਪ ਵਿਚ ਜਿਲਦਬੱਧ ਸਾਡੀ ਸਮਝ ਵਿਚ ਆਉਣ ਵਾਲੀ ਪਵਿੱਤਰ ਲਿਖਤ ਸਾਡੇ ਹੱਥ ਵਿਚ ਹੈ। ਇਹ ਸਾਡੇ ਮਨਾਂ ਉੱਤੇ ਇਲਾਹੀ ਜ਼ਿੰਮੇਵਾਰੀ ਪਾ ਦਿੰਦਾ ਹੈ। ਭਲਾ ਧਰਤੀ ਉੱਤੇ ਕਿਸੇ ਹਰ ਉੱਤੇ ਐਨਾ ਰਹਿਮ ਰਿਹਾ ਹੈ ਜਿੰਨਾਂ ਉਸ ਦੇ ਚੇਲਿਆਂ ਉੱਤੇ ਜਿਹੜੇ ਇਲਾਹੀ ਲਿਖਤ ਦੀ ਪਹੁੰਚ ਵਿਚ ਰਹੇ। ਸਾਨੂੰ ਜਿਹੜੇ ਦੁਨੀਆਂ ਵਿਚ ਰਹਿੰਦੇ ਹਾਂ, ਜੋ ਉਹ ਕਰ ਰਿਹਾ ਹੈ, ਜੋ ਉਸ ਦੀ ਯੋਜਨਾ ਹੈ ਅਤੇ ਜਿੱਥੇ ਸਾਨੂੰ ਉਹ ਲਿਜਾਣ ਵਾਲਾ ਹੈ ਦੇ ਗਿਆਨ ਦਾ ਦਾਨ ਦੇਣ ਨਾਲੋਂ ਵਧ ਕੇ ਖ਼ੁਦਾ ਸਾਨੂੰ ਹੋਰ ਕੀ ਦੇ ਸਕਦਾ ਹੈ।

4. 4:24, 25 ਵਿਚ ਯਿਸੂ ਨੇ *ਮੌਕੇ ਦਾ ਫ਼ਾਇਦਾ ਉਠਾਉਣ* ਦਾ ਵਿਚਾਰ ਦਿੰਦਿਆਂ ਮਾਪ ਦੀ ਗੱਲ ਕੀਤੀ। ਉਸ ਨੇ ਕਿਹਾ:

> ਚੌਕਸ ਰਹੋ ਜੋ ਕੀ ਸੁਣਦੇ ਹੋ! ਜਿਸ ਮੇਪ ਨਾਲ ਤੁਸੀਂ ਮਿਣਦੇ ਹੋ ਓਸੇ ਨਾਲ ਤੁਹਾਡੇ ਲਈ ਮਿਣਿਆ ਜਾਵੇਗਾ ਅਤੇ ਤੁਹਾਨੂੰ ਵਧੀਕ ਦਿੱਤਾ ਜਾਵੇਗਾ ਕਿਉਂਕਿ ਜਿਹ ਦੇ ਕੋਲ ਕੁਝ ਹੈ ਉਹਨੂੰ ਦਿੱਤਾ ਜਾਵੇਗਾ ਅਤੇ ਜਿਹ ਦੇ ਕੋਲ ਨਹੀਂ ਉਸ ਤੋਂ ਜੋ ਕੁਝ ਹੈ ਸੋ ਭੀ ਲੈ ਲਿਆ ਜਾਵੇਗਾ।

ਵੱਖੋ-ਵੱਖ ਸਮਿਆਂ ਵਿਚ ਯਿਸੂ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਅਸੀਂ ਧਿਆਨ ਰੱਖੀਏ ਕਿ ਅਸੀਂ *ਸੁਣਦੇ ਹਾਂ* (4:9), ਧਿਆਨ ਰੱਖੀਏ ਕਿ ਅਸੀਂ *ਕੀ ਸੁਣਦੇ ਹਾਂ* (4:24), ਅਤੇ ਧਿਆਨ ਰੱਖੀਏ ਕਿ *ਕਿਵੇਂ ਸੁਣਦੇ ਹਾਂ* (ਲੂਕਾ 8:18)।

4:24 ਵਿਚ ਇਸ ਸਚਿਆਈ ਇਹ ਦੱਸੀ ਗਈ ਹੈ ਕਿ ਅਸੀਂ ਸਿਰਫ਼ ਯਿਸੂ ਦੇ ਸੰਦੇਸ਼ ਨੂੰ ਸੁਣੀਏ,

ਅਤੇ ਅਸੀਂ ਇਹ ਯਕੀਨੀ ਬਣਾਈਏ ਕਿ ਸਾਨੂੰ ਉਸ ਸੰਦੇਸ਼ ਵਿਚ ਵਧਣ ਦੇ ਮਹੱਤਵ ਦੀ ਸਮਝ ਹੈ। ਬਾਈਬਲ ਵਿਚ ਅਸੀਂ ਜਿੰਨਾਂ ਚਾਹੀਏ ਗਹਿਰਾਈ ਵਿਚ ਜਾ ਸਕਦੇ ਹਾਂ। ਅਸਲ ਵਿਚ ਜਿੰਨਾਂ ਅਸੀਂ ਗਹਿਰਾਈ ਵਿਚ ਜਾਵਾਂਗੇ, ਓਨੀ ਹੀ ਸਾਨੂੰ ਵੱਧ ਬਰਕਤ ਮਿਲੇਗੀ। ਜੇ ਅਸੀਂ ਦੋ ਤਿੰਨ ਆਇਤਾਂ ਸਿੱਖ ਕੇ ਅਤੇ ਥੋੜ੍ਹਾ ਜਿਹਾ ਗਿਆ ਪਾ ਕੇ ਸੰਤੁਸ਼ਟ ਹੋ ਜਾਂਦੇ ਹਾਂ, ਤਾਂ ਸਾਡੀ ਤਰੱਕੀ ਹੋਣਾ ਮੁਸ਼ਕਿਲ ਹੈ। ਸਮਾਂ ਲੰਘਣ ਨਾਲ ਅਸੀਂ ਅਸਲ ਵਿਚ ਉਸ ਤੋਂ ਜੋ ਸਾਡੇ ਕੋਲ ਹੈ, ਪਿੱਛੇ ਹੱਟ ਕੇ ਉਸ ਨੂੰ ਗੁਆ ਸਕਦੇ ਹਾਂ। ਜੇ ਕਿਸੇ ਨੇ ਆਪਣੇ ਇਕ ਹੱਥ ਨੂੰ ਕਦੇ ਵਰਤਿਆ ਨਾ ਹੋਵੇ, ਇਕ ਦਿਨ ਅਜਿਹਾ ਆ ਸਕਦਾ ਹੈ ਜਦ ਉਹ ਹੱਥ ਕੰਮ ਕਰਨਾ ਬੰਦ ਕਰ ਦਏਗਾ। ਵਧਣਾ ਜ਼ਿੰਦਗੀ ਦਾ ਸੁਭਾਵਕ ਹਿੱਸਾ ਹੈ। ਕੋਈ ਵਾਧਾ ਨਾ ਹੋਣ ਦਾ ਮਤਲਬ ਆਮ ਤੌਰ ਤੇ ਇਹੀ ਹੁੰਦਾ ਹੈ ਕਿ ਉਸ ਵਿਚ ਜਾਨ ਨਹੀਂ ਹੈ। ਜਦ ਕੋਈ ਤਰੱਕੀ ਨਹੀਂ ਹੁੰਦੀ ਤਾਂ ਸਾਨੂੰ ਉਹ ਵੀ ਭੁੱਲ ਜਾਂਦਾ ਹੈ ਜਿਹੜਾ ਸਾਨੂੰ ਪਤਾ ਹੁੰਦਾ ਹੈ। ਮਸੀਹੀ ਵਿਅਕਤੀ ਭਾਵੇਂ ਉਹ ਪ੍ਰਚਾਰਕ ਹੋਵੇ ਜਾਂ ਉਪਦੇਸ਼ਕ, ਜੇ ਉਹ ਸਿੱਖਦੇ ਰਹਿ ਕੇ ਵਧਦਾ ਨਹੀਂ ਹੈ ਤਾਂ ਉਹਦੀ ਮੌਤ ਹੋ ਜਾਵੇਗੀ।

*ਨਿਚੋੜ:* ਅਸਲ ਵਿਚ ਜਦ ਅਸੀਂ ਉਨ੍ਹਾਂ ਦਾਨਾਂ ਨੂੰ ਜਿਹੜੇ ਸਾਨੂੰ ਪਵਿੱਤਰ ਆਤਮਾ ਦੀ ਤਰਫ਼ੋ ਦਿੱਤੇ ਗਏ ਹਨ, ਵਿਚਾਰ ਕਰਦੇ ਹਾਂ ਤਾਂ ਬਾਈਬਲ ਉਨ੍ਹਾਂ ਵਿਚ ਸਭ ਤੋਂ ਉੱਪਰ ਆਉਂਦੀ ਹੈ। ਇਸ ਅਰਥ ਵਿਚ ਯਿਸੂ ਦੀਆਂ ਚਾਰੇ ਗੱਲਾਂ ਅਸਲ ਚੇਲਾ ਬਣਨ ਦੇ ਸਮੀਕਰਣ ਨਾਲ ਮੇਲ ਖਾਂਦੀਆਂ ਹਨ।

ਬਾਈਬਲ ਦਾ ਸਾਡੇ ਲਈ ਕੀ ਮਤਲਬ ਹੈ। ਇਹ ਪੱਕਾ ਹੈ ਕਿ ਇਹ ਇੱਕ ਭੇਤ ਹੈ ਜਿਸ ਨੂੰ ਉਜਾਗਰ ਕਰ ਦਿੱਤਾ ਗਿਆ ਹੈ। ਜਦ ਅਸੀਂ ਇਸ ਨੂੰ ਪੜਦੇ ਹਾਂ, ਤਾਂ ਇਸ ਉੱਤੇ ਧਿਆਨ ਲਾਉਂਦੇ ਹਾਂ ਅਤੇ ਇਸ ਨੂੰ ਆਪਣੇ ਅੰਦਰ ਸੋਖ ਲੈਂਦੇ ਹਾਂ ਤਾਂ ਪਰਮੇਸ਼ੁਰ ਦੀ ਯੋਜਨਾ ਜੋ ਕਿ ਉਸ ਦੀ ਸਦੀਪਕ ਮੰਸ਼ਾ ਹੈ, ਸਾਡੇ ਅੰਦਰ ਹੋਰ ਸਪੱਸ਼ਟ ਹੁੰਦੀ ਜਾਂਦੀ ਹੈ। ਇਹਦਾ ਮਤਲਬ ਇਹ ਹੋਇਆ ਕਿ ਸਾਡੇ ਲਈ ਇਸ ਮੌਕੇ ਦਾ ਫ਼ਾਇਦਾ ਚੁੱਕਣਾ ਜ਼ਰੂਰੀ ਹੈ। ਦੁਨੀਆਂ ਵਿਚ ਬੜੇ ਘੱਟ ਲੋਕ ਹਨ ਜਿਨ੍ਹਾਂ ਕੋਲ ਸਾਡੇ ਮੁਕਤੀਦਾਤੇ ਵਚਨ ਵਿਚ ਬਣੇ ਰਹਿਣ ਦੇ ਯੋਗ ਬਨਾਉਣ ਦੀ, ਪਹੁੰਚ ਅਤੇ ਅਤੇ ਸਾਧਨ ਹੋਣ। ਉਜਾਗਰ ਕੀਤੇ ਗਏ ਭੇਤ ਅਤੇ ਇਸ ਮੌਕੇ ਦਾ ਪਿੱਛਾ ਕਰਕੇ ਸਾਨੂੰ ਇਸ ਦਾ ਫ਼ਾਇਦਾ ਲੈਣਾ ਸਚੁਮਚ ਵਿਚ ਨਿਭਾਏ ਜਾਣ ਵਾਲੀ ਜ਼ਿੰਮੇਵਾਰੀ ਅਤੇ ਦੱਸਿਆ ਜਾਣ ਵਾਲਾ ਸੰਦੇਸ਼ ਹੈ। ਇਲਹਾਮ ਦੀ ਕੋਈ ਚੀਜ਼ ਉਦੋਂ ਤਕ ਕਿਸੇ ਕੰਮ ਦੀ ਨਹੀਂ ਹੁੰਦੀ ਜਦੋਂ ਤਕ ਉਹਨੂੰ ਵੰਡਿਆ ਨਾ ਜਾਵੇ। ਅਸੀਂ ਮਿਸ਼ਨਰੀ ਬਣਨਾ ਚੁਣਦੇ ਨਹੀਂ! ਅਸੀਂ ਚੇਲੇ ਬਣਨਾ ਚੁਣਦੇ ਹਾਂ। ਅਤੇ ਜਦ ਅਸੀਂ ਇਸ ਪਸੰਦ ਨੂੰ ਚੁਣ ਲੈਂਦੇ ਹਾਂ ਤਾਂ ਬਾਕੀ ਦੀਆਂ ਪਸੰਦਾਂ ਇਸ ਵਿਚ ਜਜ਼ਬ ਹੋ ਜਾਂਦੀਆਂ ਹਨ। ਇਨ੍ਹਾਂ ਪਸੰਦਾਂ ਵਿੱਚੋਂ ਇਕ ਪਸੰਦ ਉਸ ਦੇ ਦੂਤ ਭਾਵ ਏਲਚੀ ਬਣਨਾ ਹੈ ਜਿਹੜਾ ਦੂਜਿਆਂ ਨੂੰ ਦੱਸੇ ਕਿ ਉਸ ਦੇ ਸੰਦੇਸ਼ ਦਾ ਉਨ੍ਹਾਂ ਲਈ ਕੀ ਮਤਲਬ ਹੋ ਸਕਦਾ ਹੈ।

ਇਸ ਕਰਕੇ ਸਾਡੇ ਮੁਕਤੀਦਾਤੇ ਦੀ ਯੋਜਨਾ ਵਿਚ ਚਾਰ ਜ਼ਰੂਰੀ ਗੱਲਾਂ ਹਨ: ਸੰਦੇਸ਼ ਨੂੰ ਸੁਣੋ,ਇਸ ਨੂੰ ਸਿੱਖੋ, ਇਸ ਨੂੰ ਮੰਨੋ, ਅਤੇ ਇਸ ਨੂੰ ਦੂਜਿਆਂ ਨੂੰ ਦੱਸੋ। ਅਸੀਂ ਉਹਦੇ ਕੋਲ ਉਹਦੇ ਵਚਨਾਂ ਦੇ ਰਾਹੀਂ ਆਉਂਦੇ ਹਾਂ। ਉਹ ਸਾਨੂੰ ਆਪਣੀਆਂ ਸਿੱਖਿਆਵਾਂ ਦੇ ਰਾਹੀਂ ਪਿਤਾ ਕੋਲ ਲੈ ਜਾਂਦਾ ਹੈ ਅਤੇ ਉਹ ਅਤੇ ਉਸ ਦਾ ਪਿਤਾ ਸਾਨੂੰ ਆਪਣਾ ਸੰਦੇਸ਼ ਦੇ ਕੇ, ਦੂਜਿਆਂ ਕੋਲ, ਜਿੰਨੇ ਵੀ ਉਹਦੇ ਕੋਲ ਆ ਸਕਣ, ਉਨ੍ਹਾਂ ਨੂੰ ਲਿਆਉਣ ਲਈ ਘੱਲਦਾ ਹੈ।

### **ਪਰਮੇਸ਼ੁਰ, ਜ਼ਿੰਦਗੀ ਅਤੇ ਬੀ** (4: 26-29)

ਇੰਜੀਲ ਦੇ ਮਰਕੁਸ ਦੇ ਵਿਰਤਾਂਤ ਵਿਚ ਬੀ ਦੇ ਵਧਣ ਦਾ ਯਿਸੂ ਦਾ ਦ੍ਰਿਸ਼ਟਾਂਤ ਅਨੋਖਾ ਹੈ। 4: 26–29 ਵਾਲਾ ਦ੍ਰਿਸ਼ਟਾਂਤ ਉਨ੍ਹਾਂ ਦ੍ਰਿਸ਼ਟਾਂਤਾਂ ਵਿੱਚੋਂ ਤੀਜਾ ਹੈ ਜਿਨ੍ਹਾਂ ਵਿਚ ਖ਼ਾਸ ਤੌਰ ਤੇ ਵੱਖੋ-ਵੱਖ ਜ਼ਮੀਨ ਅਤੇ ਬੀ ਉੱਤੇ ਜ਼ੋਰ ਦਿੱਤਾ ਗਿਆ ਹੈ। ਪਹਿਲਾ ਦ੍ਰਿਸ਼ਟਾਂਤ, ਜੋ ਕਿ ਬੀਜਣ ਵਾਲੇ ਦਾ ਦ੍ਰਿਸ਼ਤਾਂਤ ਹੈ (4: 1–20), ਜ਼ਮੀਨ ਦੀ ਉਸ ਕਿਸਮ ਤੇ ਅਧਾਰਿਤ ਹੈ ਜਿਸ ਉੱਤੇ ਬੀ ਡਿੱਗਦਾ ਹੈ।

ਦੂਜਾ ਦ੍ਰਿਸ਼ਟਾਂਤ, ਜੋ ਕਿ ਜੰਗਲੀ ਬੂਟੀ ਦਾ ਦ੍ਰਿਸ਼ਟਾਂਤ ਹੈ (ਵੇਖੋ ਮੱਤੀ 13:24–30), ਕਿਸੇ ਦੁਸ਼ਮਣ ਦੇ ਕਥਾਨਕ ਨੂੰ ਵਿਖਾਉਂਦਾ ਹੈ ਜਿਸਨੇ ਰਾਤ ਨੂੰ ਖੇਤ ਵਿਚ ਮਾੜਾ ਬੀ ਬੀਜ ਦਿੱਤਾ। ਉਸ ਦ੍ਰਿਸ਼ਟਾਂਤ ਵਿਚ ਬੀਜਣ ਅਤੇ ਵੱਢਣ ਦੇ ਵਿਚਾਰ ਹਨ, ਪਰ ਇਸ ਵਿਚ ਇਹ ਨਹੀਂ ਦੱਸਿਆ ਗਿਆ ਕਿ ਬੀ ਅਸਲ ਵਿਚ ਜ਼ਮੀਨ ਵਿਚ ਉੱਗਦਾ ਕਿਵੇਂ ਹੈ। ਪਰ ਵਧਣ ਦਾ ਇਹ ਦ੍ਰਿਸ਼ਟਾਂਤ ਇਸ ਗੱਲ ਤੇ ਧਿਆਨ ਦਿੰਦਾ ਹੈ ਅਤੇ ਬੀਜਣ ਵੇਲੇ ਅਤੇ ਵਾਢੀ ਵੇਲੇ ਬੀ ਦਾ ਕੀ ਬਣਿਆ। ਮੂਲ ਵਿਚ ਇਹ ਸਾਨੂੰ ਉਸ ਦ੍ਰਿਸ਼ ਵੱਲ ਪਿੱਛੇ ਲੈ ਜਾਂਦਾ ਹੈ ਕਿ ਬੀਜਣ ਵਾਲਾ ਕੀ ਕਰਦਾ ਹੈ। ਅਤੇ ਧਿਆਨ ਦੁਆਉਂਦਾ ਹੈ ਕਿ ਜ਼ਮੀਨ ਦੇ ਅੰਦਰ ਬੀ ਵਿਚ ਜਾਣ ਆ ਜਾਣ ਤੇ ਖ਼ੁਦਾ ਬੀ ਦਾ ਕੀ ਕਰਦਾ ਹੈ।

ਇਸ ਕਰਕੇ ਇਹ ਦ੍ਰਿਸ਼ਟਾਂਤ ਇਹ ਸਮਝਾਉਂਦੇ ਹੋਏ ਕਿ ਖ਼ੁਦਾ ਬੀ ਨਾਲ ਕੀ ਕਰਦਾ ਹੈ, ਸਾਡੇ ਅੰਦਰ ਖ਼ੁਦਾ ਦੇ ਕੰਮਾਂ ਦੀ ਸਮਝ ਪਾਉਂਦਾ ਹੈ। ਇਸ ਦ੍ਰਿਸ਼ਟਾਂਤ ਦਾ ਕੋਈ ਵੀ ਅਧਿਐਨ ਕੁਦਰਤ ਦੀ ਦੁਨੀਆਂ ਵਿਚ ਅਤੇ ਆਤਮਾ ਦੀ ਦੁਨੀਆਂ ਵਿਚ ਖ਼ੁਦਾ ਦੇ ਕੰਮ ਕਰਨ ਦੇ ਥੋੜ੍ਹੀ ਚਰਚਾ ਹੋਣੀ ਜ਼ਰੂਰੀ ਹੈ।

ਚੰਗੀ ਤਰ੍ਹਾਂ ਨਾਲ ਗਾਹੇ ਗਏ ਖੇਤ ਵਿਚ ਬੀਜਣ ਦੇ ਆਪਣੇ ਕੰਮ ਨੂੰ ਪੂਰਾ ਕਰਦੇ ਹੋਏ ਬੀਜਣ ਵਾਲੇ ਨੂੰ ਵੇਖਣ ਦੀ ਕਲਪਨਾ ਕਰਦੇ ਹਾਂ। ਅਸੀਂ ਆਪਣੇ ਮਨ ਵਿਚ ਆਖਦੇ ਹਾਂ, ''ਹੁਣ ਅੱਗੇ ਕੀ ਹੋਵੇਗਾ?'' ਅੰਗੂਰੀ ਕਿਵੇਂ ਨਿੱਕਲੇਗੀ? ਉਨ੍ਹਾਂ ਸਭ ਬੀਆਂ ਨਾਲ ਜਿਹੜੇ ਜ਼ਮੀਨ ਵਿਚ ਡਿੱਗੇ ਖ਼ੁਦਾ ਦਾ ਹੱਥ ਕੀ ਰਕੇਗਾ। ਆਪਣੇ ਸਾਰੇ ਅਰਥਾਂ ਨਾਲ ਇਹ ਦ੍ਰਿਸ਼ਟਾਂਤ ਸਾਡੇ ਹਰ ਸਵਾਲ ਦਾ ਜਵਾਬ ਦਏਗਾ। ਪਰ ਇਨ੍ਹਾਂ ਸਭ ਸਵਾਲਾਂ ਨੂੰ ਇਕ ਵੱਡੇ ਸਵਾਲ ਵਿਚ ਸੰਖੇਪ ਕੀਤਾ ਜਾ ਸਕਦਾ ਹੈ ਕਿ ''ਖ਼ੁਦਾ ਬੀ ਨੂੰ ਵਧਾਉਂਦਾ ਕਿਵੇਂ ਹੈ?''

1. ਜ਼ਮੀਨ ਵਿਚ ਬੀ ਦੇ ਵਧਣ ਤੇ ਵਿਚਾਰ ਕਰਦਿਆਂ ਸਾਨੂੰ ਇਹ ਸਮਝ ਆ ਸਕਦਾ ਹੈ ਕਿ ਇਨ੍ਹਾਂ ਪ੍ਰਕਿਰਿਆਵਾਂ ਵਿਚ *ਬਿਲਕੁਲ ਪੇਚੀਦਾ ਵਾਧਾ* ਸ਼ਾਮਿਲ ਹੈ। ਕਾਫ਼ੀ ਦੇਰ ਤਕ ਅਜਿਹਾ ਲੱਗੇਗਾ ਕਿ ਖੇਤ ਵਿਚ ਕੁਝ ਨਹੀਂ ਹੋਣ ਵਾਲਾ। ਸਾਨੂੰ ਇਵੇਂ ਲੱਗੇਗਾ ਕਿ ਬੀ ਵਧ ਨਹੀਂ ਰਿਹਾ ਹੈ। ਫਿਰ ਦਿਨ ਰਾਤ ਦੇ ਸਮੇਂ, ਉਸ ਦੇ ਮਿੱਟੀ ਵਿੱਚੋਂ ਅੰਗੂਰੀ ਦਾ ਕੋਮਲ ਜਿਹਾ ਰੂਪ ਧੁੱਪ ਵਿਚ ਖਿੜ ਜਾਂਦਾ ਹੈ। ਉਸ ਅੰਗੂਰੀ ਦੇ ਜ਼ਮੀਨ ਵਿੱਚੋਂ ਨਿੱਕਲਣ ਤੇ, ਉਹ ਸਾਡੇ ਉੱਤੇ ਚਿਲਾਉਂਦਾ ਨਹੀਂ ਹੈ ਬਲਕਿ ਦੰਡ ਪਾ ਪਾਕੇ ਸਾਡਾ ਧਿਆਨ ਖਿੱਚਦਾ ਹੈ। ਇਹ ਵਧਣਾ ਹੌਲੀ ਹੌਲੀ ਅਤੇ ਕੁਝ ਚਰਣਾਂ ਵਿਚ ਹੁੰਦਾ ਹੈ ਕਿ ਸਾਨੂੰ ਪਤਾ ਵੀ ਨਹੀਂ ਲਗਦਾ। ਸਾਡੇ ਲਈ ਇਸ ਨੂੰ ਗੌਰ ਨਾਲ ਵੇਖਣਾ ਜ਼ਰੂਰੀ ਹੈ।

ਜਿਵੇਂ ਇਕ ਮਾਂ ਆਪਣੇ ਬੱਚੇ ਨੂੰ ਵੇਖ ਕੇ ਰੌਲਾ ਪਾਉਂਦੀ ਹੋਈ ਆਖਦੀ ਹੈ, ''ਮੈਂ ਦੱਸਨੀ ਆਂ! ਤੂੰ ਵੱਡਾ ਹੋ ਗਿਆ!'' ਬੂਟੇ ਨਾਲ ਕੁਝ ਅਜਿਹਾ ਹੀ ਹੁੰਦਾ ਹੈ। ਕਿਸਾਨ ਆਪਣੇ ਖੇਤ ਨਜ਼ਰ ਮਾਰਦਾ ਹੈ ਅਤੇ ਹਰੀਆਂ ਹਰੀਆਂ ਕੁੰਬਲਾਂ ਦੀ ਇਕ ਵੱਡੀ ਜਿਹੀ ਚਾਦਰ ਨਜ਼ਰ ਆਉਂਦੀ ਹੈ। ਉਹਦਾ ਚਿਹਰਾ ਖਿੜ ਜਾਂਦਾ ਹੈ ਅਤੇ ਉਹ ਮਨ ਹੀ ਮਨ ਆਖਦਾ ਹੈ, ''ਮੇਰੀ ਫ਼ਸਲ ਨਿੱਕਲ ਆਈ ਹੈ, ਮੇਰਾ ਖੇਤ ਹਰਿਆ ਭਰਿਆ ਹੋ ਗਿਆ ਹੈ।''

ਸਾਨੂੰ, ਕਈ ਵਾਰ ਇਹ ਲਗ ਸਕਦਾ ਹੈ ਕਿ ਖ਼ੁਦਾ ਖ਼ਾਮੋਸ਼ ਹੈ ਅਤੇ ਸਾਡੇ ਲਈ, ਸਾਡੇ ਅੰਦਰ ਜਾਂ ਸਾਡੇ ਰਾਹੀਂ ਹੁਣ ਕੰਮ ਨਹੀਂ ਕਰ ਰਿਹਾ ਹੈ। ਸ਼ਾਇਦ ਅਸੀਂ ਬਿਨਾਂ ਕੋਈ ਫ਼ੌਰੀ ਜਵਾਬ ਵੇਖਿਆ ਦੁਆ ਕੀਤੀ ਹੋਵੇ। ਅਜਿਹੇ ਵਕਤ ਵਿਚ ਯਾਦ ਰੱਖੋ ਕਿ ਖ਼ੁਦਾ ਹਰ ਸਮੇਂ ਰੁਝਿਆ ਰਹਿੰਦਾ ਹੈ, ਉਦੋਂ ਵੀ ਜਦੋਂ ਇਹ ਲੱਗੇ ਕਿ ਉਹ ਕੰਮ ਨਹੀਂ ਕਰ ਰਿਹਾ। ਜੋ ਕੁਝ ਸਾਡੀ ਨਜ਼ਰੋਂ ਓਲੇ ਹੋ ਰਿਹਾ ਹੁੰਦਾ ਹੈ, ਉਸ ਵਿਚ ਸਾਡੀਆਂ ਗਤੀਵਿਧੀਆਂ ਦੇ ਮਗਰ ਉਹ ਕੰਮ ਕਰ ਰਿਹਾ ਹੁੰਦਾ ਹੈ।

ਰੂਹਾਨੀ ਮਾਮਲਿਆਂ ਦੇ ਸਬੰਧ ਵਿਚ, ਅਸੀਂ ਬਹੁਤੀ ਵਾਰ ਉਸ ਛੋਟੇ ਬੱਚੇ ਵਰਗੇ ਹੋ ਸਕਦੇ ਹਾਂ ਜਿਹੜਾ ਇਕ ਦਿਨ ਬੀ ਬੀਜਦਾ ਹੈ ਅਤੇ ਅਗਲੇ ਦਿਨ ਇਹ ਵੇਖਣ ਲਈ ਕਿ ਉਸ ਬੀ ਦਾ ਕੀ ਬਣਿਆ, ਬਾਹਰ ਜਾ ਕੇ ਉਸ ਨੂੰ ਪੁੱਟ ਦਿੰਦਾ ਹੈ। ਖ਼ੁਦਾ ਦੇ ਇਲਾਹੀ ਇੰਤਜ਼ਾਮ ਦੇ ਕੰਮ ਕਰਦੇ ਰਾਹੀਂ, ਮਿੱਟੀ ਵਿਚ ਇਹ ਛੋਟਾ ਜਿਹਾ ਬੀ ਪੁੰਗਰ ਰਿਹਾ ਹੁੰਦਾ ਹੈ। ਭਾਵੇਂ ਅਸੀਂ ਇਸ ਨੂੰ ਸੁਣੀਏ ਜਾਂ ਨਾ,

ਵੇਖੀਏ ਜਾਂ ਨਾ, ਸਮਝੀਏ ਜਾ ਨਾ। ਇਸ ਛੋਟੇ ਬੀ ਵਿਚ ਹੌਲੀ ਹੌਲੀ ਅਤੇ ਖਾਮੋਸ਼ੀ ਨਾਲ ਖ਼ੁਦਾ ਦੀ ਯੋਜਨਾ ਦੇ ਮੁਤਾਬਿਕ ਜਾਨ ਪਾਈ ਜਾ ਰਹੀ ਹੈ। ਅਸੀਂ ਖ਼ੁਦਾ ਨਾਲ ਬੇਤਾਬ ਨਾ ਹੋਈਏ ਕਿਉਂ ਜੋ ਜਿਵੇਂ ਉਹ ਬੀ ਦੇ ਉੱਗਣ ਅਤੇ ਵਾਢੀ ਵਿਚ ਵਫ਼ਾਦਾਰ ਹੈ (ਉਤਪਤ 8:22), ਉਵੇਂ ਹੀ ਉਹ ਸਾਡੇ ਨਾਲ ਕੰਮ ਕਰਨ ਅਤੇ ਸਾਡੇ ਸੰਘਰਸ਼ਾਂ ਵਿਚ ਸਾਡੀ ਮਦਦ ਕਰਨ ਵਿਚ ਵੀ ਵਫ਼ਾਦਾਰ ਹੋਵੇਗਾ, ਅਸੀਂ ਭਾਵੇਂ ਉਸ ਹੱਥ ਨੂੰ ਵੇਖ ਸਕੀਏ ਜਾਂ ਨਾ।

2. ਬੀ *ਲਗਾਤਾਰ ਅਤੇ ਹੌਲੀ ਹੌਲੀ ਵਧਦਾ ਹੈ*। ਅਜਿਹਾ ਨਹੀਂ ਹੁੰਦਾ ਕਿ ਕਿਸਾਨ ਅੱਜ ਬੀ ਬੀਜੇ ਅਤੇ ਅਗਲੇ ਦਿਨ ਉਸ ਨੂੰ ਵੱਢ ਲਵੇ। ਇਕਦਮ ਵੱਢਣਾ ਮਾੜਾ ਹੁੰਦਾ ਹੈ। ਚੰਗੀ ਫ਼ਸਲ ਦੇ ਵਧਣ ਵਿਚ ਛੇ ਹਫ਼ਤੇ ਲਗ ਸਕਦੇ ਹਨ। ਕਿਸਾਨ ਨੂੰ ਧੀਰਜ ਨਾਲ ਉਡੀਕ ਕਰਨੀ ਜ਼ਰੂਰੀ ਹੈ ਕਿਉਂ ਜੋ ''ਜ਼ਮੀਨ ਤਾਂ ਫਲ ਲਿਆਉਂਦੀ ਹੈ, ਪਹਿਲਾਂ ਅੰਗੂਰੀ, ਫੇਰ ਨਿਚੋੜ, ਫੇਰ ਸਿੱਟੇ ਵਿੱਚ ਸਾਬਤ ਦਾਣੇ'' (4:28)।

ਪੂਰੀ ਤਰ੍ਹਾਂ ਨਾਲ ਅਸਲ ਵਧਣਾ, ਹੌਲੀ ਹੌਲੀ ਅਤੇ ਲਗਾਤਾਰ ਅਤੇ ਨਿਯਮਿਤ ਰੂਪ ਵਿਚ ਹੋਣਾ ਜ਼ਰੂਰੀ ਹੈ। ਹਾਂ, ਮਨਬਦਲੀ ਅਜਿਹੀ ਚੀਜ਼ ਹੈ ਜਿਹੜੀ ਉਸ ਦੇ ਉਲਟ ਅਤੇ ਫ਼ੈਸਲਾਕੁੰਨ ਢੰਗ ਨਾਲ ਹੁੰਦੀ ਹੈ। ਵਿਅਕਤੀ ਨਿਹਚਾ ਕਰਨ, ਖ਼ੁਦਾ ਦੀ ਇੱਛਾ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਦੇਣ, ਇਹ ਇਕਰਾਰ ਕਰਨ ਦਾ ਕਿ ਯਿਸੂ ਹੀ ਮਸੀਹ ਹੈ ਅਤੇ ਮਸੀਹ ਵਿਚ ਬਪਤਿਸਮਾ ਲੈਣ ਦਾ ਇਰਾਦਾ ਕਰਦਾ ਸੀ। ਉਸ ਨੂੰ ਓਸੇ ਵੇਲੇ ਮਾਫ਼ ਕਰਕੇ ਧਰਮੀ ਠਹਿਰਾਇਆ ਜਾਂਦਾ ਸੀ ਅਤੇ ਮਸੀਹ ਦੀ ਦੇਖਰੇਖ ਵਿਚ ਲਿਆ ਜਾਂਦਾ ਹੈ। ਫਿਰ ਵੀ ਮਸੀਹ ਵਿਚ ਵਧਣਾ, ਯਿਸੂ ਦੇ ਸਰੂਪ ਵਿਚ ਢਲਣਾ, ਬਾਕੀ ਜ਼ਿੰਦਗੀ ਵਿਚ ਹੁੰਦਾ ਰਹਿੰਦਾ ਹੈ। ਹਰ ਸਾਲ ਦੇ ਅਖ਼ੀਰ ਵਿਚ ਅਸੀਂ ਉਨ੍ਹਾਂ ਮਹੀਨਿਆਂ ਵੱਲ ਨੂੰ ਪਿੱਛੇ ਵੱਲ ਨੂੰ ਵੇਖ ਕੇ ਦੇਖ ਸਕਦੇ ਹਾਂ ਕਿ ਅਸੀਂ ਕਿੰਨੀ ਤਰੱਕੀ ਕੀਤੀ। ਮਸੀਹ ਦੇ ਪੂਰੇ ਸਰੂਪ ਵਿਚ ਢਲਣ ਵਿਚ ਸਾਡਾ ਸਫ਼ਰ ਹੋ ਸਕਦਾ ਹੈ ਕਿ ਕਈ ਵਾਰ ਟੇਢਾ ਮੇਢਾ, ਊਭੜ ਖਾਭੜ, ਸੱਜੇ ਖੱਬੇ ਹੋ ਜਾਵੇ। ਇਹ ਕਦੇ ਵੀ ਸਿੱਧੀ ਰੇਖਾ ਵਿਚ ਨਹੀਂ ਹੁੰਦਾ। ਵੱਡੀ ਗੱਲ ਇਹ ਹੈ ਕਿ ਤਰੱਕੀ ਜਾਂ ਵਾਧਾ ਹੋ ਰਿਹਾ ਹੈ। ਉੱਪਰ ਵੱਲ ਨੂੰ ਬਾਹਰੀ ਸਫ਼ਰ ਲਗਾਤਾਰ ਹੋ ਰਿਹਾ ਹੈ। ਵਾਧਾ ਹੌਲੀ ਹੌਲੀ ਪਰ ਹੋ ਰਿਹਾ ਹੈ। ਇਹ ਲਗਾਤਾਰ ਅਤੇ ਨਿਯਮਿਤ ਰੂਪ ਵਿਚ ਹੁੰਦਾ ਹੈ।

3. ਕਾਫ਼ੀ ਸਮਾਂ ਬੀਤ ਜਾਣ ਦੇ ਬਾਅਦ ਬੀ ਦੀਆਂ ਟਹਿਣੀਆਂ ਵੱਡੀਆਂ ਹੋ ਗਈਆਂ ਹਨ ਅਤੇ ਇਹ *ਸੰਪੂਰਣ ਅਤੇ ਪਰਪੱਕ ਹੋਣ ਵੱਲ* ਨੂੰ ਵਧ ਰਿਹਾ ਹੈ। ਵਾਢੀ ਦਾ ਸਮਾਂ ਨੇੜੇ ਆ ਰਿਹਾ ਹੈ। ਦ੍ਰਿਸ਼ਟਾਂਤ ਕਹਿੰਦਾ ਹੈ, ''ਅਰ ਜਾਂ ਫਲ ਪੱਕੇ ਤਾਂ ਉਹ ਝੱਟ ਦਾਤੀ ਲਾਉਂਦਾ ਹੈ ਕਿਉਂ ਜੋ ਵਾਢੀ ਦਾ ਵੇਲਾ ਆ ਗਿਆ'' (4:29)। ਬੀ ਉਦੋਂ ਤਕ ਡੰਡੀ ਵਾਂਗ ਵਧਦਾ ਰਹਿੰਦਾ ਹੈ ਜਦੋਂ ਤਕ ਪੂਰੀ ਫ਼ਸਲ ਅਨਾਜ ਦੇਣ ਲਈ ਤਿਆਰ ਨਹੀਂ ਹੋ ਜਾਂਦੀ। ਫ਼ਸਲ ਦੀ ਵਾਢੀ ਤਦੇ ਹੋ ਸਕਦੀ ਹੈ ਜਦੋਂ ਅਨਾਜ ਦੇ ਸਿੱਟੇ ਪਕ ਚੁੱਕੇ ਹੋਣ।

ਬੀ ਭੁੱਲੇ ਲਈ ਭੋਜਨ ਮੁਹੱਈਆ ਕਰਵਾ ਕੇ ਅਤੇ ਹੋਰ ਸਮਿਆਂ ਲਈ ਬੀਜਣ ਲਈ ਹੋਰ ਬੀ ਵਧਾ ਕੇ ਆਪਣਾ ਕੰਮ ਪੂਰਾ ਕਰਦੇ ਹਨ। ਖ਼ੁਦਾ ਕੁਝ ਵੀ ਜਾਂ ਕਿਸੇ ਨੂੰ ਵੀ ਇਕੱਲੇ ਰਹਿਣ ਲਈ ਨਹੀਂ ਬਣਾਉਂਦਾ। ਉਸ ਨੇ ਸੇਬ ਵਿਚ ਐਨਾ ਕੁ ਬੀ ਪਾ ਦਿੱਤਾ ਹੈ ਕਿ ਉਹ ਆਪਣੇ ਤੋਂ ਕਈ ਗੁਣਾਂ ਵੱਧ ਉਪਜਾ ਸਕਦਾ ਹੈ। ਸੇਬ ਬੀ ਪੈਦਾ ਕਰਨ ਲਈ ਰਹਿੰਦਾ ਹੈ ਜਿਹੜਾ ਸੇਬ ਦੇ ਦਰੱਖਤ ਬਣ ਕੇ ਜ਼ਿੰਦਗੀ ਲਈ ਪੋਸ਼ਣ ਦੇ ਸਕਣ।

ਇਸੇ ਤਰ੍ਹਾਂ ਨਾਲ ਆਪਣੇ ਹਰ ਚੇਲੇ ਲਈ ਯਿਸੂ ਦੀ ਇੱਛਾ ਇਹੀ ਹੈ ਕਿ ਉਹ ਫਲ ਦੇਣ ਵਾਲੇ ਚੇਲੇ ਵਿਚ ਬਦਲੇ। ਉਸ ਨੇ ਦੱਸਿਆ ''ਹਰੇਕ ਟਹਿਣੀ ਜਿਹੜੀ ਮੇਰੇ ਵਿਚ ਹੈ ਅਰ ਫਲ ਨਹੀਂ ਦਿੰਦੀ ਉਹ ਉਸ ਨੂੰ ਲਾਹ ਸੁੱਟਦਾ ਹੈ ਅਤੇ ਹਰੇਕ ਜੋ ਫਲ ਦਿੰਦੀ ਹੈ ਉਹ ਉਸ ਨੂੰ ਛਾਂਗਦਾ ਹੈ ਤਾਂ ਜੋ ਹੋਰ ਵੀ ਫਲ ਦੇਵੇ'' (ਯੂਹੰਨਾ 15:2)। ਪਵਿੱਤਰ ਆਤਮਾ ਆਮ ਮਸੀਹ ਦੇ ਅੰਦਰ ਵਾਸ ਕਰਦਾ ਹੈ ਅਤੇ ਸਮਾਂ ਬੀਤਣ ਤੇ ਆਤਮਾ ਉਹਦੇ ਅੰਦਰ ਆਤਮਾ ਦਾ ਫਲ ਤਿਆਰ ਕਰਦਾ ਹੈ: ''ਪ੍ਰੇਮ, ਅਨੰਦ,

ਸ਼ਾਂਤੀ, ਧੀਰਜ, ਦਿਆਲਗੀ, ਭਲਿਆਈ, ਵਫ਼ਾਦਾਰੀ, ਨਰਮਾਈ, ਸੰਜਮ। ਇਹੋ ਜੇਹੀਆਂ ਗੱਲਾਂ ਦੇ ਵਿਰੁੱਧ ਕੋਈ ਸ਼ਰ੍ਹਾ ਨਹੀਂ ਹੈ'' (ਗਲਾਤੀਆਂ 5:22, 23)।

4. ਆਖ਼ਰੀ ਗੱਲ ਜਿਹੜੀ ਕਹੀ ਜਾਣੀ ਜ਼ਰੂਰੀ ਹੈ ਉਹ ਦ੍ਰਿਸ਼ਟਾਂਤ ਦਾ ਸਭ ਤੋਂ ਜ਼ਰੂਰੀ ਨਿਯਮ ਹੈ। ਦ੍ਰਿਸ਼ਟਾਂਤ ਇਕ *ਪਰਮੇਸ਼ੁਰ, ਪਰਮੇਸ਼ੁਰ ਵੱਲੋਂ ਦਿੱਤੇ ਵਾਧੇ* ਨੂੰ ਵਿਖਾਉਂਦਾ ਹੈ। ਜੇ ਖ਼ੁਦਾ ਦਾ ਕਿਰਪਾ ਭਰਿਆ ਹੱਥ ਨਾ ਰਿਹਾ ਹੁੰਦਾ ਤਾਂ ਬੀ ਨੇ ਵਧ ਨਹੀਂ ਸਕਣਾ ਸੀ।

ਬੀਜਣ ਵਾਲੇ ਦੀ ਮਦਦ ਤੋਂ ਬਗੈਰ ਬੀ ਫੁੱਟ ਕੇ ਉੱਗ ਜਾਂਦਾ ਹੈ ਅਤੇ ਉਹਦੀ ਜਾਣਕਾਰੀ ਤੋਂ ਬਿਲਕੁਲ ਪਰੇ ਵਧਦਾ ਹੈ। ਬੀ ਵਿਚ ਆਪਣੇ ਆਪ ਵਿਚ ਖ਼ੁਦਾ ਵੱਲੋਂ ਦਿੱਤੀ ਗਈ ਊਰਜਾ ਹੈ ਭਾਵ ਉਹਦੇ ਆਪਣੇ ਅੰਦਰ ਜਾਨ ਅਤੇ ਤਾਣ ਹੈ, ਤਾਂ ਜੋ ਉਹ ਵਧ ਸਕੇ। ਸਾਡੇ ਲਈ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਬੀ ਦੇ ਅੰਦਰ ਖ਼ੁਦਾ ਵੱਲੋਂ ਦਿੱਤੀ ਗਈ ਜ਼ਿੰਦਗੀ ਦੀ ਚੰਗਿਆੜੀ ਹੈ।

ਇਕ ਸਮਾਂ ਆਉਂਦਾ ਹੈ ਜਦ ਬੀਜਣ ਵਾਲੇ ਦੀ ਜ਼ਿੰਮੇਵਾਰੀ ਮੁੱਕ ਜਾਂਦੀ ਹੈ। ਫ਼ਸਲ ਦੇਣ ਦਾ ਜ਼ਿੰਮਾ ਉਸ ਨੂੰ ਖ਼ੁਦਾ ਅਤੇ ਬੀ ਉੱਤੇ ਛੱਡ ਦੇਣਾ ਜ਼ਰੂਰ ਹੁੰਦਾ ਹੈ। ਯਹੂਦੀ ਲੋਕ ਕੁਦਰਤ ਦੀ ਦੁਨੀਆਂ ਨੂੰ ਉਵੇਂ ਨਹੀਂ ਦੱਸਦੇ ਸਨ ਜਿਵੇਂ ਅਸੀਂ ਦੱਸਦੇ ਹਾਂ। ਉਹ ਇਸ ਦੁਨੀਆਂ ਵਿਚ ਹੋਣ ਵਾਲੇ ਸਾਡੇ ਆਲੇ ਦੁਆਲੇ ਦੇ ਸਭ ਨਿਯਮਾਂ ਨੂੰ ਖ਼ੁਦਾ ਦਾ ਕੰਮ ਦੱਸਦੇ ਹਨ। ਉਨ੍ਹਾਂ ਦੇ ਮੁਤਾਬਿਕ ਬਾਰਿਸ਼ ''ਕੁਦਰਤ'' ਦੇ ਕਾਰਣ ਨਹੀਂ ਬਲਕਿ ਖ਼ੁਦਾ ਦੇ ਕਾਰਣ ਹੁੰਦੀ ਹੈ। ਬੀ ਨੂੰ ਈਮਾਨਦਾਰੀ ਨਾਲ ਬੀ ਦੇਣ ਤੋਂ ਬਾਅਦ ਕਿਸਾਨ ਲਈ ਜ਼ਿੰਦਗੀ ਦੀ ਉਸ ਊਰਜਾ ਭਾਵ ਖ਼ੁਦਾ ਵੱਲੋਂ ਦਿੱਤੀ ਗਈ ਗੱਲ ਜਿਹੜੀ ਉਹਦੇ ਅੰਦਰ ਹੈ ਤੇ ਵਿਸ਼ਵਾਸ ਰੱਖਣਾ ਜ਼ਰੂਰੀ ਹੈ। ਭਾਵ ਬੀ ਨੂੰ ਉਹ ਸਮਾਂ ਦਿੱਤਾ ਜਾਣਾ ਲਾਜ਼ਮੀ ਹੈ ਜਿਹੜਾ ਇਹਦੇ ਵਾਧੇ ਲਈ ਚਾਹੀਦਾ ਹੈ। ਖ਼ੁਦਾ ਨੂੰ ਉਹ ਸਮਾਂ ਦਿੱਤਾ ਜਾਣਾ ਲਾਜ਼ਮੀ ਹੈ ਜਿਹੜਾ ਉਸ ਨੇ ਉਸ ਬੀ ਦੇ ਵਧਣ ਲਈ ਠਹਿਰਾਇਆ ਹੋਇਆ ਹੈ। ਬੀ ਹੌਲੀ ਹੌਲੀ ਵਧੇਗਾ, ਪਰ ਵਧੇਗਾ ਜ਼ਰੂਰ। ਅੰਗੂਰੀ ਬੂਟਾ ਬਣਦੀ ਹੈ ਅਤੇ ਬੂਟਾ ਵੱਡਾ ਹੁੰਦਾ ਹੈ ਮੌਸਮ ਦੀ ਮਾਰ ਝੱਲ ਝੱਲ ਕੇ ਉਹ ਦਰੱਖਤ ਬਣ ਜਾਂਦਾ ਹੈ।

*ਨਿਚੋੜ:* ਜ਼ਿੰਦਗੀ ਦੀਆਂ ਸਭ ਤੋਂ ਮੁਸ਼ਕਿਲ ਚੁਣੌਤੀਆਂ ਵਿੱਚੋਂ ਇਕ ਖ਼ੁਦਾ ਵੱਲ ਵੇਖਣਾ ਹੈ, ਪਰ ਇਸ ਦ੍ਰਿਸ਼ਟਾਂਤ ਵਿਚ ਅਸੀਂ ਵੇਖਿਆ ਕਿ ਖ਼ੁਦਾ ਦੀ ਰਾਹ ਤੱਕਣਾ ਜ਼ਿੰਦਗੀ ਲਈ ਸਾਰਥਕ ਹੈ। ਬੀ ਡੰਡੀ ਬਣਦਾ ਹੈ; ਪਰ ਇਸ ਨੂੰ ਰੁਕਣਾ ਜ਼ਰੂਰੀ ਹੈ, ਕਿਉਂ ਜੋ ਡੰਡੀ ਰਾਤੋ ਰਾਤ ਵੱਡੀ ਨਹੀਂ ਹੁੰਦੀ। ਮੁੰਡਾ ਬੰਦਾ ਬਣਦਾ ਚਾਹੁੰਦਾ ਹੈ; ਪਰ ਉਸ ਨੂੰ ਰੁਕਣਾ ਪਵੇਗਾ ਕਿਉਂ ਜੋ ਮੁੰਡੇ ਦੇ ਆਦਮੀ ਬਣਨ ਵਿਚ ਕਈ ਸਾਲ ਲਗ ਜਾਂਦੇ ਹਨ।

ਉਸ ਕਿਤਾਬ ਦੇ ਅਖ਼ੀਰ ਵਿਚ ਜਿਹੜੀ ਅੱਯੂਬ ਦੇ ਨਾਂਅ ਤੇ ਹੈ, ਖ਼ੁਦਾ ਨੇ ਉਸ ਨੂੰ ਦੱਸਿਆ ਕਿ ਉਹ ਉਸ ਨੂੰ ਦੱਸ ਸਕਦਾ ਹੈ ਕਿ ਧਰਮੀ ਉੱਤੇ ਦੁੱਖ ਕਿਉਂ ਆਉਂਦਾ ਹੈ; ਪਰ ਜੇ ਓਹ ਦੱਸ ਦਿੰਦਾ ਤਾਂ ਅੱਯੂਬ ਨੂੰ ਸਮਝ ਨਹੀਂ ਆਉਂਦਾ ਸੀ ਕਿ ਉਹ ਕੀ ਕਹਿ ਰਿਹਾ ਹੈ। ਜੇ ਖ਼ੁਦਾ ਨੇ ਉਸ ਨੂੰ ਸੰਕੇਤ ਦਿੱਤਾ ਜੇ ਉਹ ਉਸ ਨੂੰ ਦੱਸ ਦਿੰਦਾ ਤਾਂ ਅੱਯੂਬ ਨੂੰ ਉਹਦਾ ਜਵਾਬ ਸਮਝ ਵਿਚ ਨਹੀਂ ਆਉਣਾ ਸੀ। ਜ਼ਿੰਦਗੀ ਐਨੀ ਪੇਚੀਦਾ ਹੈ। ਅੱਯੂਬ ਨੂੰ ਦੱਸਿਆ ਗਿਆ ਕਿ ਖ਼ੁਦਾ ਵਿਚ ਭਰੋਸਾ ਰੱਖ, ਖ਼ੁਦਾ ਦੀ ਉਡੀਕ ਕਰ ਅਤੇ ਜ਼ਿੰਦਗੀ ਦੇ ਨਿਯਮਾਂ ਨੂੰ ਆਪਣੇ ਹਾਲਾਤ ਦੇ ਮੁਤਾਬਿਕ ਢਾਲ। ਅੱਯੂਬ ਦੀ ਕਿਤਾਬ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਧਰਮੀ ਵਿਅਕਤੀ ਨੂੰ ਸਬਕ ਮਿਲ ਗਿਆ ਅਤੇ ਉਸ ਨੇ ਉਹੀ ਕੀਤਾ ਜੋ ਉਸ ਨੂੰ ਖ਼ੁਦਾ ਨੇ ਕਰਨ ਲਈ ਕਿਹਾ।

ਬੀ ਦੇ ਵਧਣ ਦੇ ਯਿਸੂ ਦੇ ਦ੍ਰਿਸ਼ਟਾਂਤ ਵਿਚ ਜ਼ਬਰਦਸਤ ਸਬਕ ਹਨ। ਇਸ ਤੋਂ ਸਾਨੂੰ ਯਾਦ ਆਉਂਦਾ ਹੈ ਕਿ ਮਸੀਹੀ ਪਰਿਪੱਕਤਾ ਵਿਚ ਵਧਣ ਦੀ ਪ੍ਰਕਿਰਿਆ ਬੀ ਦੇ ਵਧਣ ਵਰਗੀ ਹੈ। ਭਾਵ ਇਹ ਚੁੱਪ ਕੀਤੇ ਅਤੇ ਬੜੀ ਬਰੀਕੀ ਨਾਲ, ਲਗਾਤਾਰ ਅਤੇ ਨਿਯਮਿਤ ਰੂਪ ਵਿਚ ਸੰਪੂਰਣਤਾ ਅਤੇ ਸਿੱਧਤਾ ਵੱਲ ਵਧਦੀ ਰਹੇਗੀ; ਅਤੇ ਇਹ ਵਾਧਾ ਜ਼ਿੰਦਗੀ ਦੀ ਉਸ ਚਿੰਗਾਰੀ ਨਾਲ ਹੁੰਦਾ ਰਹੇਗਾ ਜਿਹੜੀ ਪਵਿੱਤਰ ਆਤਮਾ ਨੇ ਸਾਡੇ ਅੰਦਰ ਪਾਈ ਹੈ। ਜੋ ਕੋਈ ਮਸੀਹੀ ਬਣ ਜਾਂਦਾ ਹੈ ਉਹ ਇਕੱਲਾ ਨਹੀਂ ਚੱਲਦਾ।

ਉਹ ਖ਼ੁਦਾ ਦੇ ਵਚਨ ਦੇ ਰਾਹੀਂ ਪਵਿੱਤਰ ਆਤਮਾ ਦੀ ਸਮਰੱਥਾ ਵਿਚ ਚੱਲਦਾ ਹੈ। ਉਹ ਨਵੀਂ ਜ਼ਿੰਦਗੀ ਵਿਚ ਆ ਜਾਂਦਾ ਹੈ; ਯਿਸੂ ਦੇ ਜੀ ਉੱਠਣ ਦੀ ਸਮਰੱਥਾ ਦੇ ਰਾਹੀਂ ''ਨਿਸ਼ਾਨੇ ਵੱਲ ਦੱਬੀ ਜਾਂਦਾ (ਹੈ) ਕਿ ਉਸ ਉੱਪਰਲੇ ਸੱਦੇ ਦਾ ਇਨਾਮ ਲਵੇ ਜੋ ਪਰਮੇਸ਼ੁਰ ਦੀ ਵੱਲੋਂ ਮਸੀਹ ਵਿਚ ਹੈ'' (ਫ਼ਿਲਿੱਪੀਆਂ 3:14)। ਜ਼ਿੰਦਗੀ ਦੀ ਕਹਾਣੀ ਅਤੇ ਮਸੀਹੀ ਦੀ ਕਹਾਣੀ ਨੂੰ ''ਬੀ,'' ''ਵਧਣਾ,'' ''ਪੱਕਣਾ'' ਅਤੇ ''ਵਾਢੀ'' ਦੇ ਇਨ੍ਹਾਂ ਚਾਰ ਸ਼ਬਦਾਂ ਨਾਲ ਸਮਝਾਇਆ ਜਾ ਸਕਦਾ ਹੈ।

### **ਸਭ ਤੋਂ ਛੋਟੇ ਤੋਂ ਸਭ ਤੋਂ ਵੱਡੇ ਤਕ** (4:30-32)

ਆਪਣੇ ਚੇਲਿਆਂ ਤੋਂ ਉਹ ਸਵਾਲ ਪੁੱਛ ਕੇ ਜਿਹੜਾ ਯਕੀਨਨ ਉਨ੍ਹਾਂ ਦੇ ਮਨਾਂ ਵਿਚ ਹੋਵੇਗਾ, ਸਾਡੇ ਪ੍ਰਭੂ ਨੇ ਉਨ੍ਹਾਂ ਦਾ ਧਿਆਨ ਖਿੱਚਿਆ ਹੋਵੇਗਾ। ਉਹ ਉਨ੍ਹਾਂ ਤੋਂ ਪੁੱਛ ਰਿਹਾ ਸੀ, ''ਅਸੀਂ ਪਰਮੇਸ਼ੁਰ ਦੇ ਰਾਜ ਨੂੰ ਕਿਵੇਂ ਵਿਖਾਈਏ, ਜਾਂ ਇਸ ਨੂੰ ਵਿਖਾਉਣ ਲਈ ਕਿਹੜਾ ਦ੍ਰਿਸ਼ਟਾਂਤ ਦਈਏ?'' ਉਨ੍ਹਾਂ ਨੇ ਉਸ ਨੂੰ ਰਾਜ ਦੀ ਗੱਲ ਕਰਦਿਆਂ ਸੁਣਿਆ ਅਤੇ ਉਨ੍ਹਾਂ ਨੂੰ ਪਤਾ ਸੀ ਕਿ ਉਹਦੇ ਲਈ ਇਹ ਮਹੱਤਵਪੂਰਣ ਸੀ। ਹੁਣ ਉਹ ਉਨ੍ਹਾਂ ਨੂੰ ਇਸ ਨੂੰ ਹੋਰ ਚੰਗੀ ਤਰ੍ਹਾਂ ਨਾਲ ਸਮਝਾਉਣਾ ਚਾਹੁੰਦਾ ਸੀ। ਢੁਕਵੇਂ ਰੂਪਕਾਂ ਅਤੇ ਵੇਰਵਿਆਂ ਦੀ ਵਰਤੋਂ ਕਰਦੇ ਹੋਏ ਉਸ ਨੇ ਉਨ੍ਹਾਂ ਨੂੰ ਇਸ ਦੀ ਕਲਪਨਾ ਕਰਨ ਵਿਚ ਮਦਦ ਕਰਨੀ ਚਾਹੀ। ਇਸ ਗੱਲ ਨੂੰ ਸਮਝਦੇ ਹੋਏ ਕਿ ''ਦ੍ਰਿਸ਼ਟਾਂਤ'' ਦੇ ਰੂਪ ਵਿਚ ਉਹ ਕੀ ਕਹਿਣ ਵਾਲਾ ਸੀ, ਉਹ ਇਕ ਸਪੱਸ਼ਟ ਤੁਲਨਾ ਕਰਨ ਲੱਗਾ ਜਿਸ ਨਾਲ ਆਉਣ ਵਾਲੇ ਰਾਜ ਦੀ ਮੁੱਖ ਗੱਲ ਉਨ੍ਹਾਂ ਦੇ ਦਿਮਾਗ ਵਿਚ ਚਲੀ ਜਾਣੀ ਸੀ।

ਇਹ ਚੇਲੇ ਹੈਰਾਨ ਹੋ ਗਏ ਹੋਣਗੇ ਜਦ ਉਨ੍ਹਾਂ ਦੇ ਮਾਲਕ ਅਤੇ ਪ੍ਰਭੂ ਨੇ ਆਖਿਆ, ''ਉਹ ਇਕ ਰਾਈ ਦੇ ਦਾਣੇ ਵਰਗਾ ਹੈ।'' ਰਾਈ ਦਾ ਦਾਣਾ ਸਭ ਬੀਆਂ ਨਾਲੋਂ ਛੋਟਾ ਮੰਨਿਆ ਜਾਂਦਾ ਸੀ। ਰਾਜ ਨੂੰ ਕਾਲੀ ਮਿਰਚ ਦੇ ਦਾਣੇ ਦੇ ਅਕਾਰ ਨਾਲ ਕਿਵੇਂ ਮਿਲਾਇਆ ਜਾ ਸਕਦਾ ਸੀ? ਯਕੀਨਨ ਯਿਸੂ ਨੇ ਉਨ੍ਹਾਂ ਦਾ ਧਿਆਨ ਖਿੱਚਿਆ ਸੀ। ਇਸ ਰੂਪਕ ਨਾਲ ਉਸ ਨੇ ਸਾਡਾ ਵੀ ਧਿਆਨ ਖਿੱਚਿਆ ਹੈ, ਹੈ ਨਾ?

ਹਰ ਦ੍ਰਿਸ਼ਟਾਂਤ ਵਿਚ ਸਿਰਫ਼ ਇੱਕੋ ਸਬਕ ਹੈ ਜਿਹੜਾ ਉਹ ਦੇਣਾ ਚਾਹੁੰਦਾ ਸੀ, ਭਾਵੇਂ ਉਨ੍ਹਾਂ ਤੋਂ ਅਸਾਨੀ ਨਾਲ ਹੋਰ ਪੁਆਂਇਟ ਕੱਢੇ ਜਾ ਸਕਦੇ ਹਨ। ਇਸ ਦ੍ਰਿਸ਼ਟਾਂਤ ਵਿਚ ਯਕੀਨਨ, ਮੁੱਖ ਸਚਿਆਈ ਰਾਜ ਦੇ ਸ਼ੁਰੂ ਸ਼ੁਰੂ ਵਿਚ ਛੋਟਾ ਹੋਣ ਦੀ ਗੱਲ ਹੈ। ਸਾਡੇ ਪ੍ਰਭੂ ਦੀ ਸੇਵਕਾਈ ਤੋਂ ਬਹੁਤ ਪਹਿਲਾਂ, ਦਾਨੀਏਲ ਨੇ ਪੇਸ਼ਨਗੋਈ ਕੀਤੀ ਸੀ ਕਿ ਇਹ ਰਾਜ ਹਮੇਸ਼ਾ ਤਕ ਰਹਿਣਾ ਸੀ। ਉਸ ਨੇ ਇਕ ਰਾਜ ਦੀ ਗੱਲ ਕੀਤੀ ''ਜਿਹੜਾ ਸਦਾ ਤੀਕ ਨੇਸਤ ਨਾ ਹੋਵੇਗਾ''; ਅਤੇ ਉਸ ਨੇ ਆਖਿਆ, ''ਉਹਦੀ ਹੁਕਮਰਾਨੀ ਦੂਜੇ ਲੋਕਾਂ ਲਈ ਛੱਡੀ ਨਾ ਜਾਵੇਗੀ ਸਗੋਂ ਉਹ ਇਨ੍ਹਾਂ ਸਾਰੀਆਂ ਪਾਤਸ਼ਾਹੀਆਂ ਨੂੰ ਚੂਰ ਚੂਰ ਕਰ ਕੇ ਸੱਤਿਆ ਨਾਸ ਕਰੇਗਾ ਪਰ ਆਪ ਸਦਾ ਤਾਈਂ ਖੜਾ ਰਹੇਗਾ'' (ਦਾਨੀਏਲ 2:44)। ਪਰ ਇੱਥੇ ਯਿਸੂ ਨੇ ਆਪਣੇ ਚੇਲਿਆਂ ਸਾਹਮਣੇ ਇਸ ਦੇ ਸ਼ੁਰੂ ਵਿਚ ਛੋਟਾ ਹੋਣ ਦਾ ਇਸ਼ਾਰਾ ਕੀਤਾ। ਯਿਸੂ ਨੇ ਆਖਿਆ ਕਿ ਰਾਈ ਦਾ ਦਾਣਾ ''ਜਦ ਜ਼ਮੀਨ ਵਿਚ ਬੀਜਿਆ ਜਾਂਦਾ ਹੈ ਜ਼ਮੀਨ ਦੇ ਸਭਨਾਂ ਬੀਆਂ ਨਾਲੋਂ ਛੋਟਾ'' ਹੁੰਦਾ ਹੈ, ਜੋ ਕਿ ਉਸ ਦੇ ਆਉਣ ਵਾਲੇ ਰਾਜ ਵਰਗਾ ਸੀ। ਆਓ ਉਸ ਅਬਦੀ ਰਾਜ ਦੀ ਇਸ ਛੋਟੀ ਜਿਹੀ ਸ਼ੁਰੂਆਤ ਤੇ ਧਿਆਨ ਨਾਲ ਗੌਰ ਕਰੀਏ। ਯਿਸੂ ਨੇ ਇਹ ਦ੍ਰਿਸ਼ਟਾਂਤ ਦਲੇਰੀ ਦੇਣ ਲਈ ਦਿੱਤਾ, ਇਸ ਕਰਕੇ ਅਸੀਂ ਇਸ ਨੂੰ ''ਉਮੀਦ ਦਾ ਦ੍ਰਿਸ਼ਟਾਂਤ'' ਕਹਿ ਸਕਦੇ ਹਾਂ।

1. ਇਸ ਰਾਜ ਨੇ ਕਿਹਦੇ ਵਰਗਾ ਹੋਣਾ ਸੀ? ਇਕ ਖੂਬੀ ਇਹ ਹੈ ਕਿ ਇਸ ਨੇ *ਸ਼ੁਰੂ ਸ਼ੁਰੂ ਵਿਚ ਮਸ਼ਹੂਰੀ ਵਿਚ ਛੋਟਾ ਹੋਣਾ ਸੀ ਪਰ ਇਸ ਦੀ ਵਿਸ਼ਵਿਆਪੀ ਪ੍ਰਸਿੱਧੀ ਵਧ ਜਾਣੀ ਸੀ*। ਮਸੀਹਾ ਦੇ ਦੁਨਿਆਵੀ ਮਾਪੇ ਯੂਸੁਫ਼ ਅਤੇ ਮਰੀਅਮ ਛੋਟੇ ਜਿਹੇ ਪਿੰਡ ਵਿੱਚੋਂ ਸਨ। ਜੋਸੇਫ਼ਸ ਨੇ ਆਖਿਆ ਕਿ ਗਲੀਲ ਵਿਚ 240 ਪਿੰਡ ਸਨ,[45] ਪਰ ਉਸ ਨੇ ਨਾਸਰਤ ਦਾ ਜ਼ਿਕਰ ਨਹੀਂ ਕੀਤਾ। ਦੁਨੀਆਂ ਵਾਸਤੇ ਨਾਸਰਤ ਇਕ ਅਗਿਆਤ ਥਾਂ ਸੀ। ਦੁਨੀਆਂ ਦੇ ਮੰਚ ਤੇ ਯੂਸੁਫ਼ ਅਤੇ ਮਰੀਅਮ ਮਾਮੂਲੀ ਲੋਕ ਸਨ।

ਬੈਤਲਹਮ ਵਿਚ ਯਿਸੂ ਦੇ ਜਨਮ ਵੱਲ ਰੋਮੀ ਸਾਮਰਾਜ ਦੇ ਬਹੁਤੇ ਵੱਡੇ ਵੱਡੇ ਲੋਕਾਂ ਨੇ ਗੌਰ ਨਹੀਂ ਕੀਤਾ। ਯਿਸੂ ਦੀ ਦੇਖਭਾਲ ਇਕ ਅਜਿਹੇ ਜੋੜੇ ਨੇ ਕੀਤੀ ਜਿਸ ਦਾ ਸ਼ੁਰੂ ਵਿਚ ਕੋਈ ਅਸਲ ਘਰ ਨਹੀਂ ਸੀ। ਮਿਸਰ ਵੱਲ ਵਾਪਸ ਆਉਣ ਤੋਂ ਬਾਅਦ ਯੂਸੁਫ਼ ਅਤੇ ਮਰੀਅਮ ਨਾਸਰਤ ਵੱਲ ਚਲੇ ਗਏ ਜਿੱਥੇ ਧਰਤੀ ਉਤਲੀ ਆਪਣੀ ਸੇਵਕਾਈ ਦੇ ਸ਼ੁਰੂ ਹੋਣ ਤਕ ਯਿਸੂ ਗੁਮਨਾਮੀ ਵਿਚ ਰਿਹਾ।

ਰਾਈ ਦੇ ਦਾਣੇ ਦੀ ਗੱਲ ਕਰਦਿਆਂ ਯਿਸੂ ਚੇਲਿਆਂ ਨੂੰ ਕਹਿ ਰਿਹਾ ਸੀ, ''ਤੁਸੀਂ ਇਸ ਗੱਲ ਤੋਂ ਨਿਰਾਸ਼ ਨਾ ਹੋਵੋ। ਸ਼ੁਰੂ ਸ਼ੁਰੂ ਵਿਚ ਰਾਜ ਛੋਟਾ ਹੀ ਹੋਵੇਗਾ, ਪਰ ਇਹ ਤੇਜ਼ੀ ਨਾਲ ਵਧੇਗਾ ਅਤੇ ਇਕ ਦਿਨ ਪੂਰੀ ਦੁਨੀਆਂ ਨੂੰ ਪ੍ਰਭਾਵਿਤ ਕਰੇਗਾ।''

ਇਸਰਾਏਲੀਆਂ ਦੀ ਆਪਣੀ ਅਗਵਾਈ ਦੀ ਸ਼ੁਰੂਆਤ ਮੂਸਾ ਨੇ ਵੀ ਇਵੇਂ ਹੀ ਕੀਤੀ। ਖ਼ੁਦਾ ਵੱਲੋਂ ਉਸ ਨੂੰ ਬਲਦੀ ਹੋਈ ਝਾੜੀ ਵਿੱਚੋਂ ਨਬੀ ਬਣਨ ਲਈ ਸੱਦਿਆ ਜਾਣ ਵੇਲੇ ਉਹ ਸਿਰਫ਼ ਇਕ ਅਗਿਆਤ ਚਰਵਾਹਾ ਸੀ। ਪਰ ਖ਼ੁਦਾ ਨੇ ਉਸ ਨੂੰ ਗੁਲਾਮਾਂ ਦੀ ਫ਼ੌਜ ਵਿੱਚੋਂ ਇਕ ਕੌਮ ਬਣਾਉਣ ਲਈ ਤਿਆਰ ਕੀਤਾ, ਠਹਿਰਾਇਆ, ਉਸ ਨੂੰ ਸ਼ਕਤੀ ਦਿੱਤੀ ਅਤੇ ਉਸ ਨੂੰ ਮਿਸ਼ਰ ਵਿਚ ਘੱਲਿਆ। ਜਦ ਉਹ ਮਿਸਰ ਵਿੱਚੋਂ ਨਿੱਕਲੇ ਤਾਂ ਉਸ ਵੇਲੇ ਉਹ 25,00,000 ਤਾਕਤਵਰ ਲੋਕ ਸਨ।

ਅਜਿਹਾ ਲਗਦਾ ਹੈ ਕਿ ਖ਼ੁਦਾ ਅਗਿਆਤ ਲੋਕਾਂ ਨੂੰ ਲੈ ਕੇ ਉਨ੍ਹਾਂ ਨੂੰ ਨਾਮੀ ਹਸਤੀਆਂ ਵਿਚ ਬਦਲਣ ਦਾ ਆਦਿ ਹੈ ਜਿਹੜੇ ਉਸ ਦੇ ਲੋਕਾਂ ਨੂੰ ਬਦਲਣ ਵਾਲੀਆਂ ਲਹਿਰਾਂ ਵਿਚ ਲਿਜਾ ਸਕੇ। ਉਹ ਉਨ੍ਹਾਂ ਨੂੰ ਇਬਰਾਨੀਆਂ 11 ਵਿਚ ਦੱਸੇ ਗਏ ਨਿਹਚਾਵਾਨਾਂ ਵਿਚ ਲਿਆ ਕੇ, ਉਨ੍ਹਾਂ ਦੇ ਰਾਹੀਂ ਨਿਹਚਾ ਅਤੇ ਫ਼ਤਹਿ ਦੀ ਨਵੀਂ ਲੀਹ ਬਣਾ ਲੈਂਦਾ ਹੈ।

2. ਇਹ ਕਿਹੋ ਜਿਹਾ ਰਾਜ ਹੋਣਾ ਸੀ? ਇਸ ਨੇ *ਸ਼ੁਰੂ ਸ਼ੁਰੂ ਵਿਚ ਗਿਣਤੀ ਵਿਚ ਛੋਟਾ ਹੋਣਾ ਸੀ, ਪਰ ਛੇਤੀ ਹੀ ਇਹ ਇਕ ਵਿਸ਼ਵਵਿਆਪੀ ਪਰਿਵਾਰ ਬਣ ਜਾਣਾ ਸੀ*। ਯੂਹੰਨਾ ਬਪਤਿਸਮਾ ਦੇਣ ਵਾਲਾ ਯਿਸੂ ਦਾ ਸਿਰਫ਼ ਇਕ ਮੁਨਾਦ ਸੀ। ਆਪਣੇ ਪ੍ਰਚਾਰ ਦੇ ਰਾਹੀਂ ਮਸੀਹ ਲਈ ਰਾਹ ਤਿਆਰ ਕਰਦਿਆਂ ਉਸ ਦੀ ਸੇਵਕਾਈ ਸ਼ਾਇਦ ਸਾਲ–ਕੁ ਦੀ ਸੀ ਉਹ ਇਹ ਪ੍ਰਚਾਰ ਕਰ ਰਿਹਾ ਸੀ, ''ਤਿਆਰ ਹੋ ਜਾਓ, ਕਿਉਂ ਜੋ ਮਸੀਹਾ ਆ ਰਿਹਾ ਹੈ!''

ਯਿਸੂ ਨੇ ਆਪਣੀ ਸੇਵਕਾਈ ਫ਼ਲਸਤੀਨ ਦੇ ਛੋਟੇ ਜਿਹੇ ਰਾਜ ਵਿਚ ਕੀਤੀ। ਦੁਨੀਆਂ ਦੇ ਨਜ਼ਰੀਏ ਤੋਂ ਉਹਦੇ ਪੈਰੋਕਾਰ ਬਹੁਤ ਘੱਟ ਸਨ। ਭਾਵੇਂ ਭੀੜ ਉਹਦੇ ਆਲੇ ਦੁਆਲੇ ਰਹਿੰਦੀ ਸੀ ਪਰ ਉਹਦੇ ਪ੍ਰਚਾਰ ਨਾਲ ਕਈ ਵਾਰ ਉਹ ਭੱਜ ਜਾਂਦੇ ਸਨ (ਵੇਖੋ ਯੂਹੰਨਾ 6:66)। ਉਹਨੇ ਆਪਣੇ ਸਿਖਾਂਦਰੂ ਬਣਨ ਲਈ ਬਾਰਾਂ ਪੁਰਖਾਂ ਨੂੰ ਚੁਣਿਆ ਅਤੇ ਉਨ੍ਹਾਂ ਦਾ ਉਸਤਾਦ ਹੋਣ ਅਤੇ ਉਨ੍ਹਾਂ ਨੂੰ ਸਿਖਾਉਣ ਦਾ ਬੀੜਾ ਚੁੱਕਿਆ ਤਾਂ ਜੋ ਉਹ ਉਸ ਦੇ ਰਾਜ ਦੀਆਂ ਉਸ ਦੀਆਂ ਯੋਜਨਾਵਾਂ ਵਿਚ ਸ਼ਾਮਿਲ ਹੋ ਸਕਣ।

ਅਸੀਂ ਛੋਟੀਆਂ ਛੋਟੀਆਂ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੀਏ। ਜਦ ਗਿਦਾਊਨ ਨੂੰ ਖ਼ੁਦਾ ਦੇ ਲੋਕਾਂ ਨੇ ਛੁਆਉਣ ਲਈ ਸੱਦਿਆ ਗਿਆ ਤਾਂ ਉਸ ਨੇ ਇਸ ਸੱਦੇ ਨੂੰ ਸ਼ੱਕ ਅਤੇ ਬੇਪਰਤੀਤੀ ਨਾਲ ਵੇਖਿਆ। ਚੁਣੌਤੀ ਕਬੂਲ ਕਰਨ ਤੋਂ ਬਾਅਦ ਉਹਨੇ 32,000 ਪੁਰਖਾਂ ਨੂੰ ਭਰਤੀ ਕਰ ਲਿਆ; ਪਰ ਖ਼ੁਦਾ ਨੇ ਆਖਿਆ, ''ਇਹ ਬਹੁਤ ਜ਼ਿਆਦਾ ਹੈ।'' ਉਸ ਦੀ ਫ਼ੌਜ ਨੂੰ ਘੱਟ ਕਰਕੇ 10,000 ਤਕ ਅਤੇ ਫਿਰ ਇਸ ਨਾਲੋਂ ਵੀ ਘੱਟ ਕਰਕੇ 300 ਸਿਪਾਹੀਆਂ ਤਕ ਲਿਆਂਦਾ ਗਿਆ (ਨਿਆਈਆਂ 7:2–8)। ਪਰ ਖ਼ੁਦਾ ਨੇ ਵਫ਼ਾਦਾਰ ਲੋਕਾਂ ਦੀ ਇਸ ਛੋਟੀ ਜਿਹੀ ਟੁਕੜੀ ਨੂੰ ਸ਼ਾਨਦਾਰ ਜਿੱਤ ਦੁਆਈ।

ਖ਼ੁਦਾ ਦਾ ਤਰੀਕਾ ਇਹੀ ਰਹਿੰਦਾ ਹੈ। ਯਿਸੂ ਨੇ ਆਪਣੇ ਨਾਲ ਪ੍ਰਚਾਰ ਕਰਨ ਲਈ ਬਾਰਾਂ ਪੁਰਖਾਂ ਨੂੰ ਚੁਣਿਆ। ਇਸ ਛੋਟੀ ਜਿਹੀ ਸ਼ੁਰੂਆਤ ਨਾਲ ਉਸ ਨੇ ਰਾਜ ਦੇ ਆਉਣ ਦੀ ਤਿਆਰੀ ਕੀਤੀ। ਰਾਈ ਦੇ ਬੀ ਦੇ ਰੂਪਕ ਦੀ ਵਰਤੋਂ ਕਰਦਿਆਂ ਯਿਸੂ ਨੇ ਕਿਹਾ ਕਿ ਉਸ ਦਾ ਰਾਜ ਵਧ ਕੇ ਦੁਨੀਆਂ ਦੇ ਸਭ ਤੋਂ ਵੱਡੇ ਅੰਦੋਲਨਾਂ ਵਿੱਚੋਂ ਇਕ ਬਣ ਜਾਣਾ ਸੀ (4:32)।

3. ਸ਼ੁਰੂ ਸ਼ੁਰੂ ਵਿਚ, ਇਹ ਰਾਜ *ਆਪਣੇ ਦੁਨਿਆਵੀ ਅਰਥ ਵਿਚ ਛੋਟਾ* ਹੋਣਾ ਸੀ, ਪਰ *ਇਸ*

*ਨੇ ਸਦੀਪਕ ਅਤੇ ਸੁਰਗੀ ਰਾਜ ਬਣ ਜਾਣਾ ਸੀ*। ਇਸ ਦੀ ਸ਼ੁਰੂਆਤ ਵਿਚ ਇਸ ਵਿਚ ਫ਼ੌਜ, ਅਸਲ੍ਹਾ, ਜਾਂ ਖ਼ਜ਼ਾਨਾ ਨਹੀਂ ਸੀ। ਸਿਰਫ਼ ਇਕ ਆਦਮੀ (ਮਨੁੱਖ ਦਾ ਪੁੱਤਰ) ਚੱਲਦੇ ਚੱਲਦੇ ਰਾਜ ਦੇ ਨਿਯਮ ਦੱਸਦੇ ਲੋਕਾਂ ਵਿਚਕਾਰ ਰਹਿ ਰਿਹਾ ਸੀ। ਉਹਦੀ ਮੌਤ ਅਤੇ ਜੀ ਉੱਠਣ ਤੋਂ ਬਾਅਦ ਪੈਂਟੀਕਾਸਟ ਵਾਲੇ ਦਿਨ ਰਾਜ ਅਰੰਭ ਹੋਇਆ, ਜਦ ਤਿੰਨ ਹਜ਼ਾਰ ਜਣੇ ਇਸ ਵਿਚ ਆ ਗਏ (ਕਰਤੱਬ 2:41)। ਉਸ ਲਾਂਚਪੈਡ ਤੋਂ, ਸਦੀਆਂ ਤਕ ਇਹ ਜਿਵੇਂ ਕਿ ਅੱਜ ਹੈ, ਦੁਨੀਆਂ ਨੂੰ ਬਦਲਣ ਵਾਲਾ ਬਣ ਗਿਆ।

*ਨਿਚੋੜ:* ਭਲਾ ਮਸੀਹੀ ਲੋਕਾਂ ਨੂੰ ਕੋਈ ਉਮੀਦ ਹੈ? ਯਿਸੂ ਨੇ ਸਾਨੂੰ ਦੱਸਿਆ ਕਿ ਉਸ ਦੇ ਰਾਜ ਵਿਚ ਸਾਨੂੰ ਉਮੀਦ ਹੈ। ਇਸ ਦੀ ਸ਼ੁਰੂਆਤ ਬਹੁਤ ਛੋਟੀ ਸੀ, ਪਰ ਹੁਣ ਇਸ ਵਿਚ ਪਰਮੇਸ਼ੁਰ ਦੇ ਪ੍ਰੇਮ ਨਾਲ ਬਚਾਉਣ ਵਾਲੀ ਬਾਰਿਸ਼ ਦੀਆਂ ਕਣੀਆਂ ਨੇ ਸਾਰੀ ਧਰਤੀ ਨੂੰ ਢੱਕ ਲਿਆ ਹੈ। ਦਾਨੀਏਲ ਨੇ ਕਿਹਾ ਸੀ ਕਿ ਇਹ ਰਾਜ ਸੰਸਾਰ ਨੂੰ ਹਿਲਾ ਦਵੇਗਾ ਅਤੇ ਇਸ ਨੇ ਹਿਲਾ ਦਿੱਤਾ ਹੈ। ਇਹ ਦੁਨੀਆਂ ਨੂੰ ਹਿਲਾ ਦਿੰਦਾ ਹੈ, ਪਰ ਦੁਨੀਆਂ ਤੋਂ ਹਿੱਲਦਾ ਨਹੀਂ ਹੈ। ਇਬਰਾਨੀਆਂ 12:28 ਕਹਿੰਦਾ ਹੈ, ‘‘ਸੋ ਜਦੋਂ ਸਾਨੂੰ ਇਕ ਰਾਜ ਮਿਲਿਆ ਜਿਹੜਾ ਹਿਲਾਇਆ ਨਹੀਂ ਜਾਂਦਾ ਤਾਂ ਆਓ, ਅਸੀਂ ਧੰਨਵਾਦ ਕਰੀਏ ਜਿਸ ਕਰਕੇ ਅਸੀਂ ਭਗਤੀ ਅਤੇ ਭੈ ਨਾਲ ਪਰਮੇਸ਼ੁਰ ਦੀ ਉਹ ਉਪਾਸਨਾ ਕਰੀਏ ਜੋ ਉਹਦੇ ਮਨ ਭਾਵੇ, ...।’’

ਹਰ ਕੋਈ ਜਿਹੜਾ ਇਸ ਰਾਜ ਵਿਚ ਆਉਂਦਾ ਹੈ। ਸਚਿਆਈ ਅਤੇ ਪ੍ਰੇਮ ਦੇ ਸਦੀਪਕ ਰਾਜ ਦਾ ਹਿੱਸਾ ਬਣ ਜਾਂਦਾ ਹੈ। ਇਸ ਨਾਲੋਂ ਸੁਰੱਖਿਅਤ ਸ਼ੁੱਧ ਜਾਂ ਵਧੇਰੇ ਸਲਾਹੁਣ ਯੋਗ ਥਾਂ ਕੋਈ ਹੋਰ ਨਹੀਂ ਹੈ। ਇਸ ਰਾਜ ਦੀ ਸੁਨਹਿਰੀ ਚਾਰਦੀਵਾਰੀ ਵਿਚ ਲੋਕ ਅਤੇ ਪਰਿਵਾਰ ਅਰਾਮ ਪਾਉਂਦੇ ਹਨ। ਕਿਉਂ ਜੋ ਅਸਲ ਉਮੀਦ ਅਤੇ ਮੁਕਤੀ ਦਾ ਟਿਕਾਣਾ ਇਹੀ ਹੈ।

**ਸਿਖਾਉਣ ਦੀ ਯਿਸੂ ਦੀ ਸ਼ੈਲੀ** (4:33, 34)

ਮਰਕੁਸ ਦੇ ਆਤਮਾ ਦੀ ਅਗਵਾਈ ਨਾਲ ਯਿਸੂ ਵੱਲੋਂ ਦੱਸੇ ਗਏ ਤਿੰਨ ਦ੍ਰਿਸ਼ਟਾਂਤਾਂ ਨੂੰ ਇਕ ਇਕ ਕਰਕੇ ਦੱਸਣ ਤੋਂ ਬਾਅਦ ਉਹਨੇ ਯਿਸੂ ਵੱਲੋਂ ਵਰਤੀ ਗਈ ਸਿੱਖਿਆ ਦੀ ਸ਼ੈਲੀ ਨੂੰ ਸੰਖੇਪ ਵਿਚ ਦੱਸਣਾ ਚੁਣਿਆ। ਆਪਣੇ ਚੇਲੇ ਅਤੇ ਭੀੜ ਨਾਲ ਆਪਣਾ ਸੰਦੇਸ਼ ਸਾਂਝਾ ਕਰਨ ਦੇ ਯਿਸੂ ਦੇ ਢੰਗ ਦੇ ਇਸ ਵਿਰਤਾਂਤ ਦੇ ਅੰਦਰ ਸਿਖਾਉਣ ਦੇ ਉੱਤਮ ਰੂਪਾਂ ਦੇ ਨਮੂਨੇ ਦੀਆਂ ਖ਼ੂਬੀਆਂ ਮਿਲਦੀਆਂ ਹਨ। ਯਿਸੂ ਦੀ ਸਿਖਾਉਣ ਦੀ ਸ਼ੈਲੀ ਦੇ ਇਹ ਕੁਝ ਸ਼ਬਦ ਸਾਨੂੰ ਚੰਗੇ ਸਿਖਾਉਣ ਵਾਲਿਆਂ ਨੂੰ ਜਿਨ੍ਹਾਂ ਨੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਦੁਨੀਆਂ ਭਰ ਦੀਆਂ ਜਮਾਤਾਂ ਵਿਚ ਈਮਾਨਦਾਰੀ ਨਾਲ ਕੰਮ ਕੀਤਾ ਹੈ, ਯਾਦ ਕਰਨ ਦੀ ਚੁਣੌਤੀ ਦਿੰਦਾ ਹੈ।

ਗੁਰੂ ਨਾਲੋਂ ਵਧ ਕੇ ਲੋਕਾਂ ਉੱਤੇ ਸ਼ਾਇਦ ਕੋਈ ਹੋਰ ਪ੍ਰਭਾਵ ਨਹੀਂ ਪਾ ਸਕਦਾ। ਬਹੁਤ ਘੱਟ ਲੋਕ ਹੋਣਗੇ ਜਿਹੜੇ ਇਹ ਕਹਿ ਸਕਦੇ ਹੋਣ, ‘‘ਮੈਨੂੰ ਕਿਸੇ ਉਸਤਾਦ ਨੇ ਨਹੀਂ ਸਿਖਾਇਆ।’’ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਕਦੇ ਨਾ ਕਦੇ ਉਸਤਾਦ ਤੋਂ ਸਿੱਖੇ ਹਨ। ਦੁਨੀਆਂ ਭਰ ਵਿਚ ਲੋਕਾਂ ਨੂੰ ਭਲਿਆਈ ਜਾਂ ਬੁਰਿਆਈ ਵਿਚ ਗੁਰੂਆਂ ਦੇ ਸਮਰੱਥਾ ਨਾਲ ਭਰੇ ਸ਼ਬਦਾਂ ਦੇ ਰਾਹੀਂ ਅਕਾਰ ਦਿੱਤਾ ਜਾ ਰਿਹਾ ਹੈ।

ਮਰਕੁਸ 4:33, 34 ਦੀਆਂ ਗੱਲਾਂ ਦੇ ਅਧਾਰ ਤੇ, ਆਓ ਸਵਾਲ ਪੁੱਛੀਏ, ‘‘ਚੰਗਾ ਗੁਰੂ ਬਣਨ ਲਈ ਕੀ ਜ਼ਰੂਰੀ ਹੈ?’’ ਇਸ ਸਵਾਲ ਨੂੰ ਦੂਜੇ ਢੰਗ ਨਾਲ ਕਰੀਏ, ‘‘ਚੰਗਾ ਗੁਰੂ ਆਪਣੇ ਕੰਮ ਵਿਚ ਸਚਮੁਚ ਵਿਚ ਪ੍ਰਭਾਵਸ਼ਾਲੀ ਹੋਣ ਲਈ ਸਿਖਾਉਣ ਦਾ ਕੰਮ ਕਿਵੇਂ ਕਰਦਾ ਹੈ?’’ ਸਿਖਾਉਣ ਦੀਆਂ ਤਕਨੀਕਾਂ ਦੇ ਸਬੰਧ ਵਿਚ, ਯਿਸੂ ਦੇ ਸਿਖਾਉਣ ਦੀ ਸ਼ੈਲੀ ਨੂੰ ਵੇਖਣ ਅਤੇ ਨਮੂਨੇ ਦੇ ਰੂਪ ਵਿਚ ਇਸ ਨੂੰ ਵਰਤਣ ਨਾਲੋਂ ਵਧ ਕੇ ਕੋਈ ਹੋਰ ਟੀਚਾ ਨਹੀਂ ਹੋ ਸਕਦਾ। ਯਿਸੂ ਕਿਵੇਂ ਸਿਖਾਉਂਦਾ ਸੀ ਅਤੇ ਸਾਨੂੰ ਕਿਹੋ ਜਿਹੀ ਸਿੱਖਿਆ ਦੇਣ ਦੀ ਇੱਛਾ ਕਰਨੀ ਚਾਹੀਦੀ ਹੈ?

1. ਮਰਕੁਸ ਨੇ ਯਿਸੂ ਦੇ ਸਿਖਾਉਣ ਦੇ ਰੂਪ ਵਿਚ ਆਪਣੇ ਵੇਰਵੇ ਦਾ ਅਰੰਭ ਉਸ ਦੇ *ਤਰੀਕਿਆਂ* ਵੱਲ ਧਿਆਨ ਕੀਤਾ। ਮਰਕੁਸ ਨੇ ਆਖਿਆ ਕਿ ਉਹਦੇ ਸਿਖਾਉਣ ਦਾ ਤਰੀਕਾ ਦ੍ਰਿਸ਼ਟਾਂਤਾਂ ਦੀ ਵਰਤੋਂ

ਕਰਨ ਦਾ ਸੀ ਕਰਨ ਦਾ ਸੀ: ''ਉਹ ਇਹੋ ਜਿਹੇ ਬਹੁਤ ਦ੍ਰਿਸ਼ਟਾਂਤਾਂ ਵਿਚ ਉਨ੍ਹਾਂ ਨਾਲ ਬਚਨ ਕਰਦਾ ਸੀ'' (4:33)। ਬੇਸ਼ੱਕ ਹੋਰਨਾਂ ਸਮਿਆਂ ਵਿਚ ਯਿਸੂ ਨੇ ਰਾਜ ਬਾਰੇ ਦੱਸਦਿਆਂ ਆਪਣੇ ਸੁਣਨ ਵਾਲਿਆਂ ਨੂੰ ਇਕ ਤੋਂ ਇਕ ਦ੍ਰਿਸ਼ਟਾਂਤ ਦਿੱਤੇ। ਮਰਕੁਸ ਦੇ ਮੁਤਾਬਿਕ ਉਹ ਦ੍ਰਿਸ਼ਟਾਂਤ ਇਸ ਮੌਕੇ ਤੇ ਯਿਸੂ ਵੱਲੋਂ ਵਰਤੇ ਦ੍ਰਿਸ਼ਟਾਂਤਾਂ ਦੇ ਵਿਸ਼ੇ–ਵਸਤੂ ਅਤੇ ਰੂਪ ਵਰਗੇ ਸਨ। ਅਸਾਨ ਭਾਸ਼ਾ ਵਿਚ ਕਹੀਏ ਤਾਂ ਉਸ ਨੇ ਆਪਣੇ ਸਿਖਾਉਣ ਵਿਚ ਇਸ ਢੰਗ ਦੀ ਵਰਤੋਂ ਇਸ ਕਰਕੇ ਕੀਤੀ ਕਿਉਂ ਜੋ ਇਹ ਤਰੀਕਾ ਵਰਤੇ ਜਾਣ ਵਾਲੇ ਹੋਰਨਾਂ ਤਰੀਕਿਆਂ ਨਾਲੋਂ ਵਧੀਆ ਸੀ। ਉਸ ਤੋਂ ਪਹਿਲਾਂ ਪਰਮੇਸ਼ੁਰ ਇਹ ਤਰੀਕਾ ਵਰਤਦੇ ਸਨ ਅਤੇ ਉਸ ਨੇ ਇਹ ਦ੍ਰਿਸ਼ਟਾਂਤ (ਜਾਂ ਸਜੀਵ ਮਿਸਾਲ) ਨੂੰ ਦ੍ਰਿਸ਼ਟਾਂਤ ਦੇ ਆਪਣੇ ਢੰਗਾਂ ਦਾ ਜ਼ਰੂਰੀ ਹਿੱਸਾ ਬਣਾ ਲਿਆ।

ਦ੍ਰਿਸ਼ਟਾਂਤ ਵਿਚ ਦੱਸੇ ਜਾ ਰਹੇ ਵਿਚਾਰ ਨੂੰ ਨਿਰਾ ਸਪੱਸ਼ਟ ਹੀ ਨਹੀਂ ਕੀਤਾ ਜਾਂਦਾ ਬਲਕਿ ਇਸ ਵਿਚ ਮੁੱਖ ਵਿਚਾਰ ਨੂੰ ਯਾਦ ਰੱਖਣਾ ਵੀ ਅਸਾਨ ਬਣਾ ਦਿੱਤਾ ਜਾਂਦਾ ਹੈ। ਜਿਹੜੇ ਲੋਕ ਉਸ ਦੀਆਂ ਸਿੱਖਿਆਵਾਂ ਨਾਲ ਸਹਿਮਤ ਸਨ ਉਨ੍ਹਾਂ ਨੂੰ ਅਸਾਨੀ ਨਾਲ ਸਮਝ ਆ ਜਾਣਾ ਸੀ ਕਿ ਉਹ ਕੀ ਕਹਿ ਰਿਹਾ ਹੈ। ਪਰ ਜਿਹੜੇ ਉਹਦੇ ਵਿਰੋਧੀ ਸਨ ਉਨ੍ਹਾਂ ਨੂੰ ਸਮਝ ਨਹੀਂ ਆਉਣਾ ਸੀ। ਉਨ੍ਹਾਂ ਲਈ ਸੰਦੇਸ਼ ਲੁਕਿਆ ਹੋਇਆ ਸੀ; ਪਰ ਉਸ ਸਚਿਆਈ ਨੂੰ ਜਿਹੜੀ ਯਿਸੂ ਦੇ ਰਿਹਾ ਸੀ ਸਮਝਣ ਦੇ ਚਾਹਵਾਨ ਲੋਕਾਂ ਲਈ ਦ੍ਰਿਸ਼ਟਾਂਤ ਖੋਲ੍ਹ ਕੇ ਸਮਝਾਉਣਾ ਅਤੇ ਉਪਦੇਸ਼ ਭਰਿਆ ਹੋਣਾ ਸੀ। ਮਰਕੁਸ ਨੇ ਆਖਿਆ, ''ਅਰ ਬਿਨਾ ਦ੍ਰਿਸ਼ਟਾਂਤ ਉਹ ਉਨ੍ਹਾਂ ਨਾਲ ਨਹੀਂ ਸੀ ਬੋਲਦਾ ਪਰ ਨਿਰਾਲੇ ਵਿੱਚ ਉਹ ਆਪਣੇ ਹੀ ਚੇਲਿਆਂ ਨੂੰ ਸਭ ਕੁਝ ਖੋਲ੍ਹ ਕੇ ਦੱਸਦਾ ਸੀ'' (4:34)। ਯਿਸੂ ਆਪਣੀ ਪੂਰੀ ਸੇਵਕਾਈ ਦੌਰਾਨ ਇਸੇ ਢੰਗ ਦੀ ਵਰਤੋਂ ਕਰਦਾ ਰਿਹਾ। ਯਿਸੂ ਵੱਲੋਂ ਦ੍ਰਿਸ਼ਟਾਂਤਾਂ ਦੀ ਵਰਤੋਂ ਦੀ ਗੱਲ ਸੋਚੇ ਬਗੈਰ ਸਿਖਾਉਣ ਦੀ ਉਸ ਦੀ ਸ਼ੈਲੀ ਉੱਤੇ ਵਿਚਾਰ ਨਹੀਂ ਕੀਤਾ ਜਾ ਸਕਦਾ।

ਇਕ ਚੰਗਾ ਉਸਤਾਦ ਸਿੱਖਿਆ ਦਿੰਦਿਆਂ ਉਹਦੇ ਕੋਲ ਮੌਜੂਦ ਵਧੀਆ ਤੋਂ ਵਧੀਆ ਤਰੀਕਿਆਂ ਦੀ ਵਰਤੋਂ ਕਰਦਾ ਹੈ। ਉਹ ਦ੍ਰਿਸ਼ਟਾਂਤ, ਕਹਾਣੀ ਜਾਂ ਮਿਸਾਲ ਦੇ ਸਮਝਣ ਯੋਗ ਹੋਣ ਨੂੰ ਮੰਨਦਾ ਹੈ। ਆਮ ਤੌਰ ਤੇ ਇਕ ਚੰਗਾ ਉਸਤਾਦ, ਇਕ ਪ੍ਰਭਾਵਸ਼ਾਲੀ ਪ੍ਰਚਾਰਕ, ਜਾਂ ਮਨਭਾਉਣਾ ਗੁਰੂ ਆਪਣੀ ਪੇਸ਼ਕਸ਼ ਵਿਚ ਦ੍ਰਿਸ਼ਟਾਂਤਾਂ, ਕਹਾਣੀਆਂ ਜਾਂ ਉਦਾਹਰਣਾਂ ਨੂੰ ਸ਼ਾਮਿਲ ਕਰੇਗਾ। ਸੰਚਾਰ ਦੀ ਸਮਝ ਸਿਖਾਉਣ ਦੇ ਇਸ ਢੰਗ ਦੀ ਮੰਗ ਕਰਦੀ ਹੈ। ਉੱਤਮ ਗੁਰੂ ਦੀ ਸੇਵਕਾਈ ਇਸ ਦੀ ਸਚਿਆਈ ਦੀ ਤਸਦੀਕ ਕਰਦੀ ਹੈ।

2. ਯਿਸੂ ਉਨ੍ਹਾਂ ਨੂੰ ''ਬਚਨ'' ਦ੍ਰਿਸ਼ਟਾਂਤਾਂ ਵਿਚ ਦੱਸਦਾ ਸੀ, ''ਜਿਸ ਤਰ੍ਹਾਂ ਉਹ ਸੁਣ ਸਕਦੇ ਸਨ'' (4:33)। ਸਿਖਾਉਣ ਦੀ ਆਪਣੀ ਸ਼ੈਲੀ ਵਿਚ ਉਹ *ਦਯਾ* ਦੇ ਵੱਡੇ ਤੱਤ ਨੂੰ ਸ਼ਾਮਿਲ ਕਰਦਾ ਸੀ। ਸਾਫ਼ ਹੈ ਕਿ ਉਹ ਉਨ੍ਹਾਂ ਲੋਕਾਂ ਨਾਲ ਜਿਹੜੇ ਪਿੱਛੇ ਰਹਿ ਜਾਂਦੇ ਸਨ, ਇੱਜ਼ਤ ਅਤੇ ਸਮਝਦਾਰੀ ਵਿਖਾਉਂਦਾ ਸੀ। ਉਹ ਨਹੀਂ ਚਾਹੁੰਦਾ ਸੀ ਕਿ ਕੋਈ ਵੀ ਛੁੱਟ ਜਾਵੇ। ਉਹ ਸਮਝਣ ਵਿਚ ਢਿੱਲੇ ਸੁਣਨ ਵਾਲਿਆਂ ਨੂੰ ਨਜ਼ਰਅੰਦਾਜ਼ ਨਹੀਂ ਕਰਦਾ ਸੀ।

ਯਿਸੂ ਲੋਕਾਂ ਨੂੰ ਦ੍ਰਿਸ਼ਟਾਂਤ ਨਹੀਂ ਦਿੰਦਾ ਸੀ ਬਲਕਿ ਉਹ ਲੋਕਾਂ ਨੂੰ, ਖ਼ਾਸ ਕਰਕੇ ਆਪਣੇ ਚੇਲਿਆਂ ਨੂੰ ਦ੍ਰਿਸ਼ਟਾਂਤਾਂ ਦੀ ਵਰਤੋਂ ਕਰਕੇ ਸਮਝਾਉਂਦਾ ਸੀ। ਉਹਨੂੰ ਜਦ ਲਗਦਾ ਕਿ ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਤਾਂ ਉਹ ਹੋਰ ਸਮਝਾਉਣ ਜਾਂ ਹੋਰ ਸਵਾਲ ਪੁੱਛਣ ਲਈ ਹੌਲੀ ਹੋ ਜਾਂਦਾ ਸੀ। ਸਾਫ਼ ਹੈ ਕਿ ਇਹ ਵੇਖਣ ਲਈ ਕਿ ਉਹਦੇ ਵਿਦਿਆਰਥੀਆਂ ਦੇ ਉਹਦੀ ਗੱਲ ਸਮਝ ਆ ਰਹੀ ਹੈ, ਉਹ ਉਨ੍ਹਾਂ ਨੂੰ ਬੜੇ ਗੌਰ ਨਾਲ ਵੇਖਦਾ ਸੀ। ਜੇ ਉਹਨੂੰ ਲਗਦਾ ਕਿ ਉਨ੍ਹਾਂ ਨੂੰ ਸਮਝ ਵਿਚ ਨਹੀਂ ਆ ਰਿਹਾ ਸੀ ਤਾਂ ਉਹ ਲੋੜੀਂਦੇ ਫੇਰਬਦਲ ਕਰ ਦਿੰਦਾ ਸੀ ਜਿਸ ਨਾਲ ਉਹ ਆਪਣੀ ਗੱਲ ਨੂੰ ਹੋਰ ਪ੍ਰਭਾਵਸ਼ਾਲੀ ਤਰੀਕੇ ਨਾਲ ਉਨ੍ਹਾਂ ਤਕ ਪਹੁੰਚਾ ਸਕੇ।

ਇਕ ਉਸਤਾਦ ਲਈ ''ਵਿਦਿਆਰਥੀਆਂ ਉੱਤੇ ਕੇਂਦ੍ਰਿਤ'' ਹੋਣਾ ਜ਼ਰੂਰੀ ਹੈ। ਸਿੱਖਿਆ ਸਾਸ਼ਤਰੀਆਂ

ਲਈ ਇਕ ਪੁਰਾਣੀ ਕਹਾਵਤ ਇਸ ਤਰ੍ਹਾਂ ਹੈ, ''ਜੇ ਵਿਦਿਆਰਥੀਆਂ ਨੂੰ ਸਪੱਸ਼ਟ ਨਹੀਂ ਹੁੰਦਾ, ਤਾਂ ਕੋਈ ਪਾਠਸ਼ਾਲਾ ਨਹੀਂ ਹੈ।'' ਇਹ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ, ''ਜੇ ਦਿਆਰਥੀਆਂ ਨੂੰ ਸਮਝ ਵਿਚ ਨਹੀਂ ਆਉਂਦਾ ਤਾਂ ਕੋਈ ਪਾਠਸ਼ਾਲਾ ਨਹੀਂ ਹੈ।'' ਉਸਤਾਦ ਕਿਸੇ ਕਿਤਾਬ ਨੂੰ ਨਹੀਂ ਪੜ੍ਹਾਉਂਦਾ ਹੈ ਬਲਕਿ ਉਹ ਵਿਦਿਆਰਥੀਆਂ ਦੇ ਤਾਜ਼ਾ, ਖੋਜੀ ਮਨਾਂ ਨੂੰ ਸਿਖਾਉਂਦਾ ਹੈ। ਉਹ ਕਿਸੇ ਵਿਸ਼ੇ ਦੀ ਸਿੱਖਿਆ ਨਹੀਂ ਦਿੰਦਾ ਬਲਕਿ ਵਿਚਾਰ ਅਤੇ ਦਯਾ ਨਾਲ ਵਿਦਿਆਰਥੀ ਨੂੰ ਉਸ ਵਿਸ਼ੇ ਵਿਚ ਲੈ ਜਾਂਦਾ ਹੈ। ਉੱਤਮ ਗੁਰੂ *ਲੋਕਾਂ* ਨੂੰ ਸਿਖਾਉਂਦਾ ਸੀ।

3. ਮਰਕੁਸ ਨੇ ਇਸ ਤੱਥ ਦੀ ਗੱਲ ਉਚੇਚੇ ਤੌਰ ਤੇ ਕੀਤੀ ਕਿ ਯਿਸੂ ਨੇ ਆਪਣੀ ਸਿੱਖਿਆ ਵਿਚ ''ਵਚਨ'' ਨੂੰ ਸਭ ਤੋਂ ਅੱਗੇ ਰੱਖਿਆ। ਉਸ ਨੇ ਲਿਖਿਆ, ''ਉਹ ਇਹੋ ਜਿਹੇ ਬਹੁਤ ਦ੍ਰਿਸ਼ਟਾਂਤਾਂ'' ਨਾਲ *ਬਚਨ* ਦੱਸਦਾ ਸੀ (4:33)। ਇਹ ਵਚਨ, ਇੰਜੀਲ, ਰਾਜ ਦਾ ਸੰਦੇਸ਼, ਸਦੀਪਕ ਜੀਉਣ ਦੀ ਸਚਿਆਈ, ਉਹ ਆਪਣਾ ਜ਼ੋਰ ਸੰਦੇਸ਼ ਉੱਤੇ ਲਾਉਣ ਲਈ ਸਮਰਪਿਤ ਸੀ। ਯਿਸੂ ਨੇ ਆਪਣੇ ਆਪ ਨੂੰ ਭਟਕ ਜਾਣ ਜਾਂ ਪਟਰੀ ਤੋਂ ਉੱਤਰਣ ਨਹੀਂ ਦਿੱਤਾ।

ਚੰਗੇ ਗੁਰੂ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਗੁਰੂ ਆਪਣੇ ਆਪ ਨੂੰ ਆਪਣੀ ਜਮਾਤ ਦੇ ਅਸਲ ਉਦੇਸ਼ ਅਤੇ ਵਿਸ਼ੇ ਨਾਲ ਤਾਲ ਮੇਲ ਬੈਠਾ ਲੈਂਦਾ ਹੈ। ਉਹ ਦੂਜੇ ਦਰਜੇ ਦੀਆਂ ਗੱਲਾਂ ਨਹੀਂ ਸਿਖਾਉਂਦਾ (ਭਾਵੇਂ ਕਈ ਵਾਰ ਉਨ੍ਹਾਂ ਦੀ ਗੱਲ ਕਰਨੀ ਜ਼ਰੂਰੀ ਹੁੰਦੀ ਹੈ); ਉਹ ਜਮਾਤ ਤੇ ਮੁੱਖ ਵਿਚਾਰ ਨੂੰ ਸਿਖਾਉਂਦਾ ਹੈ। ਧਮਕੀਆਂ ਦੇ ਬਾਵਜੂਦ ਚੰਗਾ ਉਸਤਾਦ ਆਪਣੇ ਵਿਦਿਆਰਥੀਆਂ ਨੂੰ ਜਮਾਤ ਦੇ ਮੁੱਖ ਫ਼ੋਕਸ ਵੱਲ ਵਾਪਸ ਲਿਆ ਕੇ ਉਨ੍ਹਾਂ ਨੂੰ ਉੱਥੇ ਹੀ ਰੱਖਦਾ ਹੈ। ਉਹ ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀਆਂ ਨੂੰ ਉਹੀ ਮਿਲੇ ਜੋ ਉਨ੍ਹਾਂ ਨੂੰ ਸਮਝਣਾ ਜ਼ਰੂਰੀ ਹੈ, ਭਾਵ ਜਿਸ ਕੋਰਸ ਦਾ ਉਹ ਅਧਿਐਨ ਕਰ ਰਹੇ ਹਨ ਉਸ ਦਾ ਸਾਰ। ਉੱਤਮ ਗੁਰੂ ਮੁੱਖ ਮੁੱਦੇ ਭਾਵ ਰਾਜ ਉੱਤੇ ਧਿਆਨ ਲਾਈ ਰੱਖਦਾ ਸੀ।

4. ਮਰਕੁਸ ਨੇ ਸਿਖਾਉਣ ਦੀ ਯਿਸੂ ਦੀ ਸ਼ੈਲੀ ਵਿਚ ਇਕ ਆਖ਼ਰੀ ਵਿਚਾਰ ਜੋੜਿਆ। ਉਸ ਨੇ ਆਖਿਆ, ''ਪਰ ਨਿਰਾਲੇ ਵਿੱਚ ਉਹ ਆਪਣੇ ਹੀ ਚੇਲਿਆਂ ਨੂੰ ਸਭ ਕੁਝ ਖੋਲ੍ਹ ਕੇ ਦੱਸਦਾ ਸੀ'' (4:34)। ਯਿਸੂ ਦੁਨੀਆਂ ਦਾ ਹੁਣ ਤਕ ਦਾ ਸਭ ਤੋਂ ਵੱਡਾ *ਗੁਰੂ* ਸੀ। ਉਸ ਨੇ ਬਾਰਾਂ ਰਸੂਲਾਂ ਨੂੰ ਸਿਖਾਇਆ ਹੀ ਨਹੀਂ ਬਲਕਿ ਉਨ੍ਹਾਂ ਨੂੰ ਸਮਝਾਇਆ ਵੀ। ਉਹ ਦੇਹਧਾਰੀ ਹੋਇਆ ਗੁਰੂ ਸੀ ਭਾਵ ਸੰਦੇਸ਼ ਉਸ ਵਿਚ ਦੇਹਧਾਰੀ ਹੋ ਕੇ ਲੋਕਾਂ ਦੇ ਵਿਚਕਾਰ ਚੱਲਦਾ ਸੀ (ਵੇਖੋ ਯੂਹੰਨਾ 1:14)।

ਇਕ ਅਰਥ ਵਿਚ ਯਿਸੂ ਨੇ ਰਸੂਲਾਂ ਨੂੰ ਆਖਿਆ, ''ਮੇਰੇ ਮਗਰ ਆਓ, ਅਤੇ ਮੈਂ ਤੁਹਾਨੂੰ ਸਿਖਾਵਾਂਗਾ ਕਿ ਮੈਂ ਜੋ ਤੁਹਾਨੂੰ ਸਿਖਾ ਰਿਹਾ ਹਾਂ ਉਹ ਕਿਵੇਂ ਸਿਖਾਉਣਾ ਹੈ। ਇਸ ਤੋਂ ਛੁੱਟ ਮੈਂ ਤੁਹਾਨੂੰ ਵਿਖਾਵਾਂਗਾ ਕਿ ਕਿਵੇਂ ਰਹਿਣਾ ਹੈ ਅਤੇ ਇਹਦੇ ਸਬੰਧ ਵਿਚ ਦੂਜਿਆਂ ਨਾਲ ਗੱਲਬਾਤ ਕਿਵੇਂ ਕਰਨੀ ਹੈ।'' ਉਹ ਇਨ੍ਹਾਂ ਲੋਕਾਂ ਨੂੰ ਆਪਣੇ ਆਉਣ ਵਾਲੇ ਰਾਜ ਲਈ ਤਿਆਰ ਕਰ ਰਿਹਾ ਸੀ। ਉਹਦਾ ਮੰਨਣਾ ਸੀ ਕਿ ਅਜਿਹਾ ਉਹਦੀਆਂ ਪੇਸ਼ਕਸ਼ਾਂ ਦੇ ਨਾਲ–ਨਾਲ ਉਹਦੇ ਵਿਹਾਰ ਅਤੇ ਉਹਦੇ ਵਿਸ਼ਵਾਸਾਂ ਨਾਲ ਵੀ ਕੀਤਾ ਜਾਣਾ ਜ਼ਰੂਰੀ ਸੀ। ਇਸ ਕਰਕੇ ਇਹ ਜ਼ਰੂਰੀ ਸੀ ਕਿ ਉਹਦੇ ਚੇਲਿਆਂ ਨੂੰ ਉਹਦੇ ਦੱਸੇ ਹਰ ਦ੍ਰਿਸ਼ਟਾਂਤ ਦੀ ਚੰਗੀ ਤਰ੍ਹਾਂ ਨਾਲ ਸਮਝ ਆ ਜਾਵੇ। ਇਸ ਤੱਥ ਦੇ ਕਾਰਣ ਉਹਦੇ ਲਈ ਉਨ੍ਹਾਂ ਨਾਲ ਖ਼ਾਸ ਸਮਾਂ ਬਿਤਾਉਣਾ ਜ਼ਰੂਰੀ ਸੀ। ਬੇਸ਼ੱਕ ਉਸ ਨੇ ਇਕਾਂਤ ਵਿਚ ਜਦੋਂ ਵੀ ਉਨ੍ਹਾਂ ਨੂੰ ਇਕੱਠੇ ਹੋਣ ਦਾ ਮੌਕਾ ਮਿਲਿਆ, ਭੀੜ ਨੂੰ ਦੱਸੀਆਂ ਗੱਲਾਂ ਹੋਰ ਵਿਸਤਾਰ ਨਾਲ ਸਮਝਾਉਣ ਦੇ ਮੌਕੇ ਦਾ ਫ਼ਾਇਦਾ ਉਠਾਇਆ।

*ਨਿਚੋੜ:* ਯਿਸੂ ਦੀਆਂ ਸਿਖਾਉਣ ਦੀਆਂ ਤਕਨੀਕਾਂ ਨਾਲ ਕਿਹੜੇ ਨਿਯਮ ਵਿਖਾਏ ਗਏ ਹਨ? ਅਸੀਂ ਉਸ ਦੇ ਤਰੀਕੇ, ਸੰਦੇਸ਼, ਦਯਾ ਅਤੇ ਸਲਾਹ ਦੇਣ ਨੂੰ ਵੇਖਿਆ। ਸਿਖਾਉਣ ਦੀ ਇਸ ਵਿਆਪਕ ਰੂਪਰੇਖਾ ਨੂੰ ਮੰਨਣ ਵਾਲੇ ਹਰ ਵਿਅਕਤੀ ਨੂੰ ਆਪਣੀ ਕੋਸ਼ਿਸ਼ ਵਿਚ ਕੁਝ ਨਾ ਕੁਝ ਕਾਮਯਾਬੀ ਨਜ਼ਰ ਆਵੇਗੀ।

ਜੇ ਪੁੱਛਿਆ ਜਾਵੇ, ''ਦੁਨੀਆਂ ਦੇ ਸਚਮੁਚ ਵਿਚ ਸਭ ਤੋਂ ਮਹਾਨ ਲੋਕ ਕੌਣ ਹਨ?'' ਤਾਂ ਅਸੀਂ ਉਸ

ਸਵਾਲਾ ਦਾ ਜਵਾਬ ਕਿਵੇਂ ਦਿਆਂਗੇ? ਭਲਾ ਅਸੀਂ ਦਵਾਈਆਂ ਦੇ ਕਿਸੇ ਡਾਕਟਰ ਦਾ ਨਾਂਅ ਲਵਾਂਗੇ? ਭਲਾ ਅਸੀਂ ਪ੍ਰਚਾਰਕਾਂ ਦਾ ਨਾਂਅ ਦੱਸਾਂਗੇ? ਭਲਾ ਅਸੀਂ ਕਿਸੇ ਵੱਡੇ ਸਿਆਸਦਾਨਾਂ ਦੇ ਨਾਂਅ ਦੱਸਾਂਗੇ? ਸੰਭਵ ਤੌਰ ਤੇ ਇਨ੍ਹਾਂ ਵਿੱਚੋਂ ਕੋਈ ਨਾਂਅ ਸਾਡੇ ਧਿਆਨ ਵਿਚ ਨਹੀਂ ਆਏਗਾ। ਅਸੀਂ ਦੁਨੀਆਂ ਭਰ ਵਿਚ ਫੈਲੇ ਚੰਗੇ ਅਤੇ ਈਮਾਨਦਾਰ ਗੁਰੂਆਂ ਬਾਰੇ ਸੋਚਣ ਲਗ ਪਵਾਂਗੇ ਜਿਨ੍ਹਾਂ ਨੇ ਸਾਡੀਆਂ ਜ਼ਿੰਦਗੀਆਂ ਉੱਤੇ ਅਸਰ ਪਾਇਆ ਹੈ। ਇਹ ਲੋਕ ਦਿਮਾਗ ਨੂੰ ਚੁਣੌਤੀ ਦੇਣ ਵਾਲੇ, ਚਰਿੱਤਰ ਨੂੰ ਬਨਾਉਣ ਵਾਲੇ ਜ਼ਿੰਦਗੀ ਨੂੰ ਬਦਲਣ ਵਾਲੇ ਲੋਕ ਹਨ। ਇਹਦਾ ਮਤਲਬ ਇਹ ਹੋਇਆ ਕਿ ਦੁਨੀਆਂ ਦਾ ਸਭ ਤੋਂ ਜ਼ਰੂਰੀ ਕੰਮ ਯਿਸੂ ਮਸੀਹ ਵੱਲੋਂ ਵਿਖਾਏ ਗਏ ਵੱਡੇ ਨਿਯਮਾਂ ਦੇ ਮਤਾਬਿਕ ਸਿਖਾਉਣ ਦਾ ਹੀ ਹੈ।

ਸਿੱਖਿਆ ਦੀ ਮਹਾਨਤਾ ਸਾਨੂੰ ਯਿਸੂ ਦੇ ਸਿਖਾਉਣ ਦੇ ਮਰਕੁਸ ਦੇ ਵਿਰਤਾਂਤ ਦੇ ਮਹੱਤਵ ਨੂੰ ਨਵੇਂ ਸਿਰਿਓ ਦੱਸਦੀ ਹੈ। ਉਸ ਦੀਆਂ ਟਿੱਪਣੀਆਂ ਨਾਲ ਦੁਨੀਆਂ ਵਿਚ ਹੋਣ ਵਾਲੇ ਸਭ ਤੋਂ ਵੱਡੇ ਕੰਮ ਲਈ ਸਭ ਤੋਂ ਭਰੋਸੇਯੋਗ ਅਗਵਾਈ ਮਿਲਦੀ ਹੈ।

ਸਾਡੇ ਲਈ ਆਣ ਕੇ ਉਹਦੇ ਚੇਲੇ ਬਣਨ ਦੀ ਮੁੱਢਲੀ ਬੁਲਾਹਟ ਤੋਂ ਅੱਗੇ ਯਿਸੂ ਨੇ ਸਾਨੂੰ ਬਾਰਹ ਜਾ ਕੇ ਦੂਜਿਆਂ ਨੂੰ ਸਿਖਾਉਣ ਦਾ ਹੁਕਮ ਦਿੱਤਾ। ਕਿੰਨੇ ਦੁੱਖ ਦੀ ਗੱਲ ਹੈ ਕਿ ਕੁਝ ਚੇਲਿਆਂ ਲਈ ਇਹ ਕਹਿਣਾ ਪਿਆ ਕਿ ''ਕਿਉਂ ਜੋ ਚਿਰ ਹੋਣ ਕਰਕੇ ਤੁਹਾਨੂੰ ਗੁਰੂ ਹੋਣਾ ਚਾਹੀਦਾ ਸੀ ਪਰ ਤੁਹਾਨੂੰ ਲੋੜ ਹੈ ਭਈ ਕੋਈ ਤੁਹਾਨੂੰ ਪਰਮੇਸ਼ੁਰ ਦੀ ਬਾਣੀ ਦੇ ਮੂਲ ਮੰਤਰਾਂ ਦਾ ਮੁੱਢ ਫੇਰ ਸਿਖਾਵੇ'' (ਇਬਰਾਨੀਆਂ 5:12)! ਸਾਡੇ ਲਈ ਬੁਲਾਹਟ ਅਤੇ ਚੁਣੌਤੀ ਨੂੰ ਮੰਨਣਾ ਜ਼ਰੂਰੀ ਹੈ ਨਹੀਂ ਤਾਂ ਸਾਨੂੰ ਅਲੋਚਨਾ ਦਾ ਸਾਹਮਣਾ ਕਰਨਾ ਪਵੇਗਾ। ਆਓ ਆਪਣੇ ਆਪ ਤੋਂ ਪੁੱਛੀਏ, ''ਭਲਾ ਮੈਂ ਚੇਲਾ ਬਣਨ ਦੀ ਬੁਲਾਹਟ ਨੂੰ ਮੰਨ ਲਿਆ ਹੈ?'' ਅਤੇ ''ਭਲਾ ਮੈਂ ਜਾ ਕੇ ਸਿਖਾਉਣ ਦੀ ਚੁਣੌਤੀ ਦਾ ਜਵਾਬ ਦੇ ਦਿੱਤਾ ਹੈ?'' ਅਤੇ ''ਭਲਾ ਮੈਂ ਉਵੇਂ ਹੀ ਸਿਖਾਉਂਦਾ ਹਾਂ ਜਿਵੇਂ ਮਸੀਹ ਸਿਖਾਉਂਦਾ ਸੀ?''

### ''ਇਹ ਕੌਣ ਹੈ ...?'' (4:35-41)

ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਦੇ ਜ਼ਿਆਦਾਤਰ ਹਿੱਸੇ ਨੂੰ ਇਸ ਸਬੂਤ ਦੇ ਤੌਰ ਤੇ ਵੇਖਿਆ ਜਾਣਾ ਚਾਹੀਦਾ ਹੈ ਕਿ ਜਿਸ ਨੂੰ ''ਯਿਸੂ'' ਕਿਹਾ ਜਾਂਦਾ ਹੈ, ਉਹ ਮਸੀਹਾ ਭਾਵ ਪਰਮੇਸ਼ੁਰ ਦੇ ਪੁੱਤਰ ਤੋਂ ਛੁੱਟ ਕੋਈ ਹੋਰ ਨਹੀਂ ਹੈ। ਇਹ ਪੱਕਾ ਸਬੂਤ ਕਿਸੇ ਵੀ ਪਾਠਕ ਦੇ ਵੇਖਣ ਲਈ ਇੰਜੀਲ ਦੇ ਵਿਰਤਾਂਤਾਂ ਵਿਚ ਹਰ ਥਾਂ ਹੈ। ਲਗਭਗ ਹਰ ਸਫ਼ੇ ਤੇ ਇਹ ਸਬੂਤ ਕਿਤੇ ਨਾ ਕਿਤੇ ਹੈ।

ਯਿਸੂ ਦਿਨ ਭਰ ਬੜਾ ਰੁੱਝਿਆ ਰਿਹਾ ਸੀ ਅਤੇ ਹੁਣ ਸ਼ਾਮ ਹੋ ਚੁੱਕੀ ਸੀ। ਇਹ ਕਹਿਣਾ ਕਿ ਉਹ ਰੁੱਝਿਆ ਰਿਹਾ ਸ਼ਾਇਦ ਘੱਟ ਬਿਆਨੀ ਹੋਵੇਗੀ। ਉਸ ਨੇ ਭੂਤ ਚੰਬੜੇ ਇਕ ਆਦਮੀ ਨੂੰ ਚੰਗਿਆਈ ਦਿੱਤੀ ਸੀ (ਮੱਤੀ 12:22), ਅਤੇ ਆਪਣੇ ਦੋਸਤਾਂ ਦੇ ਵਿਰੋਧ ਦਾ ਸਾਹਮਣਾ ਕੀਤਾ ਸੀ (ਮਰਕੁਸ 3:20, 21), ਅਤੇ ਆਪਣੇ ਦੁਸ਼ਮਣਾਂ ਨੂੰ ਜਵਾਬ ਦਿੱਤਾ ਸੀ (ਮੱਤੀ 12:24–29), ਅਤੇ ਸੰਭਵ ਤੌਰ ਤੇ ਕਈ ਹੋਰ ਵਾਰ ਪ੍ਰਚਾਰ ਕੀਤਾ ਸੀ। ਯਿਸੂ ਅਤੇ ਉਸ ਦੇ ਰਸੂਲਾਂ ਦੇ ਭੀੜ ਵਿੱਚੋਂ ਨਿੱਕਲਦਿਆਂ ਉਸ ਨੇ ਬੇੜੀ ਵਿਚ ਬੈਠੇ ਕੇ ਉਹਨੂੰ ਝੀਲ ਦੇ ਦੂਜੇ ਪਾਸੇ ਲਿਜਾਣ ਲਈ ਕਿਹਾ।

ਵਚਨ ਇਹ ਦੱਸਦਾ ਹੈ ਕਿ ਉਹ ਯਿਸੂ ਨੂੰ ''ਤਿਹਾ ਹੀ'' ਲੈ ਗਏ (4:36)। ਸਾਫ਼ ਹੈ ਕਿ ਉਹਦੇ ਕੋਲ ਖਾਣ ਪੀਣ ਦਾ ਕੋਈ ਸਮਾਨ ਨਹੀਂ ਸੀ। ਉਹ ਉਹਨੂੰ ਰਾਤ ਜਾਂ ਅਗਲੇ ਦਿਨ ਦੀ ਰਸਦ ਦੇ ਬਗੈਰ ਲੈ ਗਏ। ਉਹ ਥੱਕੇ ਹੋਏ ਯਿਸੂ ਨੂੰ ਰਾਤ ਭਰ ਝੀਲ ਦੇ ਦੂਜੇ ਪਾਸੇ ਵੱਲ ਲਿਜਾ ਰਹੇ ਸਨ। ਉਹਦੇ ਹੁਕਮ ਨਾ ਉਹ ਇਕ ਬੇੜੀ ਵਿਚ ਬੈਠੇ, ਇਸ ਨੂੰ ਪੱਛਮੀ ਕੰਢੇ ਵੱਲ ਮੋੜਿਆ ਅਤੇ ਛੇ ਕੁ ਮੀਲ ਚੱਲਣ ਲਈ ਤਿਆਰ ਹੋ ਗਏ। ਸਾਫ਼ ਹੈ ਕਿ ਹੋਰ ਬੇੜੀਆਂ ਉਨ੍ਹਾਂ ਦੇ ਨਾਲ–ਨਾਲ ਗਈਆਂ।

ਝੀਲ ਦੇ ਵਿਚਕਾਰ ਰਾਹ ਵਿਚ ਯਿਸੂ ਨੂੰ ਬੇੜੀ ਦੇ ਪਿਛਲੇ ਹਿੱਸੇ ਵਿਚ ਥਾਂ ਮਿਲੀ ਜਿੱਥੇ ਉਹ ਸਿਰ ਰੱਖ ਕੇ ਸੌਂ ਗਿਆ। ਜਦੋਂ ਉਹ ਝੀਲ ਦੇ ਵਿਚਾਰ ਪਹੁੰਚੇ ਤਾਂ ਤੂਫ਼ਾਨ ਵਰਗੀ ਤੇਜ਼ ਹਨ੍ਹੇਰੀ ਆ

ਗਈ। ਹਨ੍ਹੇਰੀ ਨਾਲ ਲਹਿਰਾਂ ਉੱਪਰ ਉੱਠਣ ਲਗ ਪਈਆਂ, ਉਹ ਬਹੁਤ ਉੱਚੀਆਂ ਹੋ ਗਈਆਂ ਅਤੇ ਉਹ ਝੀਲ ਵਿਚ ਇੱਧਰ ਉੱਧਰ ਡੋਲਣ ਲੱਗੇ। ਹਨ੍ਹੇਰੀ ਦੇ ਤੇਜ਼ ਬੁੱਲੇ ਨਾਲ ''ਲਹਿਰਾਂ ਬੇੜੀ ਪੁਰ ਐਥੋਂ ਤੀਕਰ ਲਗ ਗਈਆਂ ਜੋ ਬੇੜੀ ਪਾਣੀ ਨਾਲ ਭਰ ਚੱਲੀ ਸੀ'' (4:37)। ਗਲੀਲ ਦੀ ਝੀਲ ਐਨੀ ਕੁ ਬੇੜੀ ਨੂੰ ਬਲਟਣ ਦੇ ਯੋਗ ਹਨ੍ਹੇਰੀ ਤੇ ਤੇਜ਼ ਬੁੱਲਿਆਂ ਲਈ ਬਦਨਾਮ ਸੀ ਅਤੇ ਅੱਜ ਵੀ ਹੈ।

ਇਹ ਬਾਰਾਂ ਜਣੇ, ਭਾਵ ਯਿਸੂ ਦੇ ਇਹ ਰਸੂਲ ਜਿਨ੍ਹਾਂ ਵਿੱਚੋਂ ਚਾਰ ਚਣੇ ਤਜਰਬੇਕਾਰ ਮਛੇਰੇ ਸਨ, ਇਨ੍ਹਾਂ ਨੂੰ ਲੱਗਾ ਕਿ ਉਹ ਬੜੀ ਮੁਸੀਬਤ ਵਿਚ ਘਿਰ ਗਏ ਹਨ। ਦੁਨੀਆਂ, ਹਨ੍ਹੇਰੀਆਂ ਅਤੇ ਲਹਿਰਾਂ ਦਾ ਸਿਰਜਣ ਵਾਲਾ ਯਿਸੂ ਪਿੱਛੇ ਸੌਂ ਰਿਹਾ ਸੀ। ਉਹ ਤੂਫ਼ਾਨ ਤੋਂ ਪਰੇਸ਼ਾਨ ਨਹੀਂ ਸੀ। ਮਾਯੂਸ ਹੋ ਕੇ ਰਸੂਲਾਂ ਵਿੱਚੋਂ ਕਈਆਂ ਨੇ ਉਹਨੂੰ ਜਗਾਉਂਦੇ ਹੋਏ, ਉਸ ਤੋਂ ਪੁੱਛਿਆ, ''ਗੁਰੂ ਜੀ ਤੈਨੂੰ ਕੋਈ ਫ਼ਿਕਰ ਨਹੀਂ ਜੋ ਅਸੀਂ ਨਿਸਟ ਹੋ ਚੱਲੇ ਹਾਂ?'' (4:38)।

ਯਿਸੂ ਨੇ ਭਾਵੇਂ ਤੂਫ਼ਾਨ ਦੀ ਅਵਾਜ਼ ਨਹੀਂ ਸੁਣੀ ਸੀ, ਪਰ ਉਹ ਚੇਲਿਆਂ ਦੀ ਬੇਨਤੀ ਤੋਂ ਪ੍ਰਭਾਵਿਤ ਹੋਇਆ ਅਤੇ ਉੱਠ ਕੇ ਉਸ ਨੇ ਇਸ ਦਾ ਕੁਝ ਕੀਤਾ: ''... ਉਹਨੇ ਉੱਠ ਕੇ ਪੌਣ ਨੂੰ ਦਬਕਾ ਦਿੱਤਾ ਅਤੇ ਝੀਲ ਨੂੰ ਕਿਹਾ, ਚੁੱਪ ਕਰ ਥੰਮ੍ਹ ਜਾਹ!'' (4:39)। ਫਿਰ ਯਿਸੂ ਦੀ ਸ਼ਕਤੀ, ਇਲਾਹੀ ਸਮਰੱਥਾ ਨੂੰ ਵਿਖਾਉਂਦੇ ਹੋਏ, ਮਰਕੁਸ ਨੇ ਆਖਿਆ, ''ਤਾਂ ਪੌਣ ਥੰਮ੍ਹ ਗਈ ਅਤੇ ਵੱਡਾ ਚੈਨ ਹੋ ਗਿਆ'' (4:39)।

ਯਿਸੂ ਨੇ ਨਿਰਾ ਹਨ੍ਹੇਰੀ ਨੂੰ ਹੀ ਨਹੀਂ ਝਿੜਕਿਆ ਬਲਕਿ ਥੋੜ੍ਹੀ ਦੇਰ ਬਾਅਦ ਚੇਲਿਆਂ ਵੱਲ ਮੁੜ ਕੇ ਉਹਨੇ ਉਨ੍ਹਾਂ ਨੂੰ ਵੀ ਝਾੜ ਪਾਈ: ''ਉਸ ਨੇ ਉਨ੍ਹਾਂ ਨੂੰ ਕਿਹਾ, ਤੁਸੀਂ ਕਿਉਂ ਡਰਦੇ ਹੋ? ਅਜੇ ਤੁਹਾਨੂੰ ਨਿਹਚਾ ਨਹੀਂ ਆਈ?'' (4:40)। ਉਹਦੇ ਕਹਿਣ ਦਾ ਮਤਲਬ ਸੀ ਕਿ ਉਨ੍ਹਾਂ ਨੂੰ ਪਤਾ ਸੀ ਕਿ ਉਹ ਬੇੜੀ ਵਿਚ ਹੈ, ਫਿਰ ਵੀ ਉਨ੍ਹਾਂ ਨੂੰ ਡਰ ਸੀ ਕਿ ਕਿਤੇ ਬੇੜੀ ਪਲਟ ਨਾ ਜਾਏ। ਭਲਾ ਉਨ੍ਹਾਂ ਨੂੰ ਇਹ ਸਮਝ ਨਹੀਂ ਸੀ ਕਿ ਯਿਸੂ ਜਦੋਂ ਚਾਹੇ ਤੂਫ਼ਾਨ ਨੂੰ ਥੰਮ੍ਹ ਸਕਦਾ ਸੀ?

ਇਸ ਘਟਨਾ ਵਿਚ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਯਿਸੂ ਕੌਣ ਹੈ। ਅਸੀਂ ਇਸ ਨੂੰ ਵੇਖਣਾ ਯਕੀਨੀ ਬਣਾਈਏ, ਇਸ ਨੂੰ ਆਪਣੇ ਅੰਦਰ ਸਮਾ ਲਈਏ ਅਤੇ ਇਸ ਨੂੰ ਮੰਨੀਏ।

1. ਮਰਕੁਸ ਦਾ ਵਿਰਤਾਂਤ *ਮਨੁੱਖ ਮਸੀਹ* ਹੈ ਨੂੰ ਸਾਡੇ ਲਈ ਵਿਖਾਉਂਦਾ ਹੈ। ਜਦ ਯਿਸੂ ਬੇੜੀ ਵਿਚ ਬੈਠਾ ਤਾਂ ਉਹ ਉਵੇਂ ਹੀ ਥੱਕਿਆ ਹੋਇਆ ਸੀ ਜਿਵੇਂ ਸਾਡੇ ਵਿੱਚੋਂ ਕੋਈ ਦਿਨ ਭਰ ਕੰਮ ਕਰਕੇ ਥੱਕ ਜਾਂਦਾ ਹੈ। ਜਿਵੇਂ ਹੀ ਅਰਾਮ ਕਰਨ ਦਾ ਮੌਕਾ ਮਿਲਿਆ, ਯਿਸੂ ਨੇ ਗੱਦੀ ਉੱਤੇ ਸਿਰ ਰੱਖਿਆ ਅਤੇ ਸੌਂ ਗਿਆ। ਉਹ ਐਨੀ ਗਹਿਰੀ ਨੀਂਦ ਵਿਚ ਸੁੱਤਾ ਹੋਇਆ ਸੀ ਕਿ ਤੇਜ਼ ਤੂਫ਼ਾਨ ਨਾਲ ਵੀ ਉਹ ਜਾਗਿਆ ਨਹੀਂ। ਸਾਡੇ ਲਈ ਯਿਸੂ ਦੇ ਮਨੁੱਖ ਹੋਣ ਨੂੰ ਪੂਰੀ ਤਰ੍ਹਾਂ ਨਾਲ ਸਵੀਕਾਰ ਕਰਨਾ ਮੁਸ਼ਕਿਲ ਹੈ। ਅਸੀਂ ਆਖਦੇ ਹਾਂ ਕਿ ''ਉਹ ਪੂਰਣ ਮਨੁੱਖ ਅਤੇ ਪੂਰਣ ਪਰਮੇਸ਼ੁਰ ਕਿਵੇਂ ਹੋ ਸਕਦਾ ਹੈ?'' ਇਸ ਵਿਰਤਾਂਤ ਵਿਚ ਉਸ ਦੇ ਮਨੁੱਖ ਹੋਣ ਨੂੰ ਸਾਫ਼-ਸਾਫ਼ ਵਿਖਾਇਆ ਗਿਆ ਹੈ।

ਜੋ ਕੁਝ ਰਸੂਲਾਂ ਨੇ ਵੇਖਿਆ ਉਸ ਨੂੰ ਧਿਆਨ ਵਿਚ ਰੱਖਦਿਆਂ ਇਕ ਵੱਡਾ ਸਵਾਲ ਖੜ੍ਹਾ ਹੁੰਦਾ ਹੈ ਕਿ ''ਇਹ ਯਿਸੂ ਕੌਣ ਹੈ?'' ਤੂਫ਼ਾਨ ਨੂੰ ਧਿਆਨ ਵਿਚ ਰੱਖਦਿਆਂ ਦਿੱਤਾ ਗਿਆ ਜਵਾਬ ਹੈ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ। ਪਰਮੇਸ਼ੁਰਤਾਈ ਵਿੱਚੋਂ ਦੂਜਾ, ਯਿਸੂ ਸਾਡੇ ਵਰਗਾ ਬਣ ਕੇ ਸਾਡੇ ਵਿਚਕਾਰ ਰਹਿਣ ਲਈ ਆਇਆ। ਉਹ ਓਨਾਂ ਹੀ ਮਨੁੱਖ ਹੈ ਜਿੰਨਾਂ ਉਹ ਪਰਮੇਸ਼ੁਰ ਹੋਵੇ ਵੀ ਨਾ।

2. ਇਸ ਵੇਰਵੇ ਤੋਂ ਇਹ ਪਤਾ ਲਗਦਾ ਹੈ ਕਿ ਉਹ ਪਰਮੇਸ਼ੁਰ ਅਰਥਾਤ *ਸਰਵਸ਼ਕਤੀਮਾਨ ਮਸੀਹ* ਹੈ। ਉਸ ਨੇ ਤੂਫ਼ਾਨ ਵਿਚ ਖਲੋ ਕੇ ''ਥੰਮ੍ਹ ਜਾ'' ਸ਼ਬਦ ਬੋਲਿਆ ਅਤੇ ਤੂਫ਼ਾਨ ਬਿਲਕੁਲ ''ਰੁੱਕ'' ਗਿਆ (4:39)। ਸੱਤ ਆਇਤਾਂ ਵਾਲਾ ਇਹ ਦ੍ਰਿਸ਼ ਸ਼ਾਨਦਾਰ ਤਰੀਕੇ ਨਾਲ ਇਹ ਵਿਖਾਉਂਦਾ ਹੈ ਕਿ ਯਿਸੂ ਸ੍ਰਿਸ਼ਟੀ ਦਾ ਪ੍ਰਭੂ ਭਾਵ ਸਰਵਸ਼ਕਤੀਮਾਨ ਹੈ। ਉਸ ਨੇ ਨਾ ਸਿਰਫ਼ ਤੂਫ਼ਾਨ ਨੂੰ ਬਣਾਇਆ ਬਲਕਿ ਉਹਨੂੰ ਚਲਾਉਂਦਾ ਵੀ ਹੈ। ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿਚ ਉਹਦੀ ਸਮਰੱਥਾ ਸਾਫ਼ ਨਜ਼ਰ ਆਉਂਦੀ ਹੈ।

ਖ਼ੁਦਾ ਨੇ ਉਸ ਨੂੰ ਆਪਣੇ ਸਿਰਜੇ ਹੋਏ ਸੰਸਾਰ ਦੀ ਲਗਭਗ ਹਰ ਚੀਜ਼ ਉੱਤੇ ਇਖ਼ਤਿਆਰ

ਦਿੱਤਾ ਹੈ। ਪਰ ਉਸ ਨੇ ਉਸ ਨੂੰ ਮੌਸਮ ਦੀ ਨਿਗਰਾਨੀ ਦਾ ਕੰਮ ਨਹੀਂ ਦਿੱਤਾ, ਦੁਨੀਆਂ ਦੀ ਹਰ ਫ਼ੌਜ ਉਸ ਤੂਫ਼ਾਨ ਨੂੰ ਜਿਹੜਾ ਕੰਢੇ ਵੱਲ ਨੂੰ ਵਧਦਾ ਹੈ, ਰੋਕ ਨਹੀਂ ਸਕਦੀਆਂ। ਅਸੀਂ ਇਹਦੇ ਲਈ ਆਪਣੇ ਆਪ ਨੂੰ ਤਿਆਰ ਕਰ ਸਕਦੇ ਹਾਂ, ਪਰ ਇਹ ਨੂੰ ਬੰਦ ਨਹੀਂ ਕਰ ਸਕਦੇ। ਸਾਡੇ ਕੋਲ ਸਿਰਫ਼ ਮਨੁੱਖੀ ਸ਼ਕਤੀ ਹੈ, ਇਲਾਹੀ ਸ਼ਕਤੀ ਨਹੀਂ ਹੈ।

ਪਰ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ। ਧਰਤੀ ਉੱਤੇ ਭਾਵੇਂ ਉਹ ਪੂਰੀ ਤਰ੍ਹਾਂ ਨਾਲ ਮਨੁੱਖ, ਮੁਕੰਮਲ ਇਨਸਾਨ ਸੀ, ਪਰ ਉਹ ਪੂਰੀ ਤਰ੍ਹਾਂ ਨਾਲ, ਈਮਾਨਦਾਰੀ ਨਾਲ ਅਨਾਦੀਕਾਲ ਤੋਂ ਪਰਮੇਸ਼ੁਰ ਦਾ ਪੁੱਤਰ ਵੀ ਹੈ। ਇਕ ਸ਼ਬਦ ਨਾਲ ਉਸ ਨੇ ਸੰਸਾਰ ਨੂੰ ਰਚਿਆ; ਅਤੇ ਇਕ ਸ਼ਬਦ ਨਾਲ ਉਹ ਤੂਫ਼ਾਨ ਨੂੰ ਥੰਮ੍ਹ ਸਕਦਾ ਸੀ। ਉਸ ਵਿਚ ਵੱਡੀ ਸ਼ਕਤੀ ਸੀ। ਉਹ ਖ਼ੁਦਾ ਅਤੇ ਮਨੁੱਖ ਦਾ ਸੰਪੂਰਣ ਮੇਲ ਹੈ। ਉਹ ਪਰਮੇਸ਼ੁਰ ਦਾ ਪੁੱਤਰ ਅਤੇ ਮਨੁੱਖ ਦਾ ਪੁੱਤਰ ਹੈ।

3. ਇਸ ਹਵਾਲੇ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਹ *ਸਿਖਾਉਣ ਵਾਲਾ ਮਸੀਹ* ਹੈ। ਹਨ੍ਹੇਰੀ ਹੋਵੇ ਜਾਂ ਤੂਫ਼ਾਨ, ਧੁੱਪ ਹੋਵੇ ਜਾਂ ਛਾਂ, ਉਹ ਹਰ ਮੌਕੇ ਤੇ ਲੋਕਾਂ ਨੂੰ ਸਮਝਾ ਰਿਹਾ ਸੀ ਕਿ ਉਹ ਕੌਣ ਹੈ। ਚੇਲਿਆਂ ਨੇ ਉਸ ਨੂੰ ਹੋਰ ਮੋਅਜਜ਼ੇ ਕਰਦਿਆਂ ਵੇਖਿਆ ਸੀ। ਉਹਨੇ ਬਦਰੂਹਾਂ ਨੂੰ ਕੱਢਿਆ ਸੀ, ਬਿਮਾਰਾਂ ਨੂੰ ਚੰਗਿਆ ਕੀਤਾ ਸੀ, ਅਧਰੰਗੀਆਂ ਨੂੰ ਠੀਕ ਕੀਤਾ ਸੀ। ਇਹ ਅਜਿਹੇ ਮੋਅਜਜ਼ੇ ਸਨ ਜਿਨ੍ਹਾਂ ਨੂੰ ਕੋਈ ਮਨੁੰਖ ਨਹੀਂ ਕਰ ਸਕਦਾ ਸੀ। ਰਸੂਲਾਂ ਅਜੇ ਵੀ ਤੂਫ਼ਾਨ ਤੋਂ ਕਿਉਂ ਡਰਦੇ ਸਨ ਜਦਕਿ ਯਿਸੂ ਬੇੜੀ ਵਿਚ ਉਨ੍ਹਾਂ ਦੇ ਨਾਲ ਸੀ? ਉਨ੍ਹਾਂ ਦੇ ਡਰ ਨੇ ਉਨ੍ਹਾਂ ਦੀ ਨਿਹਚਾ ਨੂੰ ਗਾਇਬ ਕਰ ਦਿੱਤਾ।

ਅਸੀਂ ਆਖਦੇ ਹਾਂ ਕਿ ਸਾਡਾ ਵਿਸ਼ਵਾਸ ਯਿਸੂ ਉੱਤੇ ਹੈ ਅਤੇ ਅਸੀਂ ਵਿਸ਼ਵਾਸ ਕਰਦੇ ਹਾਂ ਕਿ ਉਹ ਸਾਡੇ ਨਾਲ ਹੈ, ਫਿਰ ਵੀ ਜ਼ਿੰਦਗੀ ਦੇ ਤੂਫ਼ਾਨਾਂ ਦਾ ਸਾਹਮਣਾ ਕਰਨ ਤੇ ਅਸੀਂ ਮਾਯੂਸ ਹੋ ਕੇ ਰੌਲਾ ਪਾਉਣ ਲੱਗ ਪੈਂਦੇ ਹਾਂ। ਪਰੇਸ਼ਾਨੀ ਆਉਣ ਤੇ ਅਸੀਂ ਡਰ ਜਾਂਦੇ ਹਾਂ ਅਤੇ ਨਿਹਚਾ ਦੀ ਕਮੀ ਅੱਗੇ ਅਸੀਂ ਹਾਰ ਮੰਨ ਸਕਦੇ ਹਾਂ, ਯਿਸੂ ਸਾਨੂੰ ਕਦੇ ਵੀ ਛੱਡਦਾ ਨਹੀਂ ਹੈ। ਉਹ ਸਾਨੂੰ ਝਿੜਕਦਾ ਹੈ; ਪਰ ਉਹ ਸਾਨੂੰ ਯਾਦ ਦੁਆਉਂਦਾ ਰਹਿੰਦਾ ਹੈ, ਸਾਨੂੰ ਸਮਝਾਉਂਦਾ ਰਹਿੰਦਾ ਹੈ, ਅਤੇ ਸਾਨੂੰ ਫੇਰ ਤੋਂ ਉਹਦੇ ਉੱਤੇ ਜੋ ਉਹਦੇ ਬਾਰੇ ਸੱਚ ਹੈ ਧਿਆਨ ਲਾਉਣ ਵਿਚ ਮਦਦ ਕਰਦਾ ਹੈ।

ਬੇੜੀ ਵਿਚ ਇਹ ਕੌਣ ਹੈ? ਇਹ ਸਬੂਤ ਸਾਨੂੰ ਜਵਾਬ ਦਿੰਦਾ ਹੈ ਕਿ ਉਹ ਮਨੁੱਖ ਬਣਿਆ ਪਰਮੇਸ਼ੁਰ ਹੈ ਜਿਹੜਾ ਸਾਨੂੰ ਸਿਖਾਉਣ ਲਈ ਆਇਆ। ਉਹ ਪਰਮੇਸ਼ੁਰ ਅਤੇ ਮਨੁੱਖ ਵਿਚਕਾਰ ਕੜੀ ਹੈ। ਉਸ ਵਿਚ ਅਸੀਂ ਵੇਖਦੇ ਹਾਂ ਕਿ ਮਨੁੱਖ ਨੂੰ ਕਿਹਾ ਜਿਹਾ *ਹੋਣਾ ਚਾਹੀਦਾ ਹੈ*। ਅਤੇ ਉਸ ਵਿਚ ਅਸੀਂ ਵੇਖਦੇ ਹਾਂ ਕਿ ਪਰਮੇਸ਼ੁਰ ਕਿਹੋ ਜਿਹਾ ਹੈ।

*ਨਿਚੋੜ:* ਜ਼ਬਰਦਸਤ ਤੂਫ਼ਾਨ ਦਾ ਸਾਹਮਣਾ ਕਰਨ ਦੇ ਇਸ ਅਨੁਭਵ ਤੋਂ ਬਾਅਦ ਮਰਕੁਸ ਨੇ ਜੋ ਕੁਝ ਹੋਇਆ ਸੀ ਉਸ ਉੱਤੇ ਚੇਲਿਆਂ ਦੀ ਪ੍ਰਤੀਕਿਰਿਆ ਵਿਖਾਈ: ''ਤਾਂ ਉਨ੍ਹਾਂ ਨੇ ਡਾਢਾ ਭੈ ਖਾਧਾ ਅਤੇ ਆਪੋ ਵਿੱਚ ਕਹਿਣ ਲੱਗੇ, ਇਹ ਕੌਣ ਹੈ ਕਿ ਪੌਣ ਅਤੇ ਝੀਲ ਵੀ ਉਹਦੀ ਮੰਨ ਲੈਂਦੇ ਹਨ?'' (4:41)।

ਇਹੋ ਜਿਹੀ ਘਟਨਾ ਦਾ ਅਧਿਐਨ ਕਰਦੇ ਹੋਏ ਸਾਨੂੰ ਚੇਲਿਆਂ ਨਾਲ ਇਹ ਪੁੱਛਣ ਲਈ ਮਜਬੂਰ ਹੋਣਾ ਚਾਹੀਦਾ ਹੈ ਕਿ ''ਇਹ ਕੌਣ ਹੈ?'' ਭਾਵੇਂ ਸਾਨੂੰ ਪਤਾ ਹੈ ਕਿ ਉਹ ਮਨੁੱਖ ਮਸੀਹ ਹੈ, ਪਰ ਸਾਨੂੰ ਉਸ ਦੇ ਤੂਫ਼ਾਨ ਨੂੰ ਥੰਮ੍ਹਦਿਆਂ ਵੇਖ ਕੇ ਇਹ ਮੰਨਣਾ ਪਵੇਗਾ ਕਿ ਹਨ੍ਹੇਰੀ ਅਤੇ ਤੂਫ਼ਾਨ ਵੀ ਉਹਦਾ ਹੁਕਮ ਮੰਨਦੇ ਹਨ। ਇਹ ਤੱਥ ਇਸ ਗੱਲ ਦਾ ਸਬੂਤ ਹੈ ਕਿ ਉਹ ਸਰਵਸ਼ਕਤੀਮਾਨ ਮਸੀਹ ਹੈ। ਜ਼ਿੰਦਗੀ ਦੇ ਤੂਫ਼ਾਨਾਂ ਦੇ ਵਿਚਕਾਰ ਸਾਡੇ ਭੈਭੀਤ ਹੋਣ ਤੇ ਜਦੋਂ ਉਹ ਸਾਨੂੰ ਝਿੜਕਦਾ ਹੈ, ਤਾਂ ਅਸੀਂ ਵੇਖਦੇ ਹਾਂ ਕਿ ਉਹ ਸਾਨੂੰ ਅਸਲ ਨਿਹਚਾ ਤਕ ਪਹੁੰਚਾਉਣ ਲਈ ਆਇਆ। ਉਹ ਸਾਡੇ ਅੰਦਰ ਆਪਣੇ ਕੰਮ ਨੂੰ ਉਦੋਂ ਤਕ ਨਹੀਂ ਕਰ ਸਕਦਾ ਜਦੋਂ ਤਕ ਅਸੀਂ ਇਹ ਵਿਸ਼ਵਾਸ ਨਹੀਂ ਕਰਦੇ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ ਜਿਹੜਾ ਸਾਨੂੰ ਬਚਾਉਣ ਲਈ ਆਇਆ।

ਜਦੋਂ ਤਕ ਅਸੀਂ ਉਸ ਦੀਆਂ ਇਨ੍ਹਾਂ ਤਿੰਨ ਖੂਬੀਆਂ ਨੂੰ ਨਹੀਂ ਮੰਨਦੇ, ਉਦੋਂ ਤਕ ਸਾਨੂੰ ਇਹ

ਸਮਝ ਵਿਚ (ਜਾਂ ਯਕੀਨ) ਨਹੀਂ ਆਉਂਦਾ ਕਿ ਯਿਸ ਕੌਣ ਹੈ। ਉਹ ਮਨੁੱਖ ਮਸੀਹ ਹੈ ਜਿਹੜਾ ਉੱਥੇ ਚੱਲਿਆ ਜਿੱਥੇ ਅਸੀਂ ਚੱਲਦੇ ਸਾਂ; ਉਹ ਸਰਵਸ਼ਕਤੀਮਾਨ ਮਸੀਹ ਹੈ ਜਿਹੜਾ ਦੇਹਧਾਰੀ ਪਰਮੇਸ਼ੁਰ ਦੇ ਰੂਪ ਵਿਚ ਅੱਜ ਵੀ ਜ਼ਿੰਦਗੀ ਦੇ ਸਾਡੇ ਤੂਫ਼ਾਨਾਂ ਨੂੰ ਥੰਮ੍ਹ ਸਕਦਾ ਹੈ; ਅਤੇ ਸਿਖਾਉਣ ਵਾਲਾ ਮਸੀਹ ਜਿਹੜਾ ਆਪਣੇ ਬਾਰੇ ਸਾਡੇ ਸਾਹਮਣੇ ਸਚਿਆਈ ਨੂੰ ਰੱਖਦਾ ਰਹੇਗਾ। ਉਹ ਆਪਣੇ ਮਨੁੱਖ ਹੋਣ ਨਾਲ ਸਾਨੂੰ ਸ਼ਾਂਤ ਕਰਦਾ ਹੈ, ਆਪਣੇ ਖ਼ੁਦਾ ਹੋਣ ਨਾਲ ਸਾਨੂੰ ਤਸੱਲੀ ਦਿੰਦਾ ਹੈ ਅਤੇ ਆਪਣੀ ਸਿੱਖਿਆ ਨਾਲ ਸਾਨੂੰ ਮਜਬੂਰ ਕਰਦਾ ਹੈ। ਸਾਡੇ ਅਸਲ ਮੁਕਤੀਦਾਤੇ ਦੇ ਰੂਪ ਵਿਚ ਭਾਵ ਉਸ ਇੱਕੋ ਇਕ ਦੇ ਰੂਪ ਵਿਚ ਜਿਹੜਾ ਸਾਨੂੰ ਹਮੇਸ਼ਾ ਦੀ ਜ਼ਿੰਦਗੀ ਤਕ ਲਿਜਾ ਸਕਦਾ ਹੈ, ਉਸ ਨੂੰ ਵਿਖਾਉਣ ਦੇ ਮਸੀਹ ਦੇ ਇਹ ਤਿੰਨੇ ਵਿਚਾਰ ਮਿਲ ਜਾਂਦੇ ਹਨ।

---

ਟਿਪਣੀਆਂ

[1]ਮਰਕੁਸ 4:35 ਵਿਖਾਉਂਦਾ ਹੈ ਕਿ ਇਹ ਉਪਦੇਸ਼ ਦਾ ਦਿਨ ਸੀ। [2]ਇਹ ਸਮਝਾਉਂਦੇ ਹੋਏ ਕਿ ਦ੍ਰਿਸ਼ਟਾਂਤਾਂ ਦੇ ਵਰਗੀਕਰਣ ਦੇ ਵੱਖੋ−ਵੱਖਰੇ ਤਰੀਕੇ ਹਨ, ਵੱਖੋ−ਵੱਖਰੇ ਵਿਦਵਾਨ ਯਿਸੂ ਨੂੰ ਦ੍ਰਿਸ਼ਟਾਂਤਾਂ 79, 71, 59, 39, 37, ਅਤੇ 33 ਗਿਣਦੇ ਹਨ (*ਹੇਸਟਿੰਗਜ਼ ਡਿਕਸ਼ਨਰੀ ਆਫ਼ ਕ੍ਰਾਈਸਟ ਐਂਡ ਦ ਗੌਸਪਲਜ਼,* ਸੰਪਾ. ਜੇਮਸ ਹੇਸਟਿੰਗਜ਼ [ਨਿਊ ਯਾਰਕ: ਚਾਰਲਸ ਸਕ੍ਰਿਬਨਰ'ਜ਼ ਸੰਜ਼, 1908], 313 ਵਿਚ ਡਬਲਯੂ. ਜੇ. ਮੌਲਟਨ, ''ਪੈਰੇਬਲ।'' )। [3]ਸਮਾਨਾਂਤਰ ਵਿਰਤਾਂਤ ਮੱਤੀ 13:1−9 ਅਤੇ ਲੂਕਾ 8:4−8 ਵਿਚ ਹਨ। ਇਸ ਉਪਦੇਸ਼ ਦੀ ਯਿਸੂ ਦੀ ਵਿਆਖਿਆ ਮਰਕੁਸ 4:13−20 ਵਿਚ ਦਿੱਤੀ ਗਈ ਹੈ। [4]ਵਾਲਟਰ ਬਾਉਰ, *ਏ ਗ੍ਰੀਕ−ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ ਤੀਜੀ, ਸੋਧ ਅਤੇ ਸੰਪਾ., ਫ੍ਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 759. [5]ਹੌਵਰਡ ਜ਼ੈੱਡ. ਕਲੇਵਲੈਂਡ ਦੇ ਅਨੁਸਾਰ ਪੁਰਾਣੇ ਨੇਮ ਵਿਚ ''ਦ੍ਰਿਸ਼ਟਾਂਤ'' (לשָׁמָ, *ਮਸਾਲ*) ਪੰਦਰਾਂ ਵਾਰ ਆਉਂਦਾ ਹੈ। ਲੂਕਾ 4:23 ਸਣੇ ਜਿੱਥੇ ਇਸ ਦਾ ਅਨੁਵਾਦ ''ਕਹਾਵਤ'' ਹੋਇਆ ਹੈ, ਨਵੇਂ ਨੇਮ ਵਿਚ ਪੈਰੇਬਲ ਚਾਲ਼ੀ ਤੋਂ ਜ਼ਿਆਦਾ ਵਾਰ ਮਿਲਦਾ ਹੈ। *ਪੈਰੋਇਮੀਆ* ਦੀ ਵਰਤੋਂ ਪੰਜ ਵਾਰ ਕੀਤੀ ਗਈ ਹੈ। ਯੂਹੰਨਾ ਦੀਆਂ ਲਿਖਤਾਂ ਵਿਚ *ਪੈਰੋਇਮੀਆ* ''ਗੁਰੂ, ਪ੍ਰਤੀਕਾਤਮਕ ਜਾਂ ਸੰਕੇਤਾਤਮਕ ਬਾਰੇ ਹੋ ਸਕਦਾ ਹੈ (ਯੂਹੰਨਾ 10:6; 16:29)'' (*ਦ ਜ਼ੌਂਡਰਵਨ ਪਿਕਟੋਰੀਅਲ ਬਾਈਬਲ ਡਿਕਸ਼ਨਰੀ,* ਸੰਪਾ ਮੈਰਿਲ ਸੀ. ਟੈਨੀ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਉਸ, 1963], 621 ਵਿਚ ਹੌਵਰਡ ਜ਼ੈੱਡ. ਕਲੇਵਲੈਂਡ ''ਪੈਰੇਬਲ'')। ਬਰਨਾਰਡ ਰੱਮ ਦੀ ਕਿਤਾਬ ''ਰੂਲਜ਼ ਆਫ਼ ਇੰਟਰਪ੍ਰਿਟੇਸ਼ਨ ਆਫ਼ ਪੈਰੇਬਲਜ਼'' ਵਿਚ ਇਹ ਤੱਥ ਸਨ: ਦ੍ਰਿਸ਼ਟਾਂਤ ਦੇ ਮੁੱਖ ਸਚਾਈ ਨੂੰ ਪਛਾਣਨਾ, ਇਹ ਤੈਅ ਕਰਨਾ ਕਿ ਪ੍ਰਭੂ ਨੇ ਖ਼ੁਦ ਉਸ ਦ੍ਰਿਸ਼ਟਾਂਤ ਦੀ ਕਿੰਨੀ ਵਿਆਖਿਆ ਕੀਤੀ ਹੈ, ਪ੍ਰਸੰਗ ਵਿਚ ਇਸ ਦੇ ਅਰਥ ਦਾ ਕਿਸੇ ਸੰਕੇਤ ਦਾ ਪਤਾ ਲੱਗਣਾ, ਵਧੇਰੇ ਵਿਸ਼ਲੇਸ਼ਣ ਤੋਂ ਬਚਣਾ, ਦ੍ਰਿਸ਼ਟਾਂਤ ਦੇ ਅਧਾਰ ਤੇ ਕੋਈ ਵੀ ਸਿੱਖਿਆ ਬਨਾਉਣ ਤੋਂ ਪਰਹੇਜ ਕਰਨਾ ਅਤੇ ਇਸ ਦੇ ਵੱਖ−ਵੱਖ ਵੇਰਵਿਆਂ ਨੂੰ ਸਮਝਣਾ (ਬਰਨਾਰਡ ਰੱਮ, ਪ੍ਰੋਟੈਸਟੈਂਟ ਬਿਬਲਿਕਲ ਇੰਟਰਪ੍ਰਿਟੇਸ਼ਨ [ਬੋਸਟਨ: ਡਬਲਯੂ. ਏ. ਵਿਲਡੇ ਕੰ., 1950], 179−83.) [6]ਬਾਉਰ, 779. [7]ਜੇਕਰ ਬੱਚੇ ਨੂੰ ''ਉਸ ਰਾਹ ਤੇ ਜਿਸ ਤੇ ਉਸ ਨੂੰ ਜਾਣਾ ਚਾਹੀਦਾ ਹੈ'' ਸਿੱਖਿਆ ਦੇਣ ਦਾ ਅਰਥ ਇਹ ਸੀ ਕਿ ਉਹ ਕਦੇ ਉਸ ਰਾਹ ਤੋਂ ਭਟਕ ਨਹੀਂ ਸਕਦਾ ਤਾਂ ਇਸ ਵਿਚ ਭਵਿੱਖ ਬਾਰੇ ਫ਼ੈਸਲਾ ਲੈਣ ਅਤੇ ਕੁਝ ਜਾਂ ਕਿਸੇ ਨੂੰ ਨਿੱਜੀ ਫ਼ੈਸਲੇ ਲੈਣ ਦੀ ਆਗਿਆ ਨਾ ਦੇਣ ਦਾ ਮਾਮਲਾ ਹੋਣਾ ਸੀ। ਇਸ ਦੀ ਬਜਾਇ ਬਾਈਬਲ ਵਿਚ ਦ੍ਰਿਸ਼ਟਾਂਤਾਂ ਅਤੇ ਕਹਾਵਤਾਂ ਦੀ ਆਮ ਸਚਾਈ ਦੀਆਂ ਸਿੱਖਿਆਵਾਂ ਹਨ। [8]ਦ੍ਰਿਸ਼ਟਾਂਤ ਅਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੀ ਵਿਆਖਿਆ ਲਈ ਵੇਖੋ ਮੱਤੀ 13. [9]ਜੇਰੋਮ ਤੋਂ ਬਾਅਦ, ਆਗਸਟਿਨ ਨੇ ਨੇਕ ਸਾਮਰੀ ਦੇ ਦ੍ਰਿਸ਼ਟਾਂਤ ਵਿਚ ਉਸ ਆਦਮੀ ਦੇ

ਆਦਮ ਵਿਚ ਜਾਣ ਅਤੇ ਹੋਰ ਵੀ ਬਹੁਤ ਸਾਰੀਆਂ ਸਮਾਨਤਾਵਾਂ ਕੱਢੀਆਂ। ਉਸ ਨੇ ਕਿਹਾ ਕਿ ਯਾਜਕ ਅਤੇ ਲੇਵੀ ਪੁਰਾਣੇ ਨੇਮ ਦੇ ਯਾਜਕਾਂ ਅਤੇ ਸੇਵਕਾਈ ਵਿਖਾਉਂਦੇ ਹਨ, ਸਾਮਰੀ ਮਸੀਹ ਨੂੰ, ਸਰਾਂ ਕਲੀਸੀਆ ਨੂੰ ਅਤੇ ਇੱਕੋ ਸਰਾਂ ਦਾ ਮਾਲਕ ਪੌਲੁਸ ਨੂੰ। (ਆਗਸਟਿਨ *ਕੁਅਸ਼ਚੰਜ਼ ਆਨ ਦ ਗੌਸਪਲ* 2.19) ਗਲਾਤੀਆਂ 4:24 ਵਿੱਚ, ਪੌਲੁਸ ਨੇ ਇਸ ਰੂਪਕ ਦੀ ਵਰਤੋਂ ਕੀਤੀ, ਜੋ ਕਿ ਨਵੇਂ ਨੇਮ ਵਿਚ ਸਾਹਿਤਕ ਤਕਨੀਕ ਦੀ ਇੱਕੋ ਇਕ ਵਰਤੋਂ ਹੈ। ''ਬਾਈਬਲ ਦੀ ਸਿੱਖਿਆ ਦੇ ਰੂਪਕ ਦੇਣ (ਇਸ ਨੂੰ ਰੂਹਾਨੀ ਸਚਿਆਈਆਂ ਵਿਚ ਅਸਲ ਪ੍ਰਸਤੁਤੀਆਂ ਤੋਂ ਵੱਖ ਕਰਨ ਲਈ) ਦੀ ਵਿਆਪਕ ਸਾਰਥਕਤਾ ਸੀ'' (ਕਲੇਵਲੈਂਡ 29)। ਓਰਿਗਨ (ਚੌਥੀ ਸਦੀ ਵਿੱਚ) ਨੇ ਬਾਈਬਲ ਦੇ ਉਨ੍ਹਾਂ ਵਚਨਾਂ ਵਿਚ ਜਿਹੜੇ ਸ਼ਾਇਦ ਇਸ ਤਰ੍ਹਾਂ ਨਹੀਂ ਵਰਤੇ ਜਾਣੇ ਸਨ, ਰੂਪਕ ਦੀ ਵਿਆਪਕ ਵਰਤੋਂ ਕੀਤੀ। [10]ਉਦਾਹਰਣ ਲਈ, ਵੇਖੋ ਲੂਕਾ 8:18; 14:35.

[11]ਸੈਲਸਸ ਦੂਜੀ ਸਦੀ ਦੇ ਅਖੀਰ ਦਾ ਇਕ ਲੇਖਕ ਸੀ ਜੋ ਆਮ ਤੌਰ ਤੇ ਨਵੇਂ ਨੇਮ ਦੇ ਹਵਾਲੇ ਦੇ ਦੇਕੇ ਮਸੀਹੀ ਧਰਮ ਤੇ ਹਮਲਾ ਕਰਦਾ ਸੀ। ਉਹ ਨੇ ਦੁਹਰਾਉਂਦਾ ਸੀ। ਸਾਨੂੰ ਉਸ ਬਾਰੇ ਮੁੱਖ ਜਾਣਕਾਰੀ *ਅਗੇਂਸਟ ਸੈਲਸਸ* ਵਿਚ ਤੇ ਮਸੀਹੀਆਂ ਤੇ ਉਸ ਦੇ ਹਮਲਿਆਂ ਬਾਰੇ ਓਰੀਗਨ ਦੇ ਜਵਾਬ ਤੋਂ ਮਿਲਦੀ ਹੈ। ਸੈਲਸਸ ਯਿਸੂ ਦੇ ਪਰਮੇਸ਼ੁਰ ਹੋਣ ਦਾ ਇਨਕਾਰ ਕਰਦਾ ਸੀ, ਅਤੇ ਉਸ ਦੇ ਦੇਹਧਾਰੀ ਹੋਣ, ਮੋਅਜਜ਼ਿਆਂ ਅਤੇ ਜੀ ਉੱਠਣ ਦੇ ਵਿਚਾਰ 'ਤੇ ਹਮਲਾ ਕਰਦਾ ਸੀ। [12]ਤੀਹ ਗੁਣਾ 3,000 ਫ਼ੀਸਦੀ, ਸੱਠ ਗੁਣਾ 6,000 ਫ਼ੀਸਦੀ, ਅਤੇ ''ਸੌ ਗੁਣਾ'' 10,000 ਫ਼ੀਸਦੀ ਬਣਦਾ ਹੈ। [13]ਵਿਲੀਅਮ ਹੈਂਡ੍ਰਿਕਸਨ, *ਐਕਸਪੋਜ਼ੀਸ਼ਨ ਆਫ਼ ਦ ਗੌਸਪਲ ਅਕਾਰਡਿੰਗ ਟੂ ਮਾਰਕ,* ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਉਸ, 1975), 155. [14]ਸਮਾਨਾਂਤਰ ਵਿਰਤਾਂਤ ਮੱਤੀ 13:10–17 ਅਤੇ ਲੂਕਾ 8:9, 10 ਵਿਚ ਹਨ। [15]ਹੈਂਡ੍ਰਿਕਸਨ, 152. [16]ਆਰ. ਸੀ. ਫ਼ੋਸਟਰ, *ਸਟੱਡੀਜ਼ ਇਨ ਦ ਲਾਈਫ਼ ਆਫ਼ ਕ੍ਰਾਈਸਟ* (ਗ੍ਰੈਂਡ ਰੈਪਿਡਸ, ਮਿਸ਼ਿਗਨ ਬੇਕਰ ਬੁਕ ਹਾਉਸ, 1971), 561. [17]ਸਮਾਨਾਂਤਰ ਵਿਰਤਾਂਤ ਮੱਤੀ 13:18–23 ਅਤੇ ਲੂਕਾ 8:11–15 ਵਿਚ ਹਨ। [18]ਜੇਕਰ ਕਿਸੇ ਨੂੰ ਪ੍ਰਭੂ ਦੀ ਮੌਜੂਦਗੀ ''ਲਗਦੀ'' ਹੈ, ਤਾਂ ਉਨ੍ਹਾਂ ਕੋਲ ਇਸ ਗੱਲ ਦਾ ਪੂਰਾ ਸਬੂਤ ਹੈ ਕਿ ਉਨ੍ਹਾਂ ਕੋਲ ''ਭਾਵਨਾ'' ਹੈ। ਹੋਰ ਕੁਝ ਨਹੀਂ! [19]''ਹੋਸੰਨਾ'' ਦਾ ਨਾਅਰਾ ਮਾਰਨ ਵਾਲੇ ਜ਼ਿਆਦਾਤਰ ਲੋਕ ਗਲੀਲ ਦੇ ਸਨ, ਜਿੱਥੋਂ ਦੇ ਯਿਸੂ ਦੇ ਬਹੁਤੇ ਚੇਲੇ ਸਨ। ਇਸ ਦੇ ਉਲਟ ਡੰਡ ਪਾ ਰਹੇ ਇਹ ਲੋਕ ਉਹ ਸਨ ਜਿਨ੍ਹਾਂ ਨੂੰ ਪ੍ਰਮੁੱਖ ਧਰਮ ਤੰਤਰ ਲੋਕਾਂ ਉੱਤੇ ਆਪਣਾ ਕਬਜ਼ਾ ਖੁੱਸ ਜਾਣ ਦੇ ਡਰ ਕਰਕੇ ਉਹਦੇ ਵਿਰੁੱਧ ਨਾਅਰੇ ਮਾਰਨ ਲਈ ਉਕਸਾਇਆ ਗਿਆ ਸੀ। ਜਿਹਦਾ ਮਤਲਬ ਹੈ ਕਿ ''ਉਸ ਨੂੰ ਸਲੀਬ ਦਿਓ!'' ਦੀ ਡੰਡ ਪਾਉਣ ਵਾਲਾ ਇਹੀ ਰਾਜਨੀਤਿਕ ਅਤੇ ਧਾਰਮਿਕ ਪੱਖਪਾਤੀ ਗੁੱਟ ਹੋਵੇਗਾ। [20]ਇਬਰਾਨੀਆਂ 12:5, 6 ਦਾ ਹਵਾਲਾ ਕਹਾਉਤਾਂ 3:11, 12 ਤੋਂ ਲਿਆ ਗਿਆ ਹੈ।

[21]ਠੋਕਰ ਦਾ ਪੱਥਰ (σκάνδαλον, *ਕੈਂਡਲੋਨ*) ''ਪਾਪ ਕਰਨ ਦੀ ਪਰੀਖਿਆ'' ਹੈ (ਬਾਉਰ, 926)। [22]ਓਸੇ ''ਖ਼ਮੀਰ'' ਦੇ ਰੂਪਕ ਦੀ ਵਰਤੋਂ ਮੱਤੀ 16:12; ਮਰਕੁਸ 8:15; 12:38; ਅਤੇ ਲੂਕਾ 12:1 ਵਿਚ ਹੈ। [23]ਸਮਾਨਾਂਤਰ ਵਿਰਤਾਂਤ ਲੂਕਾ 8:16–18 ਵਿਚ ਹੈ। ਬਹੁਤ ਸਾਰੇ ਲੋਕਾਂ ਨੂੰ ਲਗਦਾ ਹੈ ਕਿ ਮਰਕੁਸ 4:21–23 ਦੀ ਵਿਆਖਿਆ ਕਰਨਾ ਮੁਸ਼ਕਿਲ ਹੈ। ਇਸ ਦੇ ਉਲਟ, ਯਿਸੂ ਆਪਣੀ ਗੱਲ ਬਿਲਕੁਲ ਸਪੱਸ਼ਟ ਰੂਪ ਵਿਚ ਦੱਸ ਰਿਹਾ ਸੀ ਕਿ ਉਹ ਦ੍ਰਿਸ਼ਟਾਂਤ ਵਿਚ ਕਿਉਂ ਬੋਲਦਾ ਸੀ। [24]ਹੈਂਡ੍ਰਿਕਸਨ, 161. [25]ਫ਼ਰੀਸੀਆਂ ਦੇ ਕੰਮਾਂ ਉੱਤੇ ਹਮਲਾ ਕਰਨ ਵਾਲੀਆਂ ਅਜਿਹੀਆਂ ਆਇਤਾਂ ਮੱਤੀ 15:1–9 ਅਤੇ ਮਰਕੁਸ 7:5–13 ਵਿਚ ਮਿਲਦੀਆਂ ਹਨ। [26]ਅਟਲਾਂਟਾ ਦਾ ਚਾਰਲਸ ਸਟੈਨਲੀ ਆਮ ਤੌਰ 'ਤੇ ਟੀਵੀ ਤੇ ਆਪਣੀ ''ਰੌਸ਼ਨੀ'' ਮਿਲਣ ਦੀ ਗੱਲ ਕਰਦਾ ਹੈ; ਇਕ ਟੀਵੀ ਇੰਟਰਵਿਊ ਵਿਚ ਉਸ ਨੇ ਦਾਅਵਾ ਕੀਤਾ ਕਿ ਪਰਮੇਸ਼ੁਰ ਨੇ ਉਹਦੇ ਨਾਲ ਆਹਮੋ ਸਾਹਮਣੇ ਗੱਲ ਕੀਤੀ। [27]ਇਹ ਸਿਰਫ਼ ਉਨ੍ਹਾਂ ਲੋਕਾਂ ਦੇ ਦਿਮਾਗ ਦਾ ਸਿਰਫ਼ ਇਕ ਕਾਲਪਨਿਕ ਵਿਚਾਰ ਹੈ ਜੋ ਚਾਹੁੰਦੇ ਹਨ ਕਿ ਪਰਮੇਸ਼ੁਰ ਉਨ੍ਹਾਂ ਨਾਲ ਗੱਲ ਕਰੇ। [28]ਹੈਂਡ੍ਰਿਕਸਨ, 164. [29]ਐਲਨ ਬਲੈਕ, *ਮਰਕੁਸ,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1995), 93. [30]ਪ੍ਰੀ–ਮਿਲੇਨਿਅਲਿਸਟਸ, ਭਾਵ ਹਜ਼ਾਰ ਸਾਲਾ ਰਾਜ ਦੇ ਵਿਚਾਰ ਨੂੰ ਮੰਨਣ ਵਾਲੇ ਲੋਕ, ਰਾਜ ਦੇ ਟਾਲੇ

ਜਾਣ ਦੀ ਸਿੱਖਿਆ ਨੂੰ ਸੱਚ ਮੰਨਦੇ ਹਨ। ਪਰ ਬਾਈਬਲ ਵਿਚ ਕਿਤੇ ਵੀ ਇਹ ਵਿਚਾਰ ਨਹੀਂ ਮਿਲਦਾ।

[31]ਜੋਸੇਫ਼ਸ ਨੇ ਆਟੋਮੇਟੋਸ ਸ਼ਬਦ ਦੀ ਵਰਤੋਂ ਕੀਤੀ ਜਦੋਂ ਉਸ ਨੇ ਯਰੂਸ਼ਲਮ ਦੇ ਵਿਨਾਸ਼ ਤੋਂ ਥੋੜ੍ਹੀ ਦੇਰ ਪਹਿਲਾਂ ਲਿਖਿਆ (70 ਈਸਵੀ) ਹੈਕਲ ਦਾ ਫ਼ਾਟਕ ''ਰਾਤ ਦੇ ਛੇਵੇਂ ਘੰਟੇ ਦੇ ਲਗਭਗ ਆਪਣੇ ਆਪ ਖੁੱਲ੍ਹਾ ਵੇਖਿਆ ਗਿਆ'' (ਜੋਸੇਫ਼ਸ *ਵਾਰਜ਼* 6.5.3 [293])। [32]ਬਲੈਕ, 96. [33]ਜੇਮਸ ਬਰਟਨ ਕੌਫ਼ਮੈਨ, *ਕਮੈਂਟਰੀ ਆਨ ਮਾਰਕ* (ਆਸਟਿਨ, ਟੈਕਸਸ: ਫ਼ਰਮ ਫ਼ਾਉਂਡੇਸ਼ਨ ਪਬਲੀਸ਼ਿੰਗ ਹਾਉਸ, 1975), 84. [34] ਸਮਾਨਾਂਤਰ ਵਿਰਤਾਂਤ ਮੱਤੀ 13:31–34 ਅਤੇ 13:18, 19 ਵਿਚ ਹਨ। [35]ਹੈਰਲਡ ਐੱਨ. ਮੋਲਡੇਨਕੇ ਐਂਡ ਅਲਮਾ ਐੱਲ. ਮੋਲਡੇਨਕੇ, *ਪਲਾਂਟਸ ਆਫ਼ ਦ ਬਾਈਬਲ* (ਲੰਡਨ: ਕੇਂਗਨ ਪੌਲ, 2002), 55–56. [36]ਹੈਂਡ੍ਰਿਕਸਨ, 174 ਵਿਚ ਡੇਵਿਡ ਐਵਰੈਟ ਵਿਚ ਹਵਾਲਾ ਦਿੱਤਾ ਗਿਆ ਹੈ ''ਲਾਈਨਜ਼ ਰਿਟਨ ਫ਼ਾਰ ਏ ਸਕੂਲ ਡਿੱਕਲੇਮੇਸ਼ਨ।'' [37]ਬਲੈਕ, 97. [38] ਸਮਾਨਾਂਤਰ ਵਿਰਤਾਂਤ ਮੱਤੀ 8:18, 23–27 ਅਤੇ ਲੂਕਾ 8:22–25 ਵਿਚ ਹਨ। [39]ਹੈਂਡ੍ਰਿਕਸਨ, 174. [40]ਉੱਥੇ ਹੀ।

[41]ਜੌਨ ਬੀ. ਕਾਲਕਿਨ, *ਹਿਸਟੌਰੀਕਲ ਜੋਗਰਫ਼ੀ ਆਫ਼ ਬਾਈਬਲ ਲੈਂਡਜ਼* (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1904), 15, 50. [42]ਵਾਰੇਨ ਡਬਲਯੂ. ਵਿਅਰਸਬੇ, *ਦ ਵਿਅਰਸਬੇ ਬਾਈਬਲ ਕਮੈਂਟਰੀ: ਨਿਊ ਟੈਸਟਾਮੈਂਟ* (ਕੋਲੋਰਾਡੋ ਸਪ੍ਰਿੰਗਜ਼, ਕੋਲੋਰਾਡੋ: ਡੇਵਿਡ ਸੀ. ਕੁਕ, 2007), 124; ਬਲੈਕ 99. [43]ਯੂਨਾਨੀ ਸ਼ਬਦ (προσκεφάλαιον, *ਪ੍ਰੋਸਕੇਫੇਲੇਆਨ*) ਜਿਸਦਾ ਅਨੁਵਾਦ ''ਸਿੰਘਾਸਣ'' ਹੋਇਆ ਹੈ, ਦਾ ਮੂਲ ਅਰਥ ''ਸਿਰ੍ਹਾਣਾ'' ਹੈ। ਵਿਲੀਅਮ ਹੈਂਡ੍ਰਿਕਸਨ ਨੇ ਕਿਹਾ: ''ਇਹ 'ਸਿਰ੍ਹਾਣਾ' ਹੋ ਸਕਦਾ ਹੈ ਜੋ ਜਹਾਜ਼ ਵਿਚ ਹੋਵੇ, ਇਹ ਚਮੜੇ ਦਾ ਸਿਰ੍ਹਾਣਾ ਹੋ ਸਕਦਾ ਹੈ; ਜਾਂ ਲੱਕੜ (ਬੇੜੀ ਦਾ ਹਿੱਸਾ) ਵੀ ਹੋ ਸਕਦੀ ਹੈ, ਇਸ ਦੇ ਸਰੋਤ ਅਨੁਸਾਰ, ਸ਼ੁਰੂ ਵਿਚ ਜੋ ਵੀ ਸ਼ਬਦ ਵਰਤਿਆ ਜਾਂਦਾ ਹੋਵੇ ਉਸ ਦਾ ਅਸਲ ਅਰਥ ਇਹ ਹੈ ਕਿ ਅਰਾਮ ਕਰਨ ਲਈ 'ਸਿਰ ਰੱਖਣ' ਲਈ ਕੋਈ ਚੀਜ਼ ਸੀ; ਇਹੀ ਕਾਰਣ ਹੈ ਕਿ ਇਹ ਸਿਰ੍ਹਾਣਾ ਹੀ ਹੈ'' (ਹੈਂਡ੍ਰਿਕਸਨ, 177)। 1986 ਦੇ ਸੋਕੇ ਤੋਂ ਬਾਅਦ ਗਲੀਲ ਦੀ ਝੀਲ ਦੇ ਤਲ 'ਤੇ ਪਾਈ ਗਈ ਕਿਸ਼ਤੀ ਤੋਂ ਇਸ ਦੇ ਅਕਾਰ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਹ ਬਾਰਾਂ ਤੋਂ ਵੱਧ ਲੋਕਾਂ ਲਈ ਕਾਫ਼ੀ ਹੋਵੇਗੀ। (ਜੋਸੇਫ਼ਸ ਐੱਮ. ਹੋਲਡਨ ਐਂਡ ਨੌਰਮਨ ਗਿਸਲਰ, *ਦ ਪਾਪੁਲਰ ਹੈਂਡਬੁਕ ਆਫ਼ ਆਰਕਿਓਲੋਜੀ ਐਂਡ ਬਾਈਬਲ: ਡਿਸਕਵਰੀ ਦੈਟ ਕੰਫ਼ਰਮ ਦ ਰਿਲਾਅਬਿਲਿਟੀ ਆਫ਼ ਸਕ੍ਰਿਪਚਰ* [ਯੂਜੀਨ, ਓਰੀਗਨ: ਹਾਰਵੇਸਟ ਹਾਊਸ ਪਬਲੀਸ਼ਰਜ਼, 2013], 359.) [44]ਬਾਉਰ, 918. [45]ਜੋਸੇਫ਼ਸ *ਲਾਈਫ਼ ਆਫ਼ ਫ਼ਲੇਵੀਅਸ ਜੋਸੇਫ਼ਸ* 45 [235]।